
RNI 61816/95
INTERNATIONAL MAGAZINE
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
ਆਤਮ ਮਾਰਗ
20/-
Monthly Issue "Atam Marg"
ਜਨਵਰੀ (January) 2010

ਸਾਲ ਪੰਦਰਵਾਂ, ਮਹੀਨਾ ਜਨਵਰੀ 2010

ਫਾਉਂਡਰ ਚੇਅਰਮੈਨ
ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਚੇਅਰਪਰਸਨ
(ਸੰਤ ਮਾਤਾ ਬੀਜੀ) ਰਣਜੀਤ ਕੌਰ ਜੀ, ਰਤਵਾੜਾ ਸਾਹਿਬ

**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

Postal Address for Enquiry, Money Order, Cheque, Draft & correspondence : V.G.R.M Charitable Trust, Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901 Pb.India.

Exemption U/S 80-G upto 31.03.2012 vide L. No. CIT-II/CHD/80G/TECH/245/2008-09/823

Registration Under Foreign Contribution (Regulation) Act 1976 R.No. 115320023

ਆਤਮ ਮਾਰਗ ਮੈਗਜੀਨ ਨਾ ਮਿਲਣ ਤੇ ਅਤੇ ਮਹਾਂਪੁਰਖਾਂ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਮੰਗਵਾਉਣ ਲਈ ਸੰਪਰਕ ਨੰ.-

Head Office INDIA - (M) 94172-14391, 9417214379
0160-2255002, Fax - 2255009

U.S.A. - Baba Satnam Singh ji Atwal
Phone and Fax : 408-263-1844
Bhai Kuldeep Singh Sher Gill
Phone : 408-230-8319
Bibi Sukhvinder Kaur Bains - Phone : 403-270-3387
Canada - Bhai Sarmukh Singh Pannu
Phone - 604-433-0408
England - Bibi Gurbax Kaur /Jagtar Singh Jagi
Phone : 0121-200-2818
Fax : 0121-200-2879, Raj Mobile : 07968734058

For more information please visit us on internet at:-
Email : atammarg@glide.net.in
http:# www.ratwarasahib.org, http # www.ratwarasahibmedia.org

ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

## ਤਤਕਰਾ

1. ਸੰਪਾਦਕੀ 2
2. ਮਾਘਿ ਦੀ ਕਥਾ 3
3. ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ 18
4. ਬਿਜੈ ਸਿੰਘ 45
5. ਖਾਲਸਾ ਕੌਮ ਦਾ ਸ਼ਮਸ ਤਰੇਬਜ਼ ਭਾਈ ਜੈ ਸਿੰਘ ਜੀ ਖਲਕੱਟ ਸ਼ਹੀਦ 48
6. ਨਾਮ ਤੇ ਨਾਮ ਦਾ ਦਾਤਾ ਸਤਿਗੁਰੂ 53
7. ਬੇਬੇ ਨਾਨਕੀ ਜੀ 57
8. ਮਾਰਗ ਚੋਣ 59
9. ਸਿਹਤ ਰੱਖਿਆ ਗਿਆਨ 62

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | (For outstation cheques) |

**ਸੰਪਰਕ ਨੰ. ਰਤਵਾੜਾ ਸਾਹਿਬ**

| | |
|---|---|
| ਗੁ. ਰਤਵਾੜਾ ਸਾਹਿਬ | 0160-2255001 |
| ਗੁ. ਰਤਵਾੜਾ ਸਾਹਿਬ ਵਿਖੇ ਅਖੰਡਪਾਠ ਬੁਕਿੰਗ ਸਬੰਧੀ | -9417214386 |
| ਪਰਮ ਸਤਿਕਾਰ ਯੋਗ ਬੀਜੀ | 9417214381 |
| ਜਰਨਲ - 9417214384, ਬੀ ਐਡ ਕਾਲਜ - | 9417214382 |
| ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ | 9417214380 |
| ਆਡੀਓ ਵੀਡੀਓ ਲਾਇਬ੍ਰੇਰੀ | 9872814385, 9417214385 |
| ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ | 0160-2255003 |
| ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ | 0160-2255004 |

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ
ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ
ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.

# ਸੰਪਾਦਕੀ

ਨਵੇਂ ਸਾਲ ਜਨਵਰੀ ਮਹੀਨੇ ਦੀ ਆਤਮ ਮਾਰਗ ਪਤ੍ਰਿਕਾ ਪਿਆਰਾ ਰੂਹਾਨੀ ਸੰਦੇਸ਼ ਲੈ ਕੇ ਆਪ ਜੀ ਕੋਲ ਪਹੁੰਚ ਰਹੀ ਹੈ। ਗੁਰਬਾਣੀ ਚਾਨਣ ਅੰਦਰ ਇਸ ਮੈਗਜੀਨ ਦਾ ਹਰ ਅੱਖਰ ਰੂਹਾਨੀ ਸੇਧ ਪ੍ਰਦਾਨ ਕਰਨ ਵਾਲਾ ਹੈ। ਗੁਰਬਾਣੀ ਦਾ ਹਰ ਸ਼ਬਦ ਨਾਮ ਨਾਲ ਜੋੜਦਾ ਹੈ। ਨਾਮ ਬਾਣੀ ਦੇ ਪ੍ਰਚਾਰ ਵਾਸਤੇ ਇਸ ਰੂਹਾਨੀ ਸੰਸਥਾ ਵੱਲੋਂ ਆਤਮ ਮਾਰਗ ਮੈਗਜੀਨ ਹਿੰਦੀ ਅੰਗਰੇਜੀ ਅਤੇ ਪੰਜਾਬੀ ਵਿੱਚ ਛੱਪ ਕੇ ਗੁਰ-ਸ਼ਬਦ ਲੰਗਰ ਵਿੱਚ ਮਹਾਨ ਯੋਗਦਾਨ ਪਾ ਰਿਹਾ ਹੈ । ਹਰ ਸੰਪ੍ਰਦਾਇ ਦੇਸ਼ ਵਿਦੇਸ਼ ਜਾਤ ਪਾਤ ਤੋਂ ਉਪੱਰ ਉਠ ਕੇ ਕੇਵਲ ਅਦਵੈਤ ਸਿਧਾਂਤ ਦਾ ਪ੍ਰਚਾਰ ਪ੍ਰਸਾਰ ਇਸ ਮੈਗਜੀਨ ਵੱਲੋਂ ਹੋ ਰਿਹਾ ਹੈ। ਨਾਮ ਦੇ ਰਸਤੇ ਉਪੱਰ ਚੱਲਣ ਵਾਲੇ ਹਰ ਜਗਿਆਸੂ ਦੀ ਜਗਿਆਸਾ ਇਸ ਰੂਹਾਨੀ ਮੈਗਜੀਨ ਰਾਹੀਂ ਪੂਰੀ ਹੋ ਰਹੀ ਹੈ। ਸਤਿਪੁਰਸ਼ਾਂ ਦੀ ਸੰਗਤ ਸੋਭਤ ਸ਼ੋਹਰਤ ਨਾਲ ਜੀਵਨ ਵਿੱਚ ਰੂਹਾਨੀ ਇਨਕਲਾਬ ਆ ਜਾਂਦਾ ਹੈ। ਨਾਮ ਨਾਲ ਜੁੜ ਕੇ ਤਨ ਮਨ ਦੀ ਅਰੋਗਤਾ ਪ੍ਰਾਪਤ ਹੁੰਦੀ ਹੈ । ਇਸ ਦੀ ਪ੍ਰਤੱਖ ਮਸਾਲ ਮਹਾਂਪੁਰਸ਼ਾਂ ਦੀ ਮਹਾਨ ਕਰਮ ਭੂਮੀ ਗੁਰ ਅਸਥਾਨ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਹਰ ਚੜ੍ਹਦੀ ਪੂਰਨਮਾਸ਼ੀ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਸਮੇਂ ਵੇਖਣ ਨੂੰ ਮਿਲਦੀ ਹੈ। ਬਹੁਤ ਹੀ ਸ਼ਾਂਤ ਵਾਤਾਵਰਣ ਅੰਦਰ ਸੰਸਾਰਕ ਵਿਵਹਾਰਕ ਰੌਲਿਆਂ ਤੋਂ ਦੂਰ ਇਕਾਂਤ ਅਸਥਾਨ ਪਹਾੜਾਂ ਦੇ ਨੇੜੇ ਗੁਰਦੁਆਰਾ ਰਤਵਾੜਾ ਸਾਹਿਬ ਹੈ । ਇਸ ਪਵਿੱਤਰ ਪਾਵਨ ਅਸਥਾਨ ਤੇ ਨਾਮ ਜਪਣ ਵਾਲੀਆਂ ਸਾਰੀਆਂ ਸੁਖ ਸਹੂਲਤਾਂ ਮੌਜੂਦ ਹਨ । ਬੱਚਿਆਂ ਨੂੰ ਸ਼ੁਭ ਚੰਗੇ ਸੰਸਕਾਰਾਂ ਦੇ ਨਾਲ ਦੁਨਿਆਵੀ ਅੰਤਰਾਸ਼ਟਰੀ ਪੱਧਰ ਦੀ ਵਿਦਿਆ ਪ੍ਰਦਾਨ ਕਰਨ ਵਾਸਤੇ ਸਕੂਲ ਕਾਲਜ ਗੁਰਦੁਆਰਾ ਸਾਹਿਬ ਦੇ ਕੰਪਲੈਕਸ ਅੰਦਰ ਸਥਿਤ ਹਨ। ਬਜੁਰਗਾਂ ਦੀ ਸੇਵਾ ਸੰਭਾਲ ਵਾਸਤੇ ਸਰਬਸੁਖ ਸਹੂਲਤਾਂ ਭਰਪੂਰ ਵਿਸ਼ਾਲ ਬਿਰਧ ਆਸ਼ਰਮ ਦੀ ਕਾਰਸੇਵਾ ਸੰਪੂਰਨ ਹੋਣ ਜਾ ਰਹੀ ਹੈ। ਸਿਆਣੇ ਮਾਪੇ ਆਪਣੇ ਬੱਚਿਆਂ ਦੇ ਉਜਵਲ ਭਵਿੱਖ ਅਤੇ ਰੂਹਾਨੀਅਤ ਨਾਲ ਜੋੜਨ ਵਾਸਤੇ ਬੱਚਿਆਂ ਨੂੰ ਰਤਵਾੜਾ ਸਾਹਿਬ ਵਿਦਿਅਕ ਅਦਾਰਿਆਂ ਅੰਦਰ ਭੇਜ ਰਹੇ ਹਨ। ਰੂਹਾਨੀ ਵਾਤਾਵਰਣ ਵਿੱਚ ਵਿਦਿਆ ਪ੍ਰਾਪਤ ਕਰਦੇ ਹੋਏ ਬੱਚੇ 100% ਨਤੀਜਿਆਂ ਦੇ ਨਾਲ ਚੰਗੇ ਨੰਬਰਾਂ ਵਿੱਚ ਪਾਸ ਹੋ ਰਹੇ ਹਨ । ਵਿਦਿਅਕ ਅਦਾਰਿਆਂ ਵਿੱਚ ਵਿਰਾਸਤ ਸੰਭਾਲਣ ਵਾਸਤੇ ਸਰੋਵਰ ਇਸ਼ਨਾਨ ਅਤੇ ਘੋੜ ਸਵਾਰੀ ਆਦਿ ਸਹੂਲਤਾਂ ਦਾ ਪੂਰਾ ਪੂਰਾ ਪ੍ਰਬੰਧ ਹੈ। ਸਕੂਲ ਕਾਲਜਾਂ ਦੀਆਂ ਲਾਇਬਰੇਰੀਆਂ ਵਿੱਚ ਗਿਆਨ ਵਧਾਓ ਉਚੇ ਪੱਧਰ ਦੀਆਂ ਪੁਸਤਕਾਂ ਪੜ੍ਹਨ ਦਾ ਪ੍ਰਬੰਧ ਕੀਤਾ ਗਿਆ ਹੈ । ਖੇਡਾਂ ਦੀ ਸਹੂਲਤ ਵਾਸਤੇ ਚੰਗੇ ਖੇਡ ਮੈਦਾਨ ਗੁਰਦੁਆਰਾ ਸਾਹਿਬ ਦੇ ਕੰਪਲੈਕਸ ਅੰਦਰ ਹਨ।

ਪੁਰਾਤਨ ਅਯੁਰਵੇਦ ਅਨੁਸਾਰ ਜੜ੍ਹੀ ਬੂਟੀਆਂ ਦੀ ਚਕਿਤਸਾ ਦੁਆਰਾ ਹਰ ਪੂਰਨਮਾਸ਼ੀ ਦੀ ਰਾਤ ਨੂੰ ਮਰੀਜਾਂ ਵਾਸਤੇ ਦਵਾਈਆਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਵੈਦ ਅਚਾਰੀਆ ਸਿੱਧ ਪੁਰਸ਼ ਅਤੇ ਆਧੁਨਿਕ ਵਿਦਿਆ ਪ੍ਰਾਪਤ ਡਾਕਟਰ ਆਪਣੀਆਂ ਸੇਵਾਵਾਂ ਟਰਸਟ ਰਤਵਾੜਾ ਸਾਹਿਬ ਨੂੰ ਸਮਰਪਿਤ ਕਰ ਰਹੇ ਹਨ। ਚੰਦਰਮਾਂ ਦੀਆ ਸ਼ਾਂਤ ਠੰਡੀਆਂ ਰਿਸ਼ਮਾਂ ਅੰਦਰ ਹਰ ਪੂਰਨਮਾਸ਼ੀ ਦੀ ਰਾਤ ਨੂੰ ਰੁੱਤ ਅਨੁਸਾਰ ਜੜ੍ਹੀਆਂ ਬੂਟੀਆਂ ਪਾ ਕੇ ਵੈਦ ਅਚਾਰੀਆ ਸਿੱਧ ਪੁਰਸ਼ ਮੇਘ ਨਾਥ ਆਪਣੀ ਦੇਖ ਰੇਖ ਅਦਭੁੱਤ ਦਰਗਾਹੀ ਪ੍ਰਸ਼ਾਦ ਖੀਰ ਤਿਆਰ ਕਰਵਾਉਂਦੇ ਹਨ । ਰੈਣ ਸਬਾਈ ਕੀਰਤਨ ਉਪਰੰਤ ਰਾਤ ਦੇ 1.00 ਵਜੇ ਦਰਗਾਹੀ ਪ੍ਰਸ਼ਾਦ ਖੀਰ ਦਾ ਵਰਤਾਇਆ ਜਾਂਦਾ ਹੈ। ਇਸ ਪ੍ਰਸ਼ਾਦ ਦੇ ਸ਼ਕਣ ਨਾਲ ਆਉਣ ਵਾਲੀ ਰੁੱਤ ਦੀਆਂ ਬਿਮਾਰੀਆਂ ਤੋਂ ਸਰੀਰ ਦਾ ਬਚਾਅ ਰਹਿੰਦਾ ਹੈ। ਰੂਹਾਨੀ ਸਤਿਸੰਗ ਵਿੱਚ ਹਾਜਰੀ ਭਰ ਕੇ ਮਾਨਿਸਿਕ ਰੋਗ ਦੂਰ ਹੋ ਜਾਂਦੇ ਹਨ। ਸਰੀਰ ਨੂੰ ਬਿਮਾਰੀ ਲੱਗਣ ਤੋਂ ਪਹਿਲਾਂ ਮਨ ਬਿਮਾਰ ਹੁੰਦਾ ਹੈ। ਗੁਰਦੁਆਰਾ ਸਾਹਿਬ ਸਰੋਵਰ ਵਿੱਚ ਇਸ਼ਨਾਨ ਕਰਨ ਉਪਰੰਤ ਨਾਮ ਬਾਣੀ ਨਾਲ ਜੁੜ ਕੇ ਲਾ ਇਲਾਜ ਬਿਮਾਰੀਆਂ ਦੂਰ ਹੋ ਰਹੀਆਂ ਹਨ। ਇਸ ਲਈ ਜਦੋਂ ਵੀ ਸਮਾਂ ਬਣੇ ਆਪ ਪਰਿਵਾਰਾਂ ਸਮੇਤ ਜਰੂਰ ਹੀ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

ਗੁਰਸ਼ਬਦ ਲੰਗਰ ਵਿੱਚ ਇਸ ਰੂਹਾਨੀ ਮਿਸ਼ਨ ਦੇ ਬਾਨੀ ਮਹਾਂਪੁਰਸ਼ਾਂ ਨੇ ਆਪਣਾ ਸਾਰਾ ਤਨ ਮਨ ਧਨ ਲਾ ਕੇ ਬਹੁਤ ਵੱਡਾ ਮਹਾਨ ਯੋਗਦਾਨ ਗੁਰ-ਸ਼ਬਦ ਲੰਗਰ ਵਿੱਚ ਪਾਇਆ ਹੈ। ਉਨ੍ਹਾਂ ਦੇ ਸਰੀਰਕ ਵਿਛੋੜੇ ਤੋਂ ਬਾਅਦ ਪਰਮ ਪੂਜਯ ਸਤਿਕਾਰਯੋਗ ਬੀਜੀ ਦੇ ਅਸ਼ੀਰਵਾਦ ਨਾਲ ਬਹੁਤ ਸਾਰੀਆਂ ਸੰਗਤਾਂ ਤਨ ਮਨ ਧਨ ਕਰਕੇ ਇਸ ਰੂਹਾਨੀ ਮਿਸ਼ਨ ਦੀ ਮਹਾਨ ਸੇਵਾ ਹੋ ਰਹੀ ਹੈ। ਗੁਰੂ ਪਿਆਰ ਵਿੱਚ ਪ੍ਰੇਮੀ ਗੁਰਸ਼ਬਦ ਦੀ ਸ਼ਾਂਝ ਵਧਾਉਂਦੇ ਹੋਏ ਗੁਰਬਾਣੀ ਸਿਧਾਂਤ ਦਾ ਪ੍ਰਚਾਰ ਪ੍ਰਸਾਰ ਦੇਸ਼ਾਂ ਵਿਦੇਸ਼ਾਂ ਵਿੱਚ ਕਰ ਰਹੇ ਹਨ। ਸਾਰੇ ਪਾਠਕ ਜਨ ਆਤਮ ਮਾਰਗ ਨੂੰ ਹੋਰ ਵਧਾਉਣ ਦਾ ਉਪਰਾਲਾ ਕਰਨ ਤਾਂ ਜੋ ਗੁਰਪੀਰਾਂ ਮਹਾਂਪੁਰਸ਼ਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੇ ਭਾਗੀਦਾਰ ਬਣ ਸਕੀਏ।

**Note** :- Please all chq/Draft for Indian/Foreign subscription of Membership's and any donations send in favour of **"Vishav Gurmat Roohani Mission Charitable Trust".**

**We will be thankful to your contribution.**

# ਮਾਘ ਮਹੀਨੇ ਦੀ ਕਥਾ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*ਮਾਘਿ ਮਜਨੁ ਸੰਗਿ ਸਾਧੂਆ*
*ਧੂੜੀ ਕਰਿ ਇਸਨਾਨੁ ॥*
*ਹਰਿ ਕਾ ਨਾਮੁ ਧਿਆਇ ਸੁਣਿ*
*ਸਭਨਾ ਨੋ ਕਰਿ ਦਾਨੁ ॥*
*ਜਨਮ ਕਰਮ ਮਲੁ ਉਤਰੈ*
*ਮਨ ਤੇ ਜਾਇ ਭਾਭੀ ਗੁਮਾਨੁ ॥*
*ਕਾਮਿ ਕਰੋਧਿ ਨ ਮੋਹਿਐ ਬਿਨਸੈ ਲੋਭੁ ਸੁਆਨੁ ॥*
*ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥*
*ਅਠਸਠਿ ਤੀਰਥ ਸਗਲ ਪੁੰਨ*
*ਜੀਅ ਦਇਆ ਪਰਵਾਨੁ ॥*
*ਜਿਸ ਨੋ ਦੇਵੈ ਦਇਆ ਕਰਿ*
*ਸੋਈ ਪੁਰਖੁ ਸੁਜਾਨੁ ॥*
*ਜਿਨਾ ਮਿਲਿਆ ਪ੍ਰਭੁ ਆਪਣਾ*
*ਨਾਨਕ ਤਿਨ ਕੁਰਬਾਨੁ ॥ ਮਾਘਿ ਸੁਚੇ ਸੇ*
*ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥ ੧੨ ॥*
*ਅੰਗ - ੧੩੫*

ਮਾਘ ਦੀ ਸੰਗਰਾਂਦ ਭਾਰਤ ਵਰਸ਼ ਵਿੱਚ ਆਪਣਾ ਵਿਸ਼ੇਸ਼ ਅਸਥਾਨ ਰਖਦੀ ਹੈ। ਇਹ ਕੋਈ ਐਵੇਂ ਚੀਜ਼ ਨਹੀਂ scienctific ਚੀਜ਼ ਹੈ, ਜਿੰਨਾ ਰਸ ਬਨਸਪਤੀ ਦਾ ਸੁੱਕਣਾ ਸੀ ਉਹ ਸੁੱਕ ਚੁਕਿਆ ਹੈ, ਅੱਜ ਸੂਰਜ ਦਾ ਜੋ ਰਥ ਹੈ, ਉਹਦੀ ਚਾਲ ਹੈ, ਧਰਤੀ ਦਾ ਜੋ ਝੁਕਾਓ ਹੈ ਉਹ ਕੁਝ ਡਿਗਰੀਆ ਬਦਲਿਆ ਹੈ; ਬਦਲਣ ਦੇ ਨਾਲ ਸਾਰੀ ਬਨਸਪਤੀ 'ਤੇ ਪੈਂਦਾ ਹੈ, ਪਸ਼ੂਆਂ 'ਤੇ ਪੈਂਦਾ ਹੈ, ਪੰਛੀਆਂ 'ਤੇ ਪੈਂਦਾ ਹੈ, ਸਾਡੇ ਉੱਤੇ ਪੈਂਦਾ ਹੈ, ਆਹ ਦੋ ਮਹੀਨਿਆਂ ਜਿਨ੍ਹਾਂ ਨੂੰ ਬਸੰਤ ਕਹਿੰਦੇ ਨੇ, ਪ੍ਰਤਿਆ ਕੇ ਦੇਖਿਓ ਜਿਹੜੇ ਸੁਰਤ ਨੂੰ ਦੇਖਣ ਵਾਲੇ ਬੰਦੇ ਨੇ, ਇਹਦੇ ਵਿੱਚ ਕੁਦਰਤੀ ਚਿੱਤ ਦੇ ਅੰਦਰ ਕੋਈ ਖੁਸ਼ੀ ਆਪਣੇ ਆਪ ਉਠਦੀ ਹੈ, ਜਿਹਦਾ ਤਾਂ ਮਨ ਜਲ ਗਿਆ ਫਿਕਰਾਂ ਦੇ ਨਾਲ, ਉਹਨੂੰ ਤਾਂ ਛੱਡ ਦਿਓ ਪਰ ਉਹਦੇ ਅੰਦਰ ਵੀ ਉੱਠਦੀ ਹੈ। ਮੱਲੋ-ਮੱਲੀ ਜੀਅ ਕਰਦਾ ਹੈ ਖੁਸ਼ੀਆਂ ਹੋਣ, ਤੁਰੀਏ ਫਿਰੀਏ, ਪਿਆਰ ਨੂੰ ਜੀਅ ਕਰਦਾ ਹੈ, ਗੁਰੂ ਪਿਆਰਾ ਲਗਦਾ ਹੈ, ਸਤਿਸੰਗ ਪਿਆਰੀ ਲਗਦੀ ਹੈ; ਉਹ ਜਿਹੜਾ ਜਲਣਪੁਣਾ ਸੀ ਉਹ ਖਤਮ ਹੋ ਗਿਆ। ਬਦਲ ਗਈ ਰੁੱਤ। ਇਹਦੇ ਨਾਲ ਪਿਛਲੇ ਜੋ ਸ਼ਾਸਤਰ ਨੇ ਉਹ ਇਹ ਦਸਦੇ ਨੇ ਕਿ ਹੁਣ ਦਾ ਬੀਜਿਆ ਹੋਇਆ, ਭਜਨ ਕੀਤਾ ਹੋਇਆ, ਇਸ ਮਹੀਨੇ ਦਾ, ਉਸਦੀ ਬਹੁਤ ਵੱਡੀ ਮਹੱਤਤਾ ਤੇ ਫਲ ਬਹੁਤ ਵੱਡਾ ਹੋਇਆ ਕਰਦਾ ਹੈ। ਸੋ ਇਸ ਕਰਕੇ ਭਾਰਤ ਵਰਸ਼ ਵਿੱਚ ਜਦੋਂ ਪਾਣੀ ਦਾ ਬੰਦੋਬਸਤ ਘਰਾਂ 'ਚ ਨਹੀਂ ਹੋਇਆ ਕਰਦਾ ਸੀ, ਉਸ ਵੇਲੇ ਦੂਰ-ਦਰਾਜ਼ ਤਲਾਬਾਂ 'ਚ, ਸਰੋਵਰਾਂ 'ਤੇ, ਨਦੀਆਂ 'ਤੇ, ਨਾਲਿਆ 'ਤੇ, ਇਸ਼ਨਾਨ ਕਰਨ ਜਾਇਆ ਕਰਦੇ ਸੀ। ਬਹੁਤ ਸਾਰੇ ਪ੍ਰੇਮੀ ਇਸ਼ਨਾਨ ਕਰਦੇ, ਇਸ਼ਨਾਨ ਦਾ ਫਲ ਆਪਣਾ ਹੋਇਆ ਕਰਦਾ ਹੈ। ਸੋ ਆਦਮੀ ਦੇ ਅੰਦਰ ਕੁਛ ਪਰਿਵਰਤਨ ਹੁੰਦਾ ਹੈ, ਨਾਮ ਜਪਣ ਨੂੰ ਜੀਅ ਕਰਦਾ ਹੈ, ਪ੍ਰਮੇਸ਼ਰ ਪਿਆਰਾ ਲਗਦਾ ਹੈ, ਗੁਰੂ ਪਿਆਰਾ ਲਗਦਾ ਹੈ। ਉਹ ਜਿਹੜਾ ਅੰਦਰਲੇ ਪਾਸੇ ਬੁਝਿਆ ਹੋਇਆ ਸੀ ਉਹ ਮੁੜ ਕੇ ਰੋਸ਼ਨੀ ਦੇ ਵਿੱਚ ਆਉਣ ਨੂੰ ਤਿਆਰ ਹੋ ਰਿਹਾ ਹੈ। ਸੋ ਇਹ ਜੋ ਮਹੀਨਾ ਹੈ ਇਸਨੂੰ ਸਾਰਿਆਂ ਨੂੰ ਹੀ ਮਹੱਤਤਾ ਦਿੱਤੀ ਹੈ, ਪਰ ਗੁਰੂ ਮਹਾਰਾਜ ਨੇ ਸਾਨੂੰ ਗਾਈਡ ਕਰਿਆ ਹੈ, ਉਹ ਕਹਿੰਦੇ ਪਿਆਰਿਓ! ਤੁਹਾਨੂੰ ਬਹੁਤ ਵੱਡੀ ਗੱਲ ਅਸੀਂ ਦਸਦੇ ਹਾਂ। ਦਰਿਆਵਾਂ 'ਤੇ ਨਾਹੁੰਣ ਇਸ਼ਨਾਨ ਦਾ ਫਲ ਸਪੈਸ਼ਲ ਹੋਇਆ ਕਰਦਾ ਹੈ।

ਇੱਕ ਵਾਰੀ ਗੁਰੂ ਨਾਨਕ ਪਾਤਸ਼ਾਹ ਨੂੰ ਗੁਰੂ ਅੰਗਦ ਸਾਹਿਬ ਨੇ ਪੁੱਛਿਆ ਕਿ ਭਾਰਤ ਵਰਸ਼ ਦੇ ਅੰਦਰ ਇਸ਼ਨਾਨ ਨੂੰ ਖਾਸ ਮਹੱਤਤਾ ਦਿੱਤੀ ਗਈ ਹੈ, ਕੀ ਇਹਦਾ ਹੋਈ ਪੁੰਨ ਵੀ ਹੁੰਦਾ ਹੈ, ਜੇ ਹੁੰਦਾ ਹੈ ਤਾਂ ਕ੍ਰਿਪਾ ਕਰਕੇ ਖੋਲ੍ਹ ਕੇ ਮੈਨੂੰ ਦੱਸੋ।

ਗੁਰੂ ਮਹਾਰਾਜ ਕਹਿਣ ਲੱਗੇ ਕਿ ਪੁਰਖਾ! ਤੂੰ ਭਲੀ ਗੱਲ ਪੁੱਛੀ। ਵਿਧੀ ਪੂਰਵਕ ਇਸ਼ਨਾਨ ਕਰਨਾ, ਪਹਿਰ ਰਾਤ ਦੇ ਉਠ ਕੇ ਜਿਹੜਾ ਇਸ਼ਨਾਨ ਕਰਦਾ ਹੈ, ਉਹਨੂੰ ਐਨਾ ਪੁੰਨ ਸੁਤੇ ਹੀ ਮਿਲ ਜਾਂਦਾ ਹੈ, ਇਸ਼ਨਾਨ ਦਾ; ਜਿੰਨਾਂ ਸਵਾ ਮਣ ਸੋਨਾ ਪੁੰਨ ਕਰਨ ਦਾ। ਰਾਜਾ ਕਰਣ ਸਵਾ ਮਣ ਸੋਨਾ ਦਾਨ ਕਰਿਆ ਕਰਦਾ ਸੀ। ਅੱਜ ਤੱਕ ਉਹ ਦਾਨੀਆਂ ਦੇ ਵਿੱਚ ਹੈ। ਪਰ ਜੇ ਕੇਵਲ ਪਹਿਰ ਰਾਤ ਰਹਿੰਦੀ ਇਸ਼ਨਾਨ ਕਰੇ ਤਾਂ ਐਨਾ ਵੱਡਾ ਪੁੰਨ ਉਸ ਨੂੰ ਪ੍ਰਾਪਤ ਹੋ ਜਾਂਦਾ ਹੈ, ਦੋ ਘੜੀ ਬਾਅਦ, ਪੰਜਾਹ ਮਿੰਟ ਬਾਅਦ ਜਿਹੜਾ ਇਸ਼ਨਾਨ ਕਰਦਾ ਹੈ ਉਹਨੂੰ ਸਵਾ ਮਣ ਚਾਂਦੀ ਦਾ, ਉਸ ਤੋਂ ਦੋ ਘੜੀਆਂ ਬਾਅਦ ਜਿਹੜਾ ਇਸ਼ਨਾਨ ਕਰਦਾ ਹੈ, ਉਹਨੂੰ ਸਵਾ ਮਣ ਤਾਂਬੇ ਦਾ ਪੁੰਨ; ਉਸ ਤੋਂ ਬਾਅਦ ਜਿਹੜਾ ਇਸ਼ਨਾਨ ਕਰਦਾ ਹੈ ਉਹਨੂੰ ਸਵਾ ਮਣ ਦੁੱਧ ਦਾ ਜਾਂ ਅੰਨ ਦਾ ਦਾਨ ਕਰਨ ਦਾ ਪੁੰਨ ਪ੍ਰਾਪਤ ਹੋ ਜਾਂਦਾ ਹੈ, ਕੇਵਲ ਇਸ਼ਨਾਨ ਕਰਨ ਨਾਲ। ਸੋ ਮਹੀਨਿਆਂ ਦੇ ਹਿਸਾਬ ਨਾਲ ਇਸ਼ਨਾਨ ਕਰਦੇ ਨੇ, ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਦੇ ਨੇ। ਗੁਰੂ ਮਹਾਰਾਜ ਸਾਨੂੰ ਕੁਛ ਹੋਰ ਤਰ੍ਹਾਂ ਨਾਲ ਸੋਝੀ ਦਿੰਦੇ ਨੇ ਜਿਹੜੀ ਸਾਨੂੰ ਨਹੀਂ ਪਤਾ, ਜਿਹਦੇ ਨਾਲ ਅਸੀਂ ਸੱਚਮੁੱਚ ਪਵਿੱਤਰ ਹੋ ਜਾਂਦੇ ਹਾਂ। ਤੀਰਥ 'ਤੇ ਇਸ਼ਨਾਨ ਕਰਨ ਦੇ ਨਾਲ ਸਿਰਫ ਇੱਕ ਪਾਪ ਲਹਿਆ ਕਰਦਾ ਹੈ, ਤੀਰਥ ਕਰਨ ਦੇ ਨਾਲ ਸਿਰਫ ਇੱਕ ਫਲ ਮਿਲਿਆ ਕਰਦਾ ਹੈ ਲੇਕਿਨ ਜਿਹੜਾ ਤਰੀਕਾ ਗੁਰੂ ਮਹਾਰਾਜ ਦਸਦੇ ਨੇ ਉਹਦੇ ਨਾਲ ਐਨਾ ਫਲ ਮਿਲਦਾ ਹੈ ਕਿ ਆਦਮੀ ਯਕੀਨ ਹੀ ਨਹੀਂ ਕਰਦਾ ਕਿ ਐਨਾ ਵੀ ਮਿਲ ਜਾਂਦਾ ਹੈ? ਆਦਮੀ ਮੈਲਾ ਹੋ ਚੁੱਕਿਆ ਹੈ। ਸਭ ਤੋਂ ਵੱਡੀ ਮੈਲ ਇਹਦੇ ਵਿੱਚ ਹਉਮੈ ਦੀ ਹੈ, ਇਹਦੇ ਅੰਦਰ ਜਿਹੜੀ ਇਹ ਭਾਵਨਾ ਹੈ ਕਿ ਮੈਂ ਹਾਂ; ਇਹ ਦ੍ਰਿੜ੍ਹ ਭਾਵਨਾ ਹੈ ਸਾਰੀ ਦੁਨੀਆਂ ਦੇ ਅੰਦਰ, ਸਭ ਬੰਦਿਆਂ ਦੇ ਅੰਦਰ ਕਿ ਮੈਂ ਹਾਂ। ਉਹ ਮੈਂ ਦੀ ਜਿਹੜੀ ਭਾਵਨਾ ਹੈ ਉਹਦੇ ਨਾਲ ਮੈਲਾ ਹੋਇਆ, ਹੋਇਆ ਹੈ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ*
*ਜੇ ਸਉ ਧੋਵਣਿ ਪਾਹੁ ॥ ਅੰਗ - ੬੫੧*

ਉਹ ਮੈਲ ਕਿਸੇ ਤਰੀਕੇ ਨਾਲ ਨਹੀਂ ਲਹਿੰਦੀ, ਤੀਰਥ ਨਾਤਿਆਂ 'ਤੇ ਹੋਰ ਲਗ ਜਾਂਦੀ ਹੈ, ਲਹਿੰਦੀ ਨਹੀਂ ਹੈ। ਜਦ ਤਕ ਉਹ ਮੈਲ ਨਹੀਂ ਲਹਿੰਦੀ, ਓਨੀਂ ਦੇਰ ਤਕ ਸਾਡਾ ਜਿਹੜਾ ਜੀਵ ਆਤਮਾ ਹੈ, ਇਹਨੂੰ ਕੋਈ ਥਾਂ ਨਹੀਂ ਮਿਲਦੀ। ਕਰਦਾ ਕੀ ਹੈ ਫੇਰ? ਮਹਾਰਾਜ ਐਸਾ ਫੁਰਮਾਨ ਕਰਦੇ ਨੇ -

*ਧਾਰਨਾ - ਜੰਮਦਾ ਤੇ ਮਰਦਾ ਹੈ*
*ਹਉਮੈ ਦਾ ਬੰਨ੍ਹਿਆ ਹੋਇਆ।*
*ਹਉਮੈ ਏਹਾ ਜਾਤਿ ਹੈ*
*ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ*
*ਫਿਰਿ ਫਿਰਿ ਜੋਨੀ ਪਾਹਿ ॥ ਅੰਗ - ੪੬੬*
*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥*
*ਅੰਗ - ੧੭੬*

ਆਹ ਕੰਮ ਇਸ ਜੀਵ ਆਤਮਾ ਦੇ ਗਲ ਪਿਆ ਰਹਿੰਦਾ ਹੈ, ਕਿਉਂਕਿ ਹਉਮੈ ਨੇ ਬੰਨ੍ਹ ਲਿਆ। ਹਉਮੈ ਦੀ ਮੈਲ ਐਨੀ ਗਾੜ੍ਹੀ ਹੈ, ਐਨੀਆਂ ਸੰਘਣੀਆਂ ਤਹਿਾਂ ਨੇ ਕਿ ਨਾਲ ਹੀ ਰੱਬ ਰਹਿੰਦਾ ਹੈ, ਕੋਲ ਹੀ, ਨਾਲ ਰਹਿੰਦਾ ਪ੍ਰਮੇਸ਼ਰ ਨਹੀਂ ਦਿਸਦਾ। ਕਹਿੰਦੇ ਪ੍ਰਮੇਸ਼ਰ ਦਾ ਜੋ ਪ੍ਰਕਾਸ਼ ਹੈ ਉਹਦਾ ਕੋਈ ਅੰਤ ਨਹੀਂ ਹੈ। ਕੋਈ voltage ਨਹੀਂ ਹੈ ਕਿ ਐਨੀ ਕੁ ਹੈ ਜੀ। ਕਰੋੜਾਂ ਸੂਰਜ ਕਹਿੰਦੇ ਦੇਈਏ ਫੇਰ ਵੀ ਗਲਤ ਹੈ। ਲੇਕਿਨ ਐਨੇ ਪ੍ਰਕਾਸ਼ ਨੂੰ ਜੇ ਢਕਣ ਵਾਲੀ ਕੋਈ ਚੀਜ਼ ਹੈ, ਤਾਂ ਹਉਮੈ ਹੈ, ਐਨੀ ਉਹਦੇ ਵਿੱਚ blackness (ਕਾਲਾਪਨ) ਹੈ, ਲਾਈਟ ਉਹਦੇ 'ਚੋਂ pass (ਲੰਘਦੀ) ਹੀ ਨਹੀਂ ਕਰਦੀ।ਦੋਵੇਂ ਕੋਲ-ਕੋਲ ਰਹਿੰਦੇ ਨੇ-

*ਧਨ ਪਿਰ ਕਾ ਇਕ ਹੀ ਸੰਗਿ*
*ਵਾਸਾ........॥*
*ਅੰਗ - ੧੨੬੩*

'ਧਨ' ਕਹਿੰਦੇ ਨੇ ਜੀਵ ਆਤਮਾ ਨੂੰ, 'ਪਿਰ' ਕਹਿੰਦੇ ਨੇ ਵਾਹਿਗੁਰੂ ਨੂੰ। ਇੱਕ ਪਲੰਘ ਦੇ ਉੱਤੇ ਦੋਵੇਂ ਨੇੜੇ-ਨੇੜੇ ਰਹਿੰਦੇ ਨੇ। ਫਰਕ ਕਿੰਨਾ ਹੈ ਵਿੱਚ ਦੋਹਾਂ ਦੇ -

*ਭਾਂਭੀਰੀ ਕੇ ਪਾਤ ਪਰਦੋ*
*ਬਿਨੁ ਪੇਖੇ ਦੂਰਾਇਓ ॥ ਅੰਗ - ੬੨੪*

ਆਹ ਜਿੰਨਾਂ ਪਲਾਸਟਿਕ ਦਾ ਕਾਗਜ਼ ਹੁੰਦਾ ਹੈ ਪਤਲੇ ਤੋਂ ਪਤਲਾ, ਐਨਾ ਕੁ ਫਰਕ ਹੈ ਦੋਹਾਂ ਦਾ, ਰੱਬ ਦਾ ਤੇ ਜੀਵ ਦਾ। ਪਰ ਕਹਿੰਦੇ -

*......ਵਿਚਿ ਹਉਮੈ ਭੀਤਿ ਕਰਾਰੀ ॥*
*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ ॥ ਅੰਗ- ੧੨੬੩*

ਹਉਮੈ ਦੀ ਕਰਾਰੀ ਕੰਧ ਹੈ ਜਿਹੜੀ ਪ੍ਰਕਾਸ਼ ਨੂੰ ਲੰਘਣ ਨਹੀਂ ਦਿੰਦੀ। ਕਿੱਡੀ ਵੱਡੀ ਚੀਜ਼ ਪ੍ਰਮੇਸ਼ਰ ਨੇ ਬਣਾ ਦਿੱਤੀ। ਐਨੀ ਸੰਘਣੀ ਤਹਿ ਹੈ ਇਸਦੀ ਕਿ ਰੱਬ ਕੋਲ ਰਹਿੰਦਾ ਨਹੀਂ ਮਿਲਦਾ। ਮਹਾਂਪੁਰਸ਼ਾਂ ਤੋਂ, ਗੁਰੂਆਂ ਤੋਂ, ਸੰਤਾਂ ਤੋਂ, ਆਰਫਾਂ ਤੋਂ, ਆਲਮਾਂ ਤੋਂ, ਪੀਰਾਂ ਪੈਗੰਬਰਾਂ, ਔਲੀਆਂ ਤੋਂ ਸੁਣਦੇ ਹਾਂ ਕਿ ਰੱਬ ਬਿਲਕੁਲ ਨਾਲ ਲਗਦਾ ਹੈ ਤੇਰੇ, ਪਰ ਵਿਚਾਲੇ ਇੱਕ bad condutor ਹੈ, ਬਿਜਲੀ ਹੋਵੇ ਪਰ ਵਿਚਾਲੇ bad condutor ਹੋਵੇ, ਉਹਦੀ ਕਰੰਟ ਲੰਘਦੀ ਹੀ ਨਹੀਂ ਹੈ। ਗੱਡੀਆਂ ਦੇ ਡਿਸੀਬਿਊਟਰ 'ਚ ਕਾਰਬਨ ਆ ਜਾਂਦੀ ਹੈ, ਇੰਜਣ ਵਲੋਂ ਸਾਰੀ ਸ਼ਕਤੀ ਜਾਂਦੀ ਹੈ। ਕਰੰਟ ਬੈਟਰੀ ਵਲੋਂ ਆਉਂਦੀ ਹੈ, ਉਸ ਕਰੰਟ ਨੇ ਅਗਲੀਆਂ ਤਾਰਾਂ ਨੂੰ ਮਿਲਣਾ ਹੁੰਦਾ ਹੈ। ਪਰ ਉਹਦੇ ਵਿੱਚ ਕਾਰਬਨ ਲੱਗੀ ਹੋਵੇ, ਕਰੰਟ ਲੰਘਦਾ ਹੀ ਨਹੀਂ ਅੱਗੇ, ਉਥੇ ਆ ਕੇ ਹੀ ਖਤਮ ਹੋ ਜਾਂਦਾ ਹੈ। ਪ੍ਰਮੇਸ਼ਰ ਸਾਡੇ ਨਾਲ ਇਵੇਂ ਜਿਵੇਂ ਹੀ ਹੈ। ਪਰ ਇੱਕ ਮੈਲ ਲਗ ਗਈ ਹਉਮੈ ਦੀ, ਕੋਈ ਤਰੀਕਾ ਨਹੀਂ ਉਹਦੇ ਲਾਹੁੰਣ ਦਾ। ਮਹਾਰਾਜ ਕਹਿੰਦੇ ਇੱਕ ਤਰੀਕਾ ਹੈ ਪਿਆਰਿਓ! ਤੁਹਾਡੇ ਅੰਦਰ ਵਾਹਿਗੁਰੂ ਨੇ ਇੱਕ ਐਸਾ ਤੀਰਥ ਬਣਾਇਆ ਹੈ ਜੇ ਮਲ ਕੇ ਉਥੇ ਇਸ਼ਨਾਨ ਲਹਿ ਜਾਂਦੀ ਹੈ, ਹੋਰ ਕਿਤੇ ਨਹੀਂ ਲਹਿੰਦੀ। ਹੁਣ ਉਹ ਤੀਰਥ ਟੋਲ੍ਹ ਲਓ ਕਿ ਕਿੱਥੇ ਹੈ। ਉਹ ਤੁਹਾਡੇ ਅੰਦਰ ਹੈ, ਮਹਾਰਾਜ ਕਹਿੰਦੇ -

*ਸਚੁ ਤਾਂ ਪਰੁ ਜਾਣੀਐ*
*ਜਾ ਆਤਮ ਤੀਰਥਿ ਕਰੇ ਨਿਵਾਸੁ ॥*
*ਸਤਿਗੁਰੂ ਨੋ ਪੁਛਿ ਕੈ*
*ਬਹਿ ਰਹੈ ਕਰੇ ਨਿਵਾਸੁ ॥ ਅੰਗ - ੪੬੮*

ਜੇ ਵਾਹਿਗੁਰੂ ਨੂੰ ਜਾਨਣਾ ਹੈ, ਕਹਿੰਦੇ ਤਾਂ ਜਾਣਿਆ ਜਾਂਦਾ ਹੈ ਜੇ ਆਤਮ ਤੀਰਥ ਵਿੱਚ ਨਿਵਾਸ ਪ੍ਰਾਪਤ ਹੋ ਜਾਵੇ। ਉਹਦੇ ਵਿਚ ਇਸ਼ਨਾਨ ਕਰ ਲਏ, ਉਹਨੂੰ ਹੀ ਸਤਿਸਰ ਨਾਵਣ ਕਹਿੰਦੇ ਨੇ। ਉਹ ਅੰਦਰ ਹੀ ਸਾਡੇ। ਉਥੋਂ ਤਿੰਨ ਨਦੀਆਂ ਨਿਕਲਦੀਆਂ ਨੇ। ਉਹ ਤਿੰਨੋਂ ਨਦੀਆਂ life current ਲੈ ਕੇ ਆਹ ਸਰੀਰ ਨੂੰ ਜੀਉਂਦਾ ਰਖਦੀਆਂ ਨੇ। ਉਨ੍ਹਾਂ ਦੇ ਵਿੱਚ ਕਰੰਟ ਹੈ ਜ਼ਿੰਦਗੀ ਦਾ, flow ਆਉਂਦਾ ਹੈ ਉਸ ਅੰਮ੍ਰਿਤ ਸਰੋਵਰ ਤੋਂ, ਪਰ ਸਾਨੂੰ ਤਾਂ ਪਤਾ ਨਹੀਂ, ਅਸੀਂ ਤਾਂ ਬਾਹਰਲੀ-ਬਾਹਰਲੀ ਗੱਲ ਜਾਣਦੇ ਹਾਂ, ਅੰਦਰਲਾ ਸਾਨੂੰ ਕੋਈ ਪਤਾ ਨਹੀਂ ਕਿ ਸਾਡੇ ਅੰਦਰ ਕੀ ਹੈ। ਨਾ ਸਾਨੂੰ ਪਤਾ ਹੈ ਕਿ ਅਸੀਂ ਮੈਲੇ ਹਾਂ, ਬਾਹਰੋਂ ਬਹੁਤ ਸੋਹਣੇ ਕੱਪੜੇ ਪਾ ਲੈਂਦੇ ਹਾਂ, ਨਾਹ ਲੈਂਦੇ ਹਾਂ, ਸਾਬਣ ਵਧੀਆ ਤੋਂ ਵਧੀਆ, ਸੈਂਟ ਅਸੀਂ ਲਾ ਲੈਂਦੇ ਹਾਂ, ਪਤਾ ਹੀ ਨਹੀਂ ਕਿ ਅੰਦਰ ਕਿੰਨੀ ਕੁ ਮੈਲ ਭਰੀ ਪਈ ਹੈ। ਮਹਾਰਾਜ ਕਹਿੰਦੇ, ਥੋੜ੍ਹੀ ਬਹੁਤੀ ਨਹੀਂ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ*
*ਜੇ ਸਉ ਧੋਵਣਿ ਪਾਹੁ ॥ ਅੰਗ - ੬੫੧*

ਕੋਹਲੂ ਦੀ ਲੀਰ ਨੂੰ ਜਿੰਨਾ ਜੀਅ ਕਰਦਾ ਹੈ ਧੋ ਲਓ,

ਕਹਿੰਦੇ ਉਹਦੇ ਵਿੱਚ ਚਟਿਆਈ ਨਹੀਂ ਰਹਿੰਦੀ, ਪਿਲੱਤਣ ਹੀ ਰਹਿੰਦੀ ਹੈ। ਐਸੇ ਤਰ੍ਹਾਂ ਦੇ ਨਾਲ ਹਉਮੈ ਦੀ ਮੈਲ ਨਾ ਤੀਰਥ ਕੀਤਿਆਂ, ਨਾ ਤਪ ਕਰਿਆਂ, ਨਾ ਜਪ ਕਰਿਆਂ, ਨਾ ਦਾਨ ਕਰਿਆਂ, ਕੋਈ ਤਰੀਕਾ ਹੀ ਨਹੀਂ ਹੈ, ਜਦ ਤਕ ਅੰਦਰਲੇ ਸਰੋਵਰ ਦਾ ਪਤਾ ਨਹੀਂ ਲਗਦਾ, ਉਹਦੇ ਵਿੱਚ ਇਸ਼ਨਾਨ ਨਹੀਂ ਕਰਦਾ, ਅੰਦਰਲੇ ਸਰੋਵਰ ਨੂੰ ਅੰਮ੍ਰਿਤਸਰ ਕਹਿੰਦੇ ਨੇ। ਸਿਆਣਿਆਂ ਨੇ ਬਾਹਰਲੇ ਸਰੋਵਰ ਨੂੰ ਵੀ ਅੰਮ੍ਰਿਤਸਰ ਕਹਿ ਦਿਤਾ। ਉਹ ਸ਼ਰਧਾ ਦਾ ਪ੍ਰਤੀਕ ਹੇ, ਉਹ ਹਰੇਕ ਦੇ ਅੰਦਰ ਅੰਮ੍ਰਿਤਸਰ ਸਰੋਵਰ ਹੈ। ਮਹਾਰਾਜ ਕਹਿੰਦੇ ਓਸ ਅੰਮ੍ਰਿਤਸਰ 'ਚ ਤੂੰ ਨਹਾ, ਰੋਜ਼ ਨਹਾ।

ਕਹਿੰਦੇ ਸਿੱਖ ਹੈਂ ਤੂੰ ਗੁਰੂ ਦਾ?

ਕਹਿੰਦਾ ਹਾਂ।

ਮੱਥੇ ਟੇਕਣ ਵਾਲਾ ਹੀ ਸਿੱਖ ਹੈਂ ਕਿ ਸੱਚਮੁੱਚ ਦਾ ਸਿੱਖ ਹੈਂ?

ਕਹਿਣ ਲੱਗਿਆ, ਮਹਾਰਾਜ! ਮੈਂ ਸੱਚੀਮੁੱਚੀਂ ਸਿੱਖ ਹਾਂ, ਕਹਿੰਦੇ ਫੇਰ ਤੈਨੂੰ ਦਸ ਦਿੰਦੇ ਹਾਂ, ਸਿੱਖ ਦੀ ਰਹਿਤ ਹੁੰਦੀ ਹੈ। ਉਸ ਰਹਿਤ ਦੇ ਮੁਤਾਬਿਕ ਤੂੰ ਚੱਲ। ਫੇਰ ਤੈਨੂੰ ਸਿੱਖੀ ਪ੍ਰਾਪਤ ਹੋ ਜਾਏਗੀ। ਸਿੱਖੀ ਦਾ ਉਮੀਦਵਾਰ ਹੈਂ ਤੂੰ, ਸਿੱਖ ਨਹੀਂ ਅਜੇ ਬਣ ਸਕਿਆ, ਕਿਉਂਕਿ ਤੂੰ ਰਹਿਤ ਨਹੀਂ ਰੱਖੀ। ਕਹਿਣ ਲੱਗਿਆ ਮਹਾਰਾਜ! ਸਾਨੂੰ ਤਾਂ ਪੰਜ ਪਿਆਰਿਆਂ ਨੇ ਰਹਿਤਾਂ ਦੱਸੀਆ ਨੇ। ਕਹਿੰਦੇ ਉਹ ਤਾਂ ਠੀਕ ਹੈ, ਜਿਹੜੀ ਮੈਂ ਰਹਿਤ ਦਸਦਾ ਹਾਂ ਉਹਨੂੰ ਧਿਆਨ ਨਾਲ ਸੁਣ। ਉਹਦੇ ਬਾਰੇ ਐਸਾ ਫੁਰਮਾਨ ਹੈ, ਪੜ੍ਹੋ ਪਿਆਰ ਨਾਲ -

***ਧਾਰਨਾ - ਭਲਕੇ ਉਠ ਕੇ ਧਿਆਵੇ***
***ਹਰੀ ਨਾਮ ਨੂੰ, ਸਿੱਖ ਜੋ ਕਹਾਵੇ ਗੁਰਾਂ ਦਾ।***

ਗੁਰਮੁਖ ਪਿਆਰਿਓ! ਦੋ ਤਰ੍ਹਾਂ ਦੀਆਂ ਰਹਿਤਾਂ ਹੁੰਦੀਆਂ ਨੇ। ਇੱਕ ਰਹਿਤ ਉਹ ਹੈ ਜੋ ਸਰੀਰ ਦੇ ਉੱਤੇ ਧਾਰਨ ਕਰਨੀ ਪੈਂਦੀ ਹੈ। ਇੱਕ ਰਹਿਤ ਉਹ ਹੈ ਜਿਹੜੀ ਮਨ ਦੇ ਉੱਤੇ ਧਾਰਨ ਕਰਨੀ ਪੈਂਦੀ ਹੈ। ਜਦ ਤੱਕ ਦੋਵੇਂ ਰਹਿਤਾਂ ਨਹੀਂ ਰਖਦਾ, ਤਾਂ ਐਨਰਜੀ ਲੀਕ ਹੋ ਜਾਂਦੀ ਹੈ। ਜੇ ਐਨਰਜੀ ਲੀਕ ਹੋ ਜਾਵੇ, ਸਾਰੇ ਹੀ ਜਾਣਦੇ ਨੇ, ਮਸ਼ੀਨਰੀ ਚਲਦੀ ਹੀ ਨਹੀਂ ਹੈ। ਸੋ ਮਹਾਰਾਜ ਕਹਿੰਦੇ -

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥***
***ਅੰਗ - ੩੦੪***

ਕਹਿੰਦੇ ਦਿਨ ਚੜ੍ਹੇ ਨਹੀਂ, ਅੰਮ੍ਰਿਤ ਵੇਲੇ ਉਦਮ ਕਰਕੇ ਉੱਠੇ। ਫੇਰ ਕੀ ਕਰੇ? ਇਸ਼ਨਾਨ ਕਰੇ। ਹੁਣ ਇੱਥੇ ਤੱਕ ਤਾਂ ਅਸੀਂ ਕਰ ਸਕਦੇ ਹਾਂ, ਸਾਨੂੰ ਕੋਈ ਔਖਾ ਨਹੀਂ ਹੈ, ਸਭ ਕਰ ਸਕਦੇ ਹਾਂ ਜਿੰਨੇ ਤੁਸੀਂ ਬੈਠੇ ਓਂ। ਹੁਣ ਅਗਲੀ ਗੱਲ ਨਹੀਂ ਹੋ ਸਕਦੀ। ਉਹ ਕੀ ਗੱਲ ਹੈ? ਮਹਾਰਾਜ ਕਹਿੰਦੇ - 'ਅੰਮ੍ਰਿਤਸਰ ਨਾਵੈ' ਹੁਣ ਜਿਹੜੇ ਅੰਮ੍ਰਿਤਸਰ ਸ਼ਹਿਰ ਦੇ ਵਿੱਚ ਵੀ ਵਸਦੇ ਨੇ, ਉਹ ਵੀ ਰੋਜ਼ ਨਹੀਂ ਨਹਾ ਸਕਦੇ, ਕਿਤੇ ਨਾ ਕਿਤੇ ਅੜਿੱਕਾ ਲਗ ਹੀ ਜਾਂਦਾ ਹੈ। ਮਹਾਰਾਜ ਕਹਿੰਦੇ, ਰੋਜ਼ ਨਾਵੈ ਤਾਂ ਸਿੱਖ ਹੈ। ਫੇਰ ਤਾਂ ਜਿਹੜੇ ਦੂਰ-ਦਰਾਜ਼ ਦੇਸਾਂ-ਪ੍ਰਦੇਸਾਂ 'ਚ ਬੈਠੇ ਨੇ, ਉਹ ਤਾਂ ਵਿਚਾਰੇ ਰਹਿ ਗਏ ਸਿੱਖੀ 'ਚ ਆ ਹੀ ਨਾ ਸਕੇ। ਸਿਆਣੇ ਬੰਦਿਆਂ ਨੂੰ ਸੋਚਣਾ ਪੈਂਦਾ ਹੈ ਕਿ ਗੁਰੂ ਮਹਾਰਾਜ ਨੇ ਬਾਹਰਲੀਆਂ ਚੀਜ਼ਾਂ ਤਾਂ ਮੰਨੀਆਂ ਨਹੀਂ ਗੁਰੂ ਸਾਹਿਬ ਨੇ ਤੇ ਅੰਦਰਲੀਆਂ ਚੀਜ਼ਾਂ ਦਸਦੇ ਨੇ, ਅੰਦਰਲੀਆਂ ਦਾ ਨਾਉਂ ਅਸੀਂ ਬਾਹਰ ਰੱਖ ਲਿਆ, ਬਈ ਇਹਦੀ ਖੋਜ ਕਰੋ ਕਿ ਮਹਾਰਾਜ ਕੀ ਕਹਿ ਗਏ। ਮਹਾਰਾਜ ਕਹਿ ਗਏ ਕਿ ਅੰਮ੍ਰਿਤਸਰ ਨਹਾਓ। ਦੂਜੇ ਪਾਸੇ 'ਆਸਾ ਜੀ ਦੀ ਵਾਰ' 'ਚ ਮਹਾਰਾਜ ਨੇ ਕਹਿ ਦਿੱਤਾ ਕਿ -

***ਸਚੁ ਤਾਂ ਪਰੁ ਜਾਣੀਐ***
***ਜਾ ਆਤਮ ਤੀਰਥਿ ਕਰੇ ਨਿਵਾਸੁ ॥***
***ਅੰਗ - ੪੬੮***

ਓਥੇ ਇਸ ਚੀਜ਼ ਦਾ ਨਾਮ ਆਤਮ ਤੀਰਥੁ ਦਸ ਦਿੱਤਾ।

***ਸਤਿਗੁਰੂ ਨੋ ਪੁਛਿ ਕੈ***
***ਬਹਿ ਰਹੈ ਕਰੇ ਨਿਵਾਸੁ ॥ ਅੰਗ - ੪੬੮***

ਉਹ ਤੀਰਥ 'ਤੇ ਬੈਠਣਾ ਜਿਹੜਾ ਹੈ ਉਹ ਵੀ ਆਉਂਦਾ ਨਹੀਂ ਆਪਣੇ ਆਪ। ਉਹ ਵੀ ਸਤਿਗੁਰੂ ਨੂੰ ਪੁੱਛ ਕੇ ਬੈਠਣਾ ਪੈਂਦਾ ਹੈ। ਫੇਰ ਇਹ ਚੀਜ਼ ਲੱਭਦੀ ਹੈ। ਮਹਾਰਾਜ ਕਹਿੰਦੇ ਜੇ ਓਸ ਤੀਰਥ ਦੇ ਵਿੱਚ ਇਸ਼ਨਾਨ ਕਰ ਲਏਂ ਤੂੰ ਪਵਿੱਤਰ ਹੋ ਜਾਏਂਗਾ, ਪਵਿੱਤਰ ਹੀ ਨਹੀਂ ਪੁਨੀਤ ਹੋ ਜਾਏਂਗਾ। ਸੌ ਵਾਰੀ ਪਵਿੱਤਰ-ਪਵਿੱਤਰ ਕਹੋ, ਇੱਕ ਵਾਰੀ ਪੁਨੀਤ ਕਹਿ ਦਿਓ। ਉਹ ਹੋ ਜਾਇਆ ਕਰਦਾ ਹੈ ਬਰਾਬਰ। ਹੁਣ ਉਹ ਤੀਰਥ ਨਹੀਂ ਅਸੀਂ ਜਾਣਦੇ ਕਿਸ ਥਾਂ ਦੇ ਉੱਤੇ ਹੈ, ਕਿਵੇਂ ਅਸੀਂ ਉਥੇ ਪਹੁੰਚੀਏ, ਹੁਕਮ ਗੁਰੂ ਦਾ ਹੈ ਕਿ ਰੋਜ਼ ਓਥੇ ਇਸ਼ਨਾਨ ਕਰੋ। ਜੇ ਤਾਂ ਸਾਡੇ ਮਨ ਵਿੱਚ ਲਗਨ ਹੁੰਦੀ ਬਚਪਨ ਤੋਂ ਤਾਂ, ਤਾਂ ਫਿਕਰ ਪਿਆ ਰਹਿੰਦਾ ਕਿ ਗੁਰੂ ਸਾਹਿਬ ਕਹਿੰਦੇ ਨੇ ਕਿ ਅੰਮ੍ਰਿਤਸਰ ਨਾਵੋ, ਰੋਜ਼ ਨਾਵੋ ਤੇ ਮੈਨੂੰ ਪਤਾ ਨਹੀਂ ਲਗ ਸਕਿਆ ਅੰਮ੍ਰਿਤਸਰ ਦਾ ਤੇ ਮੈਂ ਜਾ ਵੀ ਨਹੀਂ ਸਕਦਾ। ਬਾਹਰਲੇ ਤੀਰਥ 'ਤੇ ਤੇ ਹੋਇਆ ਕਿੱਥੇ, ਮਹਾਰਾਜ ਕਹਿੰਦੇ ਉਹ ਤੀਰਥ ਤੇਰੇ ਅੰਦਰ ਹੈ ਬਾਹਰ ਨਾ ਭਾਲੀਂ।

***ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ***
***ਮਨਮੁਖਾ ਸਾਦੁ ਨ ਪਾਇਆ ॥***
***ਜਿਉ ਕਸਤੂਰੀ ਮਿਰਗੁ ਨ ਜਾਣੈ***
***ਭ੍ਰਮਦਾ ਭਰਮਿ ਭੁਲਾਇਆ ॥***
***ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ***
***ਕਰਤੈ ਆਪਿ ਖੁਆਇਆ ॥ ਅੰਗ - ੬੪੪***

ਉਹ ਤਾਂ ਅੰਮ੍ਰਿਤ ਤੇਰੇ ਅੰਦਰ ਪਿਆ ਹੈ, ਅੰਮ੍ਰਿਤ ਦਾ ਸਰੋਵਰ ਲਬਾਲਬ ਭਰਿਆ ਪਿਆ ਹੈ। ਉਹ ਹੈ ਅੰਦਰ ਹੀ। ਹੁਣ ਸਾਡੇ ਅੰਦਰ ਤਾਂ ਬਹੁਤ ਕੁਛ ਹੈ। ਮੈਡੀਕਲ ਸਾਇੰਸ ਦਸਦੀ ਹੈ, ਯੋਗੀ ਦਸਦੇ ਨੇ ਕਿ ੧੪ ਖਰਬ ਸੈਲ ਜਿਵੇਂ ਇੱਟਾਂ ਲਗ ਕੇ ਮਕਾਨ ਬਣਦਾ ਹੈ, ਐਉਂ ਜੋ ਲੱਗੇ ਹੋਏ ਨੇ ਇਸ ਸਰੀਰ ਦੇ ਵਿੱਚ, ਉਹ ਸੈਲ ਕਹਾਉਂਦੇ ਨੇ। ੧੪ ਖਰਬ ੧੫ ਅਰਬ ਸੈਲ ਇਹਦੀ ਬਣਤਰ 'ਤੇ ਲੱਗਿਆ ਹੋਇਆ। ਇਹ ਸਾਇੰਸ ਨੇ

ਕੰਪਿਊਟਰ ਦੀ ਮਦਦ ਨਾਲ ਕੱਢਿਆ ਹੈ।ਪਰ ਬੇਅੰਤਤਾਈ ਹੈ ਇਹਦੇ ਵਿੱਚ, ਕੋਈ ਸਹੀ ਗੱਲ ਨਹੀਂ ਕਹਿ ਸਕਦਾ। ਮਤਾ ਅਸੀਂ ਇਥੇ ਹੀ ਠਹਿਰ ਜਾਈਏ। ਐਉਂ ਲਾ ਲਓ ਕਿ ਬੇਅੰਤ ਸੈਲ ਲੱਗੇ ਹੋਏ ਨੇ ਖਰਬਾਂ ਤੋਂ ਵੀ ਜ਼ਿਆਦਾ। ਯੋਗੀਆਂ ਨੇ ਯੋਗ ਬਲ ਦੇ ਨਾਲ ਦੇਖਿਆ ਕਿ ਇਹਨੂੰ ਜੀਉਂਦਾ ਰੱਖਣ ਵਾਸਤੇ ਜਿਹੜਾ ਖੂਨ ਚਲਦਾ ਹੈ, ਉਹ ਕਿੰਨੇ ਖਾਲ੍ਹੇ ਬਣਾਏ ਹੋਏ ਨੇ ਪ੍ਰਮੇਸ਼ਰ ਨੇ, ਜਿਵੇਂ ਨਹਿਰ ਦਾ ਪਾਣੀ ਖਾਲ੍ਹਿਆਂ ਰਾਹੀਂ ਜਾਂਦਾ ਹੈ। ਕਿੰਨੇ ਖਾਲ੍ਹੇ ਨੇ - ਕਹਿੰਦੇ ੭੨ ਕਰੋੜ ੭੨ ਲੱਖ ੭੨ ਹਜ਼ਾਰ ਦੋ ਸੌ ਬਲੱਡ ਚੈਨਲ ਹੈ ਇਹਦੇ ਵਿੱਚ। ਹੈਰਾਨ ਹੋਈਦਾ ਹੈ ਵਾਹਿਗੁਰੂ ਦੇ ਵਲ ਦੇਖ ਕੇ ਕਿ ਸੱਚੇ ਪਾਤਸ਼ਾਹ! ਐਨਾ ਵਿਹਲ ਤੈਨੂੰ ਕਿੱਥੋਂ ਮਿਲ ਗਿਆ। ਇਕ ਨਹੀਂ ਹੈ ਕਰੋੜਾਂ ਹੀ, ਅਰਬਾਂ ਖਰਬਾਂ ਬ੍ਰਹਿਮੰਡ ਨੇ ਉਨ੍ਹਾਂ ਦੇ ਵਿੱਚ ਅਬਾਦੀਆਂ ਨੇ, ਉਨ੍ਹਾਂ ਦੇ ਵਿਚ ਸਰੀਰ ਬਣਾਏ ਨੇ ਤੂੰ। ਤੂੰ ਕਿੱਡਾ ਬੇਅੰਤ ਤੇ ਕਿੱਡਾ ਸ਼ਕਤੀਸ਼ਾਲ ਹੈਂ। ਐਹੋ ਜਿਹੜੀਆਂ ਚੀਜ਼ਾਂ ਬਣਾਈ ਜਾਂਦਾ ਹੈਂ।

ਅੱਜ ਅਖਬਾਰ 'ਚ ਸੀ ਕਿ ਸਾਇੰਸਦਾਨਾਂ ਨੇ, ਇਜ਼ਰਾਈਲ ਦੇ ਇੱਕ ਸਾਇੰਸਦਾਨ ਨੇ ਦਿਮਾਗ ਦੀ ਖੋਜ ਕਰਦਿਆਂ ਇੱਕ ਚੀਜ਼ ਲੱਭ ਲਈ। ਬਈ ਨੀਂਦ ਕਿੱਥੋਂ ਆਉਂਦੀ ਹੁੰਦੀ ਹੈ। ਆਦਮੀ ਨੂੰ ਨੀਂਦ ਕਿਉਂ ਆਉਂਦੀ ਹੈ, ਜਾਗ ਕਿਉਂ ਆਉਂਦੀ ਹੈ। ਬਿਨਾਂ ਜਗਾਏ ਕਿਉਂ ਜਾਗਦਾ ਹੈ ਇਹ, ਬਿਨਾਂ ਸੁਲਾਏ ਸੌਂ ਕਿਉਂ ਜਾਂਦਾ ਹੈ। ਉਹਨੇ ਦੇਖਿਆਂ ਕਿ ਦਿਮਾਗ ਦੇ ਅੰਦਰ ਨਾੜੀਆਂ ਦਾ ਇੱਕ ਛੋਟਾ ਜਿਹਾ ਗੁੱਛਾ ਹੈ, ਉਹਦੇ ਵਿੱਚ ਸਵਿੱਚ ਲੱਗੀ ਹੋਈ ਹੈ, ਜਿਵੇਂ ਆਪਾਂ ਬਾਹਰ ਬਿਜਲੀ ਚਲਾਉਣ ਵਾਸਤੇ ਸਵਿੱਚ ਲਾ ਲੈਂਦੇ ਹਾਂ। ਜਦ ਉਹ ਸਵਿੱਚ ਦਬ ਜਾਂਦੀ ਹੈ ਉਸ ਵੇਲੇ ਨੀਦ ਆ ਜਾਂਦੀ ਹੈ। ਜਦੋਂ ਓਨ ਹੋ ਜਾਂਦੀ ਹੈ ਉਸੇ ਵੇਲੇ ਸਰੀਰ ਨੂੰ ਜਾਗ ਆ ਜਾਂਦੀ ਹੈ। ਉਹ ਕਾਰਖਾਨਾ ਖੜ੍ਹ ਜਾਂਦਾ ਹੈ। ਜਿਹੜਾ ਨੀਂਦ ਵਾਲਾ ਕਾਰਖਾਨਾ ਹੈ ਉਹਦੇ ਵਿੱਚ ਸੁਰਤ ਐਉਂ ਭੁੱਲ ਜਾਂਦੀ ਹੈ ਕਿ ਸਾਨੂੰ ਨਹੀਂ ਪਤਾ ਹੈ। ਉਹ ਸਾਰਾ ਹੀ ਕੰਮ ਸਰੀਰ ਦਾ ਸਾਂਭ ਲੈਂਦੀ ਹੈ। ਨਾ ਮਿਹਦੇ ਨੂੰ ਰੁਕਣ ਦਿੰਦੀ ਹੈ, ਨਾ ਦਿਲ ਨੂੰ ਰੁਕਣ ਦਿੰਦੀ ਹੈ, ਨਾ ਖੂਨ ਦੀਆਂ ਨਾੜੀਆਂ ਦੇ ਵਿੱਚ ਖੂਨ ਨੂੰ ਰੁਕਣ ਦਿੰਦੀ ਹੈ। ਨਾ ਇਹ ਸਾਡੇ ਸਰੀਰ ਦੇ ਤਾਪਮਾਨ ਨੂੰ ਰੁਕਣ ਦਿੰਦੀ ਹੈ- ਨਾ ਪੰਜਾਂ ਪ੍ਰਾਣਾਂ ਦਾ ਕੰਮ ਰੁਕਣ ਦਿੰਦੀ ਹੈ। ਸਾਰਾ ਕੰਮ ਕਰਾਉਂਦੀ ਹੈ ਉਹ ਸ਼ਕਤੀ ਤੇ ਜਦੋਂ ਜਾਗ ਪੈਂਦਾ ਹੈ ਆਦਮੀ ਉਹ ਚੁੱਪ ਕਰ ਜਾਂਦੀ ਹੈ, ਇਹ ਫੇਰ ਜਾਗ ਕੇ ਆਪਣਾ ਕੰਮ ਕਰਦੀ ਹੈ। ਐਸੀ ਵਾਹਿਗੁਰੂ ਦੀ ਵਚਿੱਤਰ ਲੀਲਾ ਹੈ ਜਿਹਨੂੰ ਜਾਣਿਆ ਨਹੀਂ ਜਾ ਸਕਦਾ। ਸੋ ਉਹਦੇ ਨਾਲ ੭੨ ਕਰੋੜ ੭੨ ਲੱਖ ੭੨ ਹਜ਼ਾਰ ਦੋ ਸੌ ਬਲੱਡ ਚੈਨਲ ਬਣਾਈ ਹੈ। ਕਿਤੇ ਨਹੁੰ ਮਾਰ ਲਓ, ਖੂਨ ਉਦੋਂ ਹੀ ਨਿਕਲ ਆਏਗਾ, ਕਿਉਂਕਿ ਐਸਾ ਇੰਤਜ਼ਾਮ ਕਰਿਆ ਹੋਇਆ ਹੈ। ਪੰਜ ਪ੍ਰਾਣ vital forces ਇਹਦੇ ਅੰਦਰ ਲਾਈਆਂ ਨੇ। ਇੱਕ ਹਰ ਵਕਤ ਮੈਲ ਕੱਢਦਾ ਹੈ। ਸਾਢੇ ਤਿੰਨ ਕਰੋੜ ਰੋਮ ਰਾਹੀਂ ਬਾਹਰ ਕੱਢੀ ਜਾਂਦਾ ਹੈ। ਹੁਣੇ ਨਹਾ ਕੇ ਅੱਧੇ ਘੰਟੇ ਬਾਅਦ ਜੀਭ ਲਾ ਕੇ ਦੇਖੋ ਸਲੂਣਾ ਸਵਾਦ ਆਏਗਾ, ਕਿਉਂਕਿ ਮੈਲ ਕੱਢ ਦਿੱਤੀ ਉਹਨੇ ਓਦੋਂ ਹੀ। ਉਹ ਨਾ ਕੱਢੇ ਸਰੀਰ ਬਿਮਾਰ ਹੋ ਜਾਂਦਾ ਹੈ। ਖੂਨ ਉਹਨੂੰ ਹਰ ਵਕਤ ਪਹੁੰਚਾਉਂਦਾ ਹੈ, ਜੇ ਥੋੜ੍ਹਾਂ ਜਿਹਾ ਚਿਰ ਨਾ ਪਹੁੰਚੇ, ਇੱਕ ਸਕਿੰਟ ਦੀ ਦੇਰੀ ਹੋ ਜਾਵੇ, ਆਦਮੀ ਗਸ਼ ਖਾ ਕੇ ਉਥੇ ਹੀ ਗਿਰ ਜਾਂਦਾ ਹੈ। ਡਾਕਟਰ ਕਹਿੰਦੇ ਨੇ ਖੂਨ ਨਹੀਂ ਜਾ ਰਿਹਾ ਸਰੀਰ ਵਿੱਚ ਸਹੀ ਤਰੀਕੇ ਨਾਲ। ਇਸ ਕਰਕੇ ਇਹਨੂੰ ਬੇਹੋਸ਼ੀ ਹੋ ਜਾਂਦੀ ਹੈ। ਤੀਸਰਾ ਜਿਹੜਾ ਹੈ ਉਹ ਹਰ ਵਕਤ ਮੈਲ ਬਾਹਰ ਕੱਢਦਾ ਹੈ, ਸਾਢੇ ਤਿੰਨ ਕਰੋੜ ਰੋਮ ਤੇ ਨਾਲ ਜਿਹੜਾ ਪ੍ਰਾਣ ਹੈ ਇਹ ਬਾਹਰੋਂ ਆਕਸੀਜਨ ਨੂੰ ਖਿੱਚੀ ਜਾਂਦਾ ਹੈ। ਕਾਰਬਨ ਨੂੰ ਬਾਹਰ ਕੱਢੀ ਜਾਂਦਾ ਹੈ, ਕਿੱਡਾ ਵੱਡਾ ਕਾਰਖਾਨਾ ਹੈ ਇਹਦੇ ਅੰਦਰ ਲੱਗਿਆ ਹੋਇਆ। ਇਕ ਦਮ ਹਵਾ ਨੂੰ ਛਾਣ ਕੇ ਆਕਸੀਜਨ ਖਿੱਚ ਲੈਂਦਾ ਹੈ, ਕਾਰਬਨ ਬਾਹਰ ਕੱਢ ਦਿੰਦਾ ਹੈ, ਬਾਹਰ ਕੱਢੀ ਹੋਈ ਕਾਰਬਨ, ਦਰਖਤ ਤਿਆਰ ਹੀ ਖੜ੍ਹੇ ਨੇ ਉਸੇ ਵੇਲੇ ਖਾ ਲੈਂਦੇ ਨੇ, ਓਨੀਂ ਹੀ ਫੁਰਤੀ ਦੇ ਨਾਲ ਓਦੋਂ ਹੀ ਆਕਸੀਜਨ ਫੇਰ ਬਣਾ ਦਿੰਦੇ ਨੇ, ਆਪਾਂ ਸਾਰੇ ਜੁੜੇ ਪਏ ਹਾਂ ਇਨ੍ਹਾਂ ਬੂਟਿਆਂ ਦੇ ਨਾਲ, ਫਸਲਾਂ ਦੇ ਨਾਲ। ਇੰਤਜ਼ਾਮ ਵਾਹਿਗੁਰੂ ਦਾ ਬੇਅੰਤ ਹੈ। ਇੱਕ ਪ੍ਰਾਣ ਹੈ ਜਿਹੜਾ ਦਿਲ ਨੂੰ ਹਰ ਵਕਤ ਚਾਲੂ ਰਖਦਾ ਹੈ। ਜੇ ਇੱਕ ਸਕਿੰਟ ਵਾਸਤੇ ਖੜ੍ਹ ਜਾਵੇ, ਆਦਮੀ ਓਦੋਂ ਹੀ ਮਰ ਜਾਂਦਾ ਹੈ। ਪੰਜਵਾਂ ਜਿਹੜਾ ਹੈ ਉਹ ਤਾਪਮਾਨ ਰਖਦਾ ਹੈ ਇਹਦੇ 'ਚ, ਇੱਕ ਪ੍ਰਾਣ ਹੈ ਜਿਹੜਾ ਜੋ ਕੁਛ ਅਸੀਂ ਖਾਂਦੇ ਹਾਂ ਉਹਨੂੰ ਥਾਂ-ਥਾਂ 'ਤੇ ਪਹੁੰਚਾਉਂਦਾ ਹੈ। ਅੱਖਾਂ ਦੁਖਦੀਆਂ ਹੋਣ, ਦਵਾਈ ਦੀ ਗੋਲੀ ਖਾ ਲਈ ਉਹ ਬਾਕੀ ਸਰੀਰ 'ਚ ਨਹੀਂ ਪਹੁੰਚਾਉਂਦਾ, ਜਿੱਥੇ ਅੱਖਾਂ 'ਚ ਜਿਥੇ ਵਿਕਾਰ ਪਿਆ ਹੈ ਉਥੇ ਹੀ ਪਹੁੰਚਾਉਂਦਾ ਹੈ। ਉਹਦਾ ਵੀ ਬੜਾ ਛਾਣ-ਬੀਣ ਦਾ ਕੰਮ ਹੈ, ਕਿਤੇ ਗਲਤ ਥਾਂ ਨਹੀਂ ਦਿੰਦਾ। ਜਿਹੜਾ ਇਹਦੇ ਵਿੱਚ ਜਿਗਰ ਹੈ ਉਹ ਜੇ ਕਾਰਖਾਨਾ ਬਾਹਰ ਲਾਉਣਾ ਹੋਵੇ ਤੇ ਕਹਿੰਦੇ ਸੈਂਕੜੇ ਮੀਲਾਂ 'ਚ ਲਗਦਾ ਹੈ। ਉਹਦੇ 'ਚ ਸਾਢੇ ਤਿੰਨ ਸੌ ਬਣਦੀ ਹੈ ਨਿਊਟਰੈਂਟ। ਐਹੋ ਜਿਹੀਆਂ ਚੀਜ਼ਾਂ ਬਣਦੀਆਂ ਨੇ, ਜੇ ਉਹ function ਨਾ ਕਰੇ ਸਰੀਰ ਲੰਗੜਾ ਹੋ ਜਾਂਦਾ ਹੈ। ਐਵੇਂ ਹੋ ਜਾਂਦਾ ਹੈ, ਕੰਬੀ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਵਾਹਿਗੁਰੂ ਜੀ ਨੇ ਇੱਕ ਰੱਖਿਆ ਹੈ ਇਹਦੇ ਅੰਦਰ ਜਿਹੜਾ ਸਾਢੇ ੯੮ ਡਿਗਰੀ ਤੇ ਤਾਪਮਾਨ ਰਖਦਾ ਹੈ ਹਰ ਵਕਤ। ਉਹਦੇ ਬਾਅਦ ਇਹਦਾ ਸਾਰਿਆਂ ਦਾ ਨਿਚੋੜ ਜੋ ਅਸੀਂ ਖਾਂਦੇ ਹਾਂ, ਜੋ ਅਸੀਂ ਪੜ੍ਹਦੇ ਹਾਂ, ਜਿਨ੍ਹਾਂ ਨੂੰ ਮਿਲਦੇ ਹਾਂ, ਜਿਨ੍ਹਾਂ ਲੋਕਾਂ 'ਚ ਰਹਿੰਦੇ ਹਾਂ। ਉਹਦਾ ਬਣਦਾ ਹੈ 'ਮਨ'। 'ਜੈਸਾ ਅੰਨ ਤੈਸਾ ਮਨ'। ਉਹਦੀ ਬਣਦੀ ਹੈ ਬੁੱਧੀ, ਉਹਦਾ ਬਣਦਾ ਹੈ ਚਿੱਤ ਤੇ ਮੈਂ ਭਾਵ ਵੀ ਇਹਦੇ ਵਿਚੋਂ ਹੀ ਨਿਕਲ ਆਉਂਦਾ ਹੈ, ਮੈਂ ਵੀ ਬਣ ਜਾਂਦਾ ਹੈ।ਹੁਣ ਆਹ ਤਾਂ ਹੈਗਾ ਕਾਰਖਾਨੇ ਦਾ ਹਿਸਾਬ-ਕਿਤਾਬ, ਇਥੇ ਤਾਂ ਆਇਆ ਹੀ ਨਾ ਉਹ ਤੀਰਥ। ਇਕੱਲੀ-ਇਕੱਲੀ ਚੀਜ਼ ਫਰੋਲ ਲਈ ਇੱਥੇ ਅੰਮ੍ਰਿਤ ਤੀਰਥ ਤਾਂ ਆਇਆ ਹੀ ਨਾ। ਹੁਣ ਫੇਰ ਨਹਾਈਏ ਕਿੱਥੇ।

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥***

***ਅੰਗ - ੩੦੫***

ਇਹਦੇ ਅੰਦਰ ਤਿੰਨ ਨਦੀਆਂ ਫੜ ਲਓ। ਇੱਕ ਦਾ ਨਾਉਂ

ਈੜਾ ਹੈ, ਦੂਜੀ ਦਾ ਨਾਉਂ ਪਿੰਗਲਾ ਹੈ, ਤੀਸਰੀ ਦਾ ਨਾਉਂ ਸੁਖਮਨਾ ਹੈ; ਉਹ ਵਿਚਾਲੇ ਦੀ ਜਾਂਦੀ ਹੈ ਰੀੜ੍ਹ ਦੀ ਹੱਡੀ ਦੇ, ਉਹ ਆਲੇ-ਦੁਆਲੇ ਦੀ ਚਲਦੀਆਂ ਨੇ। ਉਨ੍ਹਾਂ ਦੇ ਵਿੱਚ ਰਹਿ ਕੇ ਸਵਾਰੀ ਕਰਨੀ ਸ਼ੁਰੂ ਕਰ ਦਿਓ। ਪੰਜ ਐਨਰਜੀ ਸੈਂਟਰ ਆਉਣਗੇ, ਛੇਵਾਂ ਦੋਵੇਂ ਅੱਖਾਂ ਤੇ ਨੱਕ ਦੀ ਜੜ੍ਹ ਹੈ ਜਿੱਥੇ, ਇੱਥੇ ਆਏਗਾ। ਇੱਥੇ ਆ ਕੇ ਤਿੰਨੋ ਨਾੜੀਆਂ ਜਿਹੜੀਆਂ ਨੇ ਉਹ ਇਕੱਠੀਆਂ ਹੋ ਕੇ ਇੱਕ ਮੂੰਹ ਹੋ ਜਾਂਦਾ ਹੈ ਉਨ੍ਹਾਂ ਦਾ। ਇਹਨੂੰ ਆਗਿਆ ਚੱਕਰ ਕਹਿੰਦੇ ਨੇ ਇਹਦੇ ਉੱਤੇ ਅੰਮ੍ਰਿਤ ਸਰੋਵਰ ਹੈ, ਇਹਨੂੰ ਗੰਗ ਮਨ ਵੀ ਕਹਿੰਦੇ ਨੇ।

***ਕਬੀਰ ਗੰਗ ਜਮੁਨ ਕੇ ਅੰਤਰੇ***
***ਸਹਜ ਸੁੰਨ ਕੇ ਘਾਟ ॥***
***ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ***
***ਬਾਟ ॥ ਅੰਗ - ੧੩੭੨***

ਗੱਲ ਸਮਝ ਲਓ ਸਾਰੇ, ਇਥੇ ਜਦ ਬਿਰਤੀ ਟਿਕਾ ਕੇ ਨਾਮ ਜਪਦਾ ਹੈ, ਗੁਰੂ ਦਾ ਧਿਆਨ ਧਰਦਾ ਹੈ, ਗੁਰੂ ਕਹਿੰਦਾ ਹੈ ਕਿ ਪਿਆਰਿਆ! ਵਾਹਿਗੁਰੂ ਦੇ ਧਿਆਨ 'ਚ ਰਹਿ। ਕੋਈ ਔਖੀ ਚੀਜ਼ ਨਹੀਂ। ਜੇ ਸੱਪ ਨਿਕਲ ਆਵੇ, ਸੱਪ ਦੇ ਧਿਆਨ 'ਚ ਬੰਦਾ ਹੋ ਜਾਂਦਾ ਹੈ। ਜੇ ਕਿਸੇ ਨੇ ਦਸ ਦਿਤਾ ਕਿ ਤੁਹਾਡਾ ਦੁਸ਼ਮਨ ਤੁਹਾਡੇ ਫਾਰਮ ਦੇ ਆਲੇ-ਦੁਆਲੇ ਘੁੰਮਦਾ ਹੈ, ਸਾਰਾ ਦਿਨ ਉਹਦੇ ਧਿਆਨ 'ਚ ਹੋ ਜਾਏਗਾ, ਰੋਟੀ ਚੰਗੀ ਨਹੀਂ ਲੱਗਣੀ। ਸੋ ਮਹਾਰਾਜ ਕਹਿੰਦੇ ਜੇ ਤਾਂ ਇਸ ਅੰਮ੍ਰਿਤ ਤੀਰਥ ਨੂੰ ਜਾਨਣਾ ਹੈ ਨਾ ਤਾਂ ਅਸੀਂ ਤੈਨੂੰ ਇੱਕ ਗੱਲ ਦਸਦੇ ਹਾਂ ਸਮਝ ਲੈ।

***ਧਾਰਨਾ - ਧਰੀਏ ਮਨ ਵਿਚ ਧਿਆਨ***
***ਗੁਰਾਂ ਦੀ ਮੂਰਤ ਦਾ।***
***ਗੁਰ ਕੀ ਮੂਰਤ ਮਨ ਮਹਿ ਧਿਆਨ॥***

ਜਦ ਅਸੀਂ ਓਸ ਧਿਆਨ ਦੇ ਵਿੱਚ ਪੱਕਾ ਕਰ ਲਵਾਂਗੇ ਜਿਵੇਂ ਪਾਸ ਕਰੀਦਾ ਹੈ, ਸਮਝ ਲਓ ਜਿਵੇਂ ਕੋਈ ਜਮਾਤ ਪਾਸ ਕਰੀਦੀ ਹੈ। ਉਹਨੂੰ ਸਿੱਧ ਕਰ ਲਵਾਂਗੇ, ਸਾਡਾ ਸਰੂਪ ਜਿਹੜਾ ਹੈ ਉਹਦੇ ਵਿੱਚ ਲੀਨ ਹੋ ਜਾਏਗਾ, ਖਤਮ ਹੋ ਜਾਏਗਾ, ਬਾਕੀ ਨਹੀਂ ਰਹੇਗਾ। ਉਸ ਤੋਂ ਜਿਹੜੀ ਅਗਲੀ ਥਾਂ ਆਉਣੀ ਹੈ, ਓਸ ਥਾਂ ਤੋਂ ਅੰਮ੍ਰਿਤ ਸਰੋਵਰ ਸ਼ੁਰੂ ਹੋ ਜਾਇਆ ਕਰਦਾ ਹੈ। ਉਹਦੇ ਵਿੱਚ ਮਹਾਨ ਰਸ ਹੈ, ਮਹਾਨ ਅਨੰਦ ਹੈ। ਆਪੇ ਹੀ ਪਤਾ ਲਗ ਜਾਂਦਾ ਹੈ ਕਿ ਹੁਣ ਮਨ ਉਹਦੇ 'ਚ ਇਸ਼ਨਾਨ ਕਰ ਰਿਹਾ ਹੈ। ਭਜਨ ਬੰਦਗੀ ਕਰਨ ਵਾਲਿਆਂ ਨੂੰ ਪਤਾ ਲਗਦਾ ਹੈ, ਐਵੇਂ ਗੱਲਾਂ ਕਰਨ ਵਾਲਿਆਂ ਨੂੰ ਨਹੀਂ ਪਤਾ ਲਗਦਾ ਇਸ ਚੀਜ਼ ਦਾ। ਓਸ ਅਨੰਦ ਦੇ ਸਰੋਵਰ ਦੇ ਵਿੱਚ ਇਸ਼ਨਾਨ ਕਰਦੇ ਨੇ। ਉਹ ਜਾਣ ਲਿਆ ਕਿ ਈੜਾ, ਪਿੰਗਲਾ ਤੇ ਸੁਖਮਨਾ ਜਿੱਥੇ ਮਿਲਦੀਆਂ ਨੇ ਉਥੇ ਅੰਮ੍ਰਿਤ ਸਰੋਵਰ ਹੈ, ਉਥੇ ਹੁਣ ਪਹੁੰਚੇ ਕਿਵੇਂ, ਮਹਾਰਾਜ ਕਹਿੰਦੇ ਪਹੁੰਚ ਹੁੰਦਾ ਹੈ ਪਿਆਰਿਓ! ਸ਼ਬਦ ਦੇ ਬਲ ਨਾਲ, ਐਵੇਂ ਨਹੀਂ ਪਹੁੰਚ ਸਕਦੀ ਸੁਰਤ। ਸੁਰਤ ਨੂੰ ਰਾਹ ਹੀ ਨਹੀਂ ਲੱਭਦਾ, ਰਾਹ ਬੰਦ ਹੋਇਆ ਪਿਆ ਹੈ।

***ਬਜਰ ਕਪਾਟ ਜੜੇ ਜੜਿ ਜਾਣੈ***
***ਗੁਰ ਸਬਦੀ ਖੋਲਾਇਦਾ ॥ ਅੰਗ - ੧੦੩੩***

ਉਹ ਬਜਰ ਕਪਾਟ ਲੱਗੇ ਹੋਏ ਨੇ, ਉਹ ਅੱਗੇ ਸੁਰਤ ਨੂੰ ਚੜ੍ਹਨ ਨਹੀਂ ਦਿੰਦੇ। ਗੁਰੂ ਦਾ ਸ਼ਬਦ ਹੋਵੇ, ਗੁਰੂ ਦੀ ਹੋਵੇ ਮਿਹਰ ਤਾਂ ਚੜ੍ਹਦਾ ਹੈ। ਸੋ ਉਹ ਤੀਰਥ ਦੇ ਵਿੱਚ ਰੋਜ਼ ਹੁਕਮ ਹੈ -

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥***
***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ........॥***

ਉਹਦੇ ਨਾਲ ਕੀ ਹੋਏਗਾ, ਜਿਹੜੀ ਕਰੋੜਾਂ ਜਨਮਾਂ ਦੀ -

***....ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥***
***ਅੰਗ - ੩੦੪***

ਪਾਪ ਵੀ ਲਹਿ ਜਾਣਗੇ, ਜਿਹੜੀਆਂ ਵੱਡੀਆਂ-ਵੱਡੀਆਂ ਹੱਤਿਆ ਲੱਗੀਆ ਹੋਈਆਂ ਨੇ, ਦੋਖ ਲੱਗੇ ਹੋਏ ਨੇ; ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਸਾਰੇ ਲਹਿ ਜਾਣਗੇ। ਫੇਰ ਅੱਗੇ -

***ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ***
***ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥***
***ਅੰਗ - ੩੦੪***

ਗੁਰਬਾਣੀ ਦੇ ਨਾਲੋਂ ਨਹੀਂ ਟੁੱਟਣਾ, ਗੁਰਬਾਣੀ ਗਾਂਦੇ ਰਹਿਣਾ ਹੈ, ਗੁਰਬਾਣੀ ਪੜ੍ਹਦੇ ਰਹਿਣਾ, ਗੁਰਬਾਣੀ ਵਿਚਾਰਦੇ ਰਹਿਣਾ ਹੈ।'ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥' ਇਥੇ ਅੱਖਰ ਧਿਆਉਣਾ ਲਿਖਿਆ ਹੈ, ਜਪਣਾ ਨਹੀਂ ਲਿਖਿਆ, 'ਸਿਮਰਨ' ਕਹਿੰਦੇ ਨੇ ਯਾਦ ਨੂੰ, ਧਿਆਉਣਾ ਕਹਿੰਦੇ ਨੇ 'ਧਿਆਨ' ਨੂੰ। ਨਾਮ ਦਾ ਜੇ ਧਿਆਨ ਹੈ, ਨਾਮ ਦਾ ਜੇ ਧਿਆਨ ਹੈ ਉਹਦੇ ਅੰਦਰ, ਨਾਮ ਹੈ ਪ੍ਰੀਪੂਰਨ ਸ਼ਕਤੀ।

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ***
***ਹੈ॥ਨ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ***
***ਹੋਤ ਹੈ॥ (ਅਕਾਲ ਉਸਤਤਿ)***
***ਨਾਮ ਕੇ ਧਾਰੇ ਸਗਲੇ ਜੰਤ ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਅੰਗ - ੨੮੪***

ਉਹ ਨਾਮ ਸ਼ਕਤੀ ਨੇ ਸਾਰੀ ਚੀਜ਼ ਨੂੰ ਸਾਂਭ ਕੇ ਰੱਖਿਆ ਹੋਇਆ ਹੈ, ਉਹਦੇ ਧਿਆਨ 'ਚ ਜਦੋਂ ਰਹਿੰਦਾ ਹੈ ਤਾਂ ਪਤਾ ਲਗਦਾ ਹੈ ਕਿ ਇਹ ਤਾਂ 'ਨਾਮ' ਹੀ ਹੈ। ਇੱਕ ਵਾਹਿਗੁਰੂ ਹੀ ਪ੍ਰੀਪੂਰਨ ਹੈ ਇੱਥੇ ਹੋਰ ਕੋਈ ਹੈ ਨਹੀਂ, ਇਸ ਧਿਆਨ 'ਚ ਰਹੇ ਦਿਨ ਰਾਤ ਤੇ ਮਹਾਰਾਜ ਕਹਿੰਦੇ ਜਿਹੜਾ ਹਰ ਸਵਾਸ, ਅੰਦਰ ਨੂੰ ਸਵਾਸ ਜਾਂਦੇ, ਬਾਹਰ ਨੂੰ ਸਵਾਸ ਜਾਂਦੇ। ਇਸ ਧਿਆਨ 'ਚ ਰਹਿੰਦਾ ਹੈ-

***ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ***
***ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਅੰਗ- ੩੦੫***

ਇੱਕ ਤਾਂ ਹੈ ਕਿ ਸਾਹ ਅੰਦਰ ਨੂੰ ਜਾਂਦਾ ਹੈ 'ਵਾਹਿ' ਕਹੋ, ਬਾਹਰ ਨੂੰ ਆਉਂਦਾ ਹੈ 'ਗੁਰੂ' ਕਹੋ। ਇਹ ਨਹੀਂ ਜੇ ਕਹਿ ਹੁੰਦਾ ਤਾਂ ਅੰਦਰ ਨੂੰ ਸਾਹ ਜਾਂਦੇ 'ਸਤਿਨਾਮ' ਕਹੋ, ਬਾਹਰ ਨੂੰ ਆਉਂਦੇ ਵਾਹਿਗੁਰੂ ਕਹੋ। ਇਹ ਤਾਂ ਜੀਭ ਦਾ ਕੰਮ ਹੈ, ਧਿਆਨ ਦਾ ਕੰਮ

ਨਹੀਂ ਹੈ, ਧਿਆਨ ਦਾ ਕੰਮ ਇਸ ਤੋਂ ਸੂਖਸ਼ਮ ਹੋਇਆ ਕਰਦਾ ਹੈ। ਕੋਈ ਸ਼ਬਦ ਲੈਣਾ, ਕੋਈ ਮੰਤਰ ਜਪ ਲੈਣਾ, ਜਪੁਜੀ ਸਾਹਿਬ ਅਸੀਂ ਪੜ੍ਹਦੇ ਹਾਂ, ਬੋਲ ਬੋਲ ਕੇ ਪੜ੍ਹਦੇ ਹਾਂ, ਪਤਾ ਹੀ ਨਹੀਂ ਲਗਦਾ ਕਿ 'ਸੁਣਿਐ' ਦੀਆਂ ਚਾਰ ਪਉੜੀਆਂ ਪੜ੍ਹ ਲਈਆਂ ਤੇ 'ਅਸੰਖ ਜਪੁ' ਵਾਲੀਆਂ ਪੜ੍ਹ ਲਈਆਂ। ਕਿਹੜੀ ਪੜ੍ਹੀ ਕਿਹੜੀ ਛੱਡ ਦਿੱਤੀ ਕਿਉਂਕਿ ਬੋਲੀ ਤਾਂ ਅਸੀਂ ਜਾਂਦੇ ਹਾਂ, ਲੇਕਿਨ ਧਿਆਨ ਨਹੀਂ ਆਇਆ। ਧਿਆਨ ਹੋਰ ਚੀਜ਼ ਹੈ, ਤਵੱਜੋ ਹੋਰ ਚੀਜ਼ ਹੈ। ਜਾਪ ਹੋਰ ਚੀਜ਼ ਹੈ। ਮਹਾਰਾਜ ਕਹਿੰਦੇ, ਜਾਪ ਨਹੀਂ, ਅਸੀਂ ਜਾਪ ਦੀ ਗੱਲ ਨਹੀਂ ਕਰਦੇ, ਜਾਪ ਤਾਂ ਜੀਭ ਤੋਂ ਕਰਿਆ ਜਾਂਦਾ ਹੈ, ਮਹਾਰਾਜ ਕਹਿੰਦੇ ਮੂੰਹ ਨਾਲ ਕਹੀ ਜਾਓ - ਤੂੰ ਹੀ, ਤੂੰ ਹੀ, ਤੂੰ ਹੀ। ਮਨ ਛਾਲਾਂ ਮਾਰਦਾ ਫਿਰਦਾ ਹੈ। ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਜੀਭ ਨਾਲ ਕਹੀ ਜਾਓ, ਮਨ ਟਿਕਦਾ ਹੀ ਨਹੀਂ। ਕਹਿੰਦੇ, ਟਿਕਦਾ ਹੈ ਤੇਰਾ ਮਨ? ਕਹਿੰਦਾ ਨਾ ਜੀ। ਉਹ ਇਸ ਕਰਕੇ ਨਹੀਂ ਟਿਕਦਾ, ਕਿਉਂਕਿ ਧਿਆਨ ਦਾ ਨਹੀਂ ਪਤਾ ਲੱਗਿਆ। ਕਹਿੰਦੇ, ਜਿਹੜਾ ਧਿਆਨ 'ਚ ਰਹਿੰਦਾ ਹੈ ਨਾ, ਸਾਹ ਅੰਦਰ ਨੂੰ ਜਾਂਦੇ, ਬਾਹਰ ਨੂੰ ਜਾਂਦੇ। ਇਹਦਾ ਮਤਲਬ ਹੈ non stop ਧਿਆਨ ਰਹਿੰਦਾ ਹੈ। ਉਹ ਕਹਿੰਦੇ ਮੇਰੇ ਗੁਰੂ ਨੂੰ ਭਾਅ ਜਾਂਦਾ ਹੈ।

ਹੁਣ ਗੁਰੂ ਇਹ ਦੇਖਦਾ ਹੈ ਕਿ ਹੁਣ ਇਹ ਕਾਬਲ ਹੋ ਗਿਆ, ਇਹ ਵਪਾਰੀ ਬਣ ਗਿਆ, ਇਹ ਹੁਣ ਸੌਦੇ ਲੈਣ ਦੇ ਕਾਬਿਲ ਹੋ ਗਿਆ। ਪਹਿਲਾਂ ਗੁਰੂ ਨੇ ਦੁਕਾਨ ਨਹੀਂ ਸੀ ਖੋਲ੍ਹੀ, ਬੰਦ ਰੱਖੀ, ਕਿਉਂਕਿ ਗਾਹਕ ਨਹੀਂ ਸੀ -

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ ॥ ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥ ਅੰਗ - ੧੩੬੫***

ਜਦ ਹੈ ਹੀ ਨਹੀਂ ਚਾਰੇ ਚੀਜ਼ਾਂ, ਫੇਰ ਐਵੇਂ ਤਖਤੇ ਖੋਲ੍ਹੇ ਦੁਕਾਨ ਦੇ। ਕਹਿੰਦੇ ਫੇਰ ਤਾਂ ਬੰਦ ਰਹੇਗਾ ਸੌਦਾ। ਕਹਿੰਦੇ ਨਹੀਂ ਪਿਆਰਿਓ! ਬੰਦ ਨਹੀਂ ਰਹਿੰਦਾ-

***ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਗੇ ਮੋਲਿ ॥ ਅੰਗ - ੧੩੭੬***

ਆ ਜਾਏਗਾ ਕੋਈ ਗਾਹਕ ਜਿਹੜਾ ਸਿਰ ਦੇ ਬਦਲੇ ਤਨ, ਮਨ, ਧਨ ਦੇ ਕੇ ਚੀਜ਼ ਲੈ ਲਏਗਾ। ਇੱਕੋ ਹੀ ਗਾਹਕ ਬਹੁਤ ਹੈ, ਹੀਰੇ ਜਵਾਰਾਤ ਦੇ ਕੇ ਜੇ ਜੌਹਰੀ ਨਹੀਂ ਵੀ ਆਉਂਦਾ ਦੁਕਾਨ 'ਤੇ, ਗਾਹਕ ਆ ਗਿਆ, ਉਹਦਾ ਸੇਵਾਦਾਰ ਬੈਠਾ ਹੈ। ਉਹ ਕਹਿੰਦਾ ਜੇ ਤੁਸੀਂ ਸੱਚਮੁੱਚ ਗਾਹਕ ਹੋਂ ਤਾਂ ਮੈਂ ਜੌਹਰੀ ਨੂੰ ਘਰੋਂ ਬੁਲਾ ਦਿੰਦਾ ਹਾਂ। ਉਹ ਕਹਿੰਦੇ ਹਾਂ ਅਸੀਂ ਆਹ ਚੀਜ਼ਾਂ ਲੈਣੀਆਂ ਨੇ। ਉਹ ਨਿਰਣਾ ਕਰ ਲੈਂਦਾ ਹੈ ਕਿ ਹਾਂ ਗਾਹਕ ਨੇ ਸਹੀ ਇਹ। ਟੈਲੀਫੋਨ ਕਰ ਦਿੰਦਾ ਹੈ ਕਿ ਸ਼ਾਹ ਜੀ, ਐਸ ਤਰ੍ਹਾਂ ਦੇ ਕੋਈ ਵਪਾਰੀ ਆਏ ਹੋਏ ਨੇ ਤੇ ਹੀਰਾ ਲੈਣਾ ਚਾਹੁੰਦੇ ਨੇ, ਲਾਲ ਜਾਂ ਪੰਨੇ। ਉਹ ਆ ਜਾਂਦਾ ਹੈ, ਇੱਕ ਦੇ ਵਿਚੋਂ ਹੀ ਹਜ਼ਾਰਾ ਰੁਪਏ ਦਾ ਮੁਨਾਫਾ ਹੋ ਜਾਂਦਾ ਹੈ। ਤੂੜੀ ਦਾ ਜਿਹੜਾ ਵਪਾਰੀ ਹੈ, ਸਾਰਾ ਦਿਨ ਤੋਲਦਾ ਰਹਿੰਦਾ ਹੈ, ਕਿੰਨੀ ਕੁ ਉਸ ਤੋਂ ਗਾਹਕੀ ਹੋ ਜਾਂਦੀ ਹੈ, ਕਿੰਨੀ ਕੁ ਉਹਨੂੰ ਬਚਤ ਹੋ ਜਾਂਦੀ ਹੈ। ਸੋ ਨਾਮ ਦਾ ਵਪਾਰੀ ਕੋਈ ਕੋਈ ਆਉਂਦਾ ਹੈ। ਜ਼ਿੰਦਗੀ 'ਚ ਇੱਕ ਅੱਧਾ ਲੱਭ ਜਾਵੇ, ਆ ਜਾਵੇ-ਆ ਜਾਵੇ। ਉਹ ਵੀ ਬੜੀ ਖੁਸ਼ਕਿਸਮਤੀ ਹੈ। ਉਹ ਜਿਹੜੀ window shooing ਵਾਲੀ ਦੁਨੀਆਂ ਹੈ ਉਹ ਤਾਂ ਬੇਅੰਤ ਆਉਂਦੀ ਹੈ। ਆਹ ੧੭ ਸੈਕਟਰ, ਚੰਡੀਗੜ੍ਹ; ਸ਼ੀਸ਼ੇ ਦੇ ਵਿੱਚ ਚੀਜ਼ਾਂ ਰੱਖ ਦਿੰਦੇ ਨੇ ਸਾਡੀ ਦੁਕਾਨ 'ਚ ਆਹ ਚੀਜ਼ਾਂ ਨੇ। ਉਥੇ ਦੁਨੀਆਂ ਤੁਰੀ ਫਿਰਦੀ ਹੈ, ਦੇਖਦੇ ਨੇ ਖੜ੍ਹ-ਖੜ੍ਹ ਕੇ ਕਿ ਇਨ੍ਹਾਂ ਦੇ ਆਹ ਵੀ ਹੈ, ਆਹ ਵੀ ਹੈ; ਇਹਨੂੰ window shopping ਕਹਿੰਦੇ ਨੇ। ਲੈਣਾ ਦੇਣਾ ਕੁਛ ਵੀ ਨਹੀਂ। ਦੇਖੀ ਜਾਣਾ ਹੈ। ਇਸ ਤਰ੍ਹਾਂ ਸਾਧੂ ਮਹਾਂਪੁਰਸ਼ਾਂ ਦੇ ਕੋਲ window shopping ਵਾਲੇ ਤਾਂ ਲੱਖਾਂ ਆਉਂਦੇ ਨੇ। ਸਾਰੀ ਜ਼ਿੰਦਗੀ ਆਈ ਜਾਂਦੇ ਨੇ, ਵਪਾਰੀ ਕਦੀ-ਕਦੀ ਕੋਈ ਆਉਂਦਾ ਹੈ। ਸੋ ਮਹਾਰਾਜ ਕਹਿੰਦੇ ਜਿਹਦੇ 'ਤੇ ਦਇਆਲ ਹੋ ਜਾਂਦਾ ਹੈ ਨਾ, ਕਿ ਵਪਾਰੀ ਆ ਗਿਆ ਹੁਣ, ਸਤਿਗੁਰੂ ਸ਼ਾਹ ਆਪਣਾ ਦਰਵਾਜ਼ਾ ਖੋਲ੍ਹ ਲੈਂਦਾ ਹੈ।

***ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਅੰਗ - ੩੦੫***

ਜੀਵ ਤੇ ਬ੍ਰਹਮ ਦੀ ਏਕਤਾ ਵਾਲਾ ਉਪਦੇਸ਼ ਸ਼ਕਤੀ ਨਾਲ ਦਿੰਦਾ ਹੈ, ਉਹਦੇ ਜਿਹੜਾ ਹਿਰਦੇ 'ਚ ਉਤਰ ਜਾਵੇ, ਅੰਦਰ ਧੁਰ ਚਲਿਆ ਜਾਵੇ ਤੇ ਉਹਦੇ ਛੌੜ ਕੱਟ ਹੋ ਜਾਣ। ਫੇਰ ਉਹਦਾ ਦਰਜਾ ਕਿੱਡਾ ਹੋ ਜਾਂਦਾ ਹੈ -

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ - ੩੦੫***

ਜਿਹੜਾ ਆਪ ਵੀ ਨਾਮ ਜਪਦਾ ਹੈ, ਦੂਜਿਆਂ ਨੂੰ ਵੀ ਜਪਾਉਂਦਾ ਹੈ। ਉਨ੍ਹਾਂ ਦੀ ਗੁਰੂ ਸਾਹਿਬ ਕਹਿੰਦੇ ਮੈਂ ਵੀ ਧੂੜ ਮੰਗਦਾ ਹਾਂ।

ਇਹ ਬੇਨਤੀ ਮੈਂ ਤਾਂ ਕਰੀ ਹੈ ਕਿ ਅੰਮ੍ਰਿਤਸਰ ਦਾ ਨਹੀਂ ਸਾਨੂੰ ਪਤਾ। ਜਦੋਂ ਸਾਨੂੰ ਅੰਮ੍ਰਿਤਸਰ ਦੇ ਇਸ਼ਨਾਨ ਦਾ ਪਤਾ ਲਗ ਜਾਂਦਾ ਹੈ। ਮਹਾਰਾਜ ਕਹਿੰਦੇ ਨੇ -

***ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ ॥ ਅੰਗ - ੫੮੭***

ਜਿੰਨਾ ਚਿਰ ਗਿਆਨ ਨਹੀਂ ਹੁੰਦਾ, ਓਨਾਂ ਚਿਰ ਕੋਈ ਗੱਲ ਨਹੀਂ ਬਣਦੀ। ਉਹ ਗਿਆਨ ਦਾ ਜਿਹੜਾ ਅਨੁਭਵ ਹੈ ਮਹਾਰਾਜ ਕਹਿੰਦੇ ਅੰਦਰਲਾ ਤੀਰਥ ਉਹ ਹੈ। ਓਸ ਤੀਰਥ ਵਿੱਚ ਅਸੀਂ ਇਸ਼ਨਾਨ ਕਰਨਾ ਹੈ।

***ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ ॥ ਅੰਗ- ੫੮੭***

ਹੁਣ ਸਾਰੀ ਜਨਮਾਂ-ਜਨਮਾਂਤਰਾਂ ਦੀ ਮੈਲ ਲਹਿ ਗਈ ਤੇ ਮਨ ਨਿਰਮਲ ਹੋ ਗਿਆ, ਜਦੋਂ ਮਨ ਨਿਰਮਲ ਹੋ ਗਿਆ -

***ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥ ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥ ਅੰਗ - ੧੩੬੭***

ਕਬੀਰ ਸਾਹਿਬ ਕਹਿੰਦੇ ਪਹਿਲਾਂ ਤਾਂ ਅਸੀਂ ਕਹਿੰਦੇ ਸੀਗੇ

'ਰਾਮ-ਰਾਮ-ਰਾਮ' ਕਹਿੰਦੇ ਹੁਣ ਰੱਬ ਕਹਿੰਦਾ ਹੈ 'ਕਬੀਰ ਕਬੀਰ ਕਬੀਰ'। ਉਹ ਕਿਉਂ ਕਹਿੰਦਾ ਹੈ ਕਿਉਂਕਿ ਮਨ ਨਿਰਮਲੁ ਹੋ ਗਿਆ। ਮੈਲ ਲਹਿ ਗਈ, ਹਉਮੈ ਦੀ ਅੰਸ ਖਤਮ ਹੋ ਗਈ। ਉਹ ਹੁਣ ਪਛਾਣ ਨਹੀਂ ਸਕਦੇ। ਪਤਾ ਨਹੀਂ ਲਗਦਾ -

***ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥ ਅੰਗ - ੯੬੯***

ਹੁਣ ਪਤਾ ਨਹੀਂ ਕਿ ਕਬੀਰ ਕਿਹੜਾ ਹੈ ਤੇ ਰਾਮ ਕਿਹੜਾ ਹੈ, ਦੋਵੇਂ ਇਕ-ਮਿਕ ਹੋ ਗਏ।

***ਜਿਉ ਜਲ ਮਹਿ ਜਲੁ ਆਇ ਖਟਾਨਾ ॥***
***ਤਿਉ ਜੋਤੀ ਸੰਗਿ ਜੋਤਿ ਸਮਾਨਾ ॥ ਅੰਗ-੨੭੮***

ਜਿਵੇਂ ਪਾਣੀ 'ਚ ਪਾਣੀ ਆ ਕੇ ਰਲ ਗਿਆ, ਟੋਲ ਕੇ ਦੇਖੋ ਕਿ ਉਹ ਪਾਣੀ ਕਿੱਥੇ ਗਿਆ ਫਲਾਣੇ ਦਰਿਆ ਵਾਲਾ। ਲੱਭਦਾ ਹੈ ਕਿਤੇ, ਉਹ ਤਾਂ ਪਾਣੀ 'ਚ ਰਲ ਗਿਆ। ਸੋ ਉਸ ਤੀਰਥ ਦੇ ਉੱਤੇ ਇਸ਼ਨਾਨ ਕਰਨ ਦੇ ਨਾਲ ਇੱਕ ਤਾਂ ਮੈਲ ਗਈ, ਇਕ ਮਨ ਨਿਰਮਲ ਹੋ ਗਿਆ। ਹੋਇਆ ਕਾਹਦੇ ਨਾਲ?

***........ਅੰਮ੍ਰਿਤ ਸਰਿ ਤੀਰਥਿ ਨਾਇ ॥ ਅੰਗ - ੫੮੭***

ਅੰਮ੍ਰਿਤਸਰ ਤੀਰਥ ਨਾਲ ਇਸ਼ਨਾਨ ਕਰ ਲਿਆ ਅਸੀਂ। ਅੰਦਰੋਂ ਤੀਰਥ ਲੱਭ ਗਿਆ। ਜਿਹਨੂੰ ਲੱਭ ਗਿਆ, ਉਹ ਜਿੱਥੇ ਪੈਰ ਧਰਦਾ ਹੈ, ਉਥੇ ਤੀਰਥ ਬਣ ਜਾਂਦਾ ਹੈ, ਜਿੱਥੇ ਚਰਨ ਰਖਦਾ ਹੈ ਉਥੇ ਹੀ ਤੀਰਥ, ਜਿਥੇ ਚਰਨ ਰਖਦਾ ਹੈ ਉਥੇ ਹੀ ਤੀਰਥ। ਉਹ ਜੰਗਮ ਤੀਰਥ ਬਣ ਜਾਂਦਾ ਹੈ, ਥਾਂ-ਥਾਂ। ਜਿਥੇ ਬਹਿ ਗਿਆ ਉਥੇ ਤੀਰਥ, ਜਿਥੇ ਤੁਰਿਆ ਜਾਂਦਾ ਹੈ ਉਥੇ ਤੀਰਥ, ਥੋੜ੍ਹਾ ਨਹੀਂ ੬੮ ਤੀਰਥ ਬਣਦੇ ਤੁਰੇ ਜਾਂਦੇ ਨੇ, ਜਿੱਥੇ ਉਹ ਪੈਰ ਰਖਦਾ ਹੈ, ਜਿਹਨੂੰ ਓਸ ਤੀਰਥ ਦਾ ਥਾਉ ਲਗ ਗਿਆ।

***ਅਠਸਠਿ ਤੀਰਥ ਜਹ ਸਾਧ ਪਗ ਧਰਹਿ ॥ ਅੰਗ - ੮੯੦***

੬੮ ਤੀਰਥ ਬਣ ਜਾਂਦੇ ਨੇ ਜਿੱਥੇ ਸਾਧੂ ਪੈਰ ਧਰ ਦੇਵੇ। ਤੀਰਥ ਹੀ ਨਹੀਂ ਬਣਦੇ -

***ਤਹ ਬੈਕੁੰਠੁ ਜਹ ਨਾਮੁ ਉਚਰਹਿ ॥ ਅੰਗ - ੮੯੦***

ਜਿੱਥੇ ਨਾਮ ਦਾ ਉਚਾਰਨ ਹੁੰਦਾ ਹੈ ਉਥੇ ਬੈਕੁੰਠ ਬਣਾ ਦਿੰਦਾ ਹੈ। ਕਹਿੰਦੇ -

***ਜਨ ਕੀ ਧੂਰਿ ਕੀਓ ਮਜਨੁ ਨਾਨਕ***
***ਜਨਮ ਜਨਮ ਕੇ ਹਰੇ ਕਲੰਗਾ ॥ ਅੰਗ- ੮੨੮***

ਐਸੇ ਮਹਾਤਮਾ ਦੇ ਚਰਨਾਂ ਦੀ ਧੂੜ ਲੈ ਕੇ ਇਸ਼ਨਾਨ ਕਰਿਆ, ਉਹਦੇ ਬਚਨ ਸੁਣੇ। ਮਨ ਦਾ ਇਸ਼ਨਾਨ ਕਰਾਇਆ, ਉਹਦਾ ਫਲ ਕੀ ਹੋਇਆ? ਕਰੋੜਾਂ ਜਨਮਾਂ ਦੇ ਪਾਪ ਮਿੰਟ 'ਚ ਲਾਹ ਕੇ ਪਰ੍ਹੇ ਮਾਰੇ। ਮਹਾਰਾਜ ਕਹਿੰਦੇ ਹੁਣ ਤੀਰਥ ਨੂੰ ਜਾਣ ਗਏ। ਇਹ ਤੀਰਥ ਦਾ ਪਤਾ ਲਗ ਗਿਆ ਤੁਹਾਨੂੰ। ਜਿਹਨੇ ਇਸ ਤੀਰਥ ਨੂੰ ਜਾਣ ਲਿਆ, ਪਵਿੱਤਰ ਹੀ ਨਹੀਂ ਹੋ ਗਿਆ, ਉਹ ਪੁਨੀਤ ਹੋ ਗਿਆ -

***ਧਾਰਨਾ - ਮਾਘਿ ਪੁਨੀਤ ਭਏ***
***ਤੀਰਥ ਅੰਤਰਿ ਜਾਨਿਆ।***

ਗੁਰੂ ਮਹਾਰਾਜ ਨੇ ਗੁੰਝਲ ਖੋਲ੍ਹ ਦਿੱਤੀ। ਅੰਮ੍ਰਿਤਸਰ ਦਾ ਵੀ ਪਤਾ ਦਸ ਦਿਤਾ, ਨਾਲ ਇਹ ਕਹਿ ਦਿੱਤਾ ਕਿ ਜਿਹੜਾ ਇਸ਼ਨਾਨ ਕਰਦਾ ਹੈ। ਉਹ ਪਵਿੱਤਰ ਹੀ ਨਹੀਂ ਹੋਇਆ, ਪੁਨੀਤ ਹੋ ਗਿਆ। ਸੌ ਗੁਣਾਂ ਵੱਧ ਪਵਿੱਤਰ ਤੋਂ ਪੁਨੀਤ ਹੋਇਆ ਕਰਦਾ ਹੈ। ਕਹਿੰਦੇ ਮਾਘਿ ਦੇ ਮਹੀਨੇ ਅਸੀਂ ਇਸ਼ਨਾਨ ਕਰਿਆ ਤੇ ਪਵਿੱਤਰ ਹੋ ਗਏ। ਕਿਉਂਕਿ ਸਾਨੂੰ ਅੰਦਰਲੇ ਤੀਰਥ ਦਾ ਪਤਾ ਲਗ ਗਿਆ।

***ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥ ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ॥ ਅੰਗ - ੧੧੦੯***

ਹੁਣ ਕੀ ਹੋਇਆ, ਨਹਾ ਲਏ। ਸਰੀਰ ਖੁਸ਼ਬੂਦਾਰ ਹੋ ਗਿਆ ਅੰਦਰਲਾ। ਸੁਗੰਧੀਆਂ ਆਉਣ ਲਗ ਗਈਆਂ, ਮੈਲ ਹਟ ਗਈ, ਜਿਹੜਾ ਅੰਦਰ ਰਹਿੰਦਾ ਸੱਜਣ ਸੀ, ਉਹਨੂੰ ਪਿਆਰੇ ਲੱਗੇ ਉਹਨੇ ਖਿੱਚ ਕੇ ਆਪਣੇ ਨਾਲ ਮਿਲਾ ਲਿਆ। ਪਹਿਲਾਂ ਕਿਉਂ ਨਹੀਂ ਸੀ ਮਿਲਾਉਂਦਾ। ਮਹਾਰਾਜ ਕਹਿੰਦੇ ਪਹਿਲਾਂ ਗੰਦੇ ਸਰੀਰ ਨੂੰ ਕੋਈ ਲਾਉਂਦਾ ਹੈ ਨੇੜੇ, ਬਦਬੂ ਮਾਰਦੀ ਹੋਵੇ। ਕਿਹੜਾ ਬੰਦਾ ਹੈ ਜਿਹੜਾ ਕੋਲ ਬਿਠਾਲ ਲਏਗਾ, ਨੱਕ ਬੰਦ ਕਰਨਾ ਪੈਂਦਾ ਹੈ। ਡਰ ਜਾਂਦਾ ਹੈ ਕਿ ਇਹਦਾ ਸਾਹ ਨਾ ਮੈਨੂੰ ਕਿਤੇ ਆ ਜਾਵੇ। ਉਹ ਜਦੋਂ ਸੁਥਰਾ ਹੈ, ਬਹੁਤ ਹੀ ਸੋਹਣਾ ਸੁੰਦਰ ਹੋ ਗਿਆ। ਮੈਲ ਦਾ ਨਾਮ ਨਿਸ਼ਾਨ ਨਹੀਂ ਰਿਹਾ, ਕਹਿੰਦੇ ਉਹਨੇ ਗਹਿ ਕੇ ਅੰਕ ਸਮਾਨਿਆ, ਬਾਹਾਂ ਵਿੱਚ ਲੈ ਲਿਆ।

***ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ***
***ਬੰਕੇ ਤੁਧੁ ਭਾਵਾ ਸਰਿ ਨਾਵਾ ॥ ਅੰਗ - ੧੧੦੯***

ਤੈਨੂੰ ਭਾਇਆ ਤਾਂ ਮੈਨੂੰ ਇਹ ਤੀਰਥ ਲੱਭਿਆ ਤਾਂ ਮੈਂ ਨਾਤ੍ਹਾ ਇਹਦੇ ਵਿੱਚ। ਆਪਣਾ ਅਹੰਕਾਰ ਨਹੀਂ ਕਰਦੇ ਕਿ ਮੈਂ ਟੋਲ੍ਹ ਲਿਆ ਤੀਰਥ। ਕਹਿੰਦੇ -

***ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ॥ ਅੰਗ - ੧੧੦੯***

ਉਥੇ ਗੰਗਾ, ਜਮੁਨਾ ਤੇ ਸੁਰਸਤੀ ਦਾ ਸੰਗਮ ਹੋ ਗਿਆ, ਜਿਵੇਂ ਇਲਾਹਬਾਦ ਸੰਗਮ ਹੁੰਦਾ ਹੈ, ਉਥੇ ਦੁਨੀਆਂ ਜਾ ਕੇ ਇਸ਼ਨਾਨ ਕਰਦੀ ਹੈ। ਮਹਾਰਾਜ ਕਹਿੰਦੇ, ਤੁਹਾਡੇ ਅੰਦਰ ਹੀ ਹੈ। ਸੱਤਾਂ ਸਮੁੰਦਰਾਂ 'ਚ ਸਮਾਅ ਗਿਆ।

***ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ॥ ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ ॥ ਅੰਗ - ੧੧੦੯***

ਮਹਾਨ ਰਸ ਦਾ ਪਤਾ ਲਗ ਗਿਆ ਕਿ ਹਰੀ ਦਾ ਨਾਮ ਜਪ ਕੇ। ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲਿਆ ਅੰਦਰ ਹੀ। ਨਾ ਪੈਸਾ ਖਰਚਣ ਦੀ ਲੋੜ, ਨਾ ਨੱਠਣ ਭੱਜਣ ਦੀ ਲੋੜ। ਇੱਥੇ ਅੰਦਰ ਹੀ ਪਿਆ ਹੈ ਸਭ ਕੁਛ। ਸਾਰੇ ਤੀਰਥ ਅੰਦਰ ਪਏ

ਨੇ। ਦੌੜੇ ਜਾਂਦੇ ਹਾਂ ਅਸੀਂ ਕਿ ਫਲਾਣੇ ਥਾਂ 'ਤੇ ਰੱਬ ਰਹਿੰਦਾ ਹੈ, ਫਲਾਣੇ ਥਾਂ 'ਤੇ ਗੁਰੂ ਰਹਿੰਦਾ ਹੈ। ਕਿਉਂ ਦੌੜਦੇ ਹਾਂ ਕਿਉਂਕਿ ਅੰਦਰ ਦਾ ਪਤਾ ਨਹੀਂ। ਗੁਰੂ ਗ੍ਰੰਥ ਸਾਹਿਬ ਕਹਿੰਦੇ ਨੇ ਪਿਆਰਿਓ–

***ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥***
***ਅੰਗ - ੧੧੯੫***

ਤੁਹਾਡੇ ਅੰਦਰ ਹੀ ਹੈ ਜਿਹਨੂੰ ਤੁਸੀਂ ਟੋਲ੍ਹਦੇ ਫਿਰਦੇ ਓਂ, ਕਿਉਂ ਨੱਠੇ ਫਿਰਦੇ ਓਂ। ਉਥੇ ਫੇਰ ਨਹੀਂ ਲੱਭਣਾ, ਕਿਉਂਕਿ ਤੁਹਾਡੇ ਕੋਲ ਉਹ ਅੱਖ ਨਹੀਂ ਹੈ ਜਿਹਦੇ ਨਾਲ ਉਹ ਦਿਸਦਾ ਹੈ। ਉਹ ਜੇ ਅੱਖ ਇੱਥੇ ਖੁਲ੍ਹ ਗਈ ਤਾਂ ਇੱਥੇ ਹੀ ਦਿਸਦਾ ਹੈ। ਕਬੀਰ ਸਾਹਿਬ ਕਹਿੰਦੇ ਕਿ ਮੈਨੂੰ ਕਹੀ ਗਏ ਕਿ ਰੱਬ ਮੱਕੇ ਰਹਿੰਦਾ ਹੈ। ਮੈਂ ਉਨ੍ਹਾਂ ਦੀ ਗੱਲ ਮੰਨ ਲਈ। ਕਬੀਰ ਸਾਹਿਬ! ਜੇ ਤੁਹਾਨੂੰ ਨਾ ਦਿਖਾਇਆ ਰੱਬ ਤਾਂ ਤੁਸੀਂ ਜੋ ਕਰਨਾ ਹੈ ਕਰ ਲੈਣਾ ਸਾਡੇ ਨਾਲ। ਕਹਿੰਦੇ ਮੈਂ ਉਨ੍ਹਾਂ ਦੀ ਗੱਲ ਮੰਨ ਲਈ ਤੇ ਮੈਂ ਕਾਹਬੇ ਨੂੰ ਤੁਰ ਪਿਆ ਕਿ ਚੱਲ ਇਹ ਹੱਜ ਕਰਨ ਜਾਂਦੇ ਹਾਂ ਆਪਾਂ ਵੀ ਕਰ ਆਉਂਦੇ ਹਾਂ। ਨਾਲੇ ਰੱਬ ਨੂੰ ਦੇਖ ਆਵਾਂਗੇ ਕਿਹੋ ਜਿਹਾ ਹੈ, ਇਨ੍ਹਾਂ ਦਾ ਰੱਬ। ਕਹਿੰਦੇ ਜਦੋਂ ਮੈਂ ਘਰੋਂ ਕਦਮ ਪੁੱਟਿਆ ਗਲੀ 'ਚ। ਮੈਂ ਕੀ ਦੇਖਦਾ ਹਾਂ ਕਿ ਸਾਮ੍ਹਣੇ ਰੱਬ ਖੜ੍ਹਾ ਹੈ। ਉਹ ਕਹਿੰਦਾ ਕਿ ਕਬੀਰਾ! ਇਹ ਤਾਂ ਮੂਰਖ ਬੰਦੇ ਨੇ, ਤੂੰ ਇਨ੍ਹਾ ਮੂਰਖਾਂ ਦਾ ਕਹਿਣਾ ਕਿਵੇਂ ਮੰਨ ਲਿਆ।

***ਕਬੀਰ ਹਜ ਕਾਬੇ ਹਉ ਜਾਇ ਥਾ***
***ਆਗੈ ਮਿਲਿਆ ਖੁਦਾਇ ॥***
***ਸਾਂਈ ਮੁਝ ਸਿਉ ਲਰਿ ਪਰਿਆ***
***ਤੁਝੈ ਕਿਨ੍ਹਿ ਫੁਰਮਾਈ ਗਾਇ ॥ ਅੰਗ- ੧੩੭੫***

ਮਾੜਾ ਮੋਟਾ ਨਹੀਂ ਗੁੱਸੇ ਹੋਇਆ, ਲੜ ਪਿਆ ਚੰਗੀ ਤਰ੍ਹਾਂ ਨਾਲ। ਕਹਿੰਦਾ, ਕਿਹੜੇ ਕਮਲੇ ਨੇ ਤੈਨੂੰ ਦਸ ਦਿਤਾ ਕਿ ਮੈਂ ਕਾਹਬੇ 'ਚ ਰਹਿੰਦਾ ਹਾਂ, ਮੈਂ ਫਲਾਣੀ ਜਗ੍ਹਾ ਰਹਿੰਦਾ ਹਾਂ।

***ਦਖਨ ਦੇਸਿ ਹਰੀ ਕਾ ਬਾਸਾ***
***ਪਛਿਮਿ ਅਲਹ ਮੁਕਾਮਾ॥ ਅੰਗ - ੧੩੪੯***

ਆਪੇ ਹੀ ਵੰਡ ਲਿਆ ਮੈਨੂੰ ਕਿ ਪੱਛਮ 'ਚ ਰਹਿੰਦਾ ਹੈ ਅੱਲਾਹ ਤੇ ਇਧਰ ਹਰੀ ਰਹਿੰਦਾ ਹੈ। ਐਹੋ ਜਿਹੇ ਮੂਰਖਾਂ ਦਾ ਕਹਿਣਾ ਤੂੰ ਮੰਨ ਲਿਆ। ਕਹਿੰਦਾ, ਮੈਂ ਤਾਂ ਘਰ ਹੀ ਹਾਂ, ਬਾਹਰ ਨਹੀਂ ਹਾਂ। ਗੁਰੂ ਨੇ ਦਿਖਾਲ ਦਿੱਤਾ ਮੈਨੂੰ ਕਿ ਇਹ ਤਾਂ ਅੰਦਰ ਹੀ ਰਹਿੰਦਾ ਹੈ, ਕੋਲ ਹੀ ਰਹਿੰਦਾ ਹੈ, ਮੇਰੇ ਨਾਲੋਂ ਕਦੇ ਵਿਛੜਦਾ ਹੀ ਨਹੀਂ ਹੈ। ਅਸੀਂ ਕਦੇ ਅੱਡ ਹੀ ਨਹੀਂ ਹੁੰਦੇ। ਸੋ –

***ਨਾਨਕ ਮਾਘਿ ਮਹਾ ਰਸੁ ਹਰਿ ਜਪਿ***
***ਅਠਸਠਿ ਤੀਰਥ ਨਾਤਾ ॥ ਅੰਗ - ੧੧੦੯***

੬੮ ਤੀਰਥ ਨਹਾ ਲਏ। ਬਾਂਗਾਂ ਦਿੰਦਾ ਸੀ, ਉੱਚੀ-ਉੱਚੀ ਖੜ੍ਹਾ। ਕਬੀਰ ਸਾਹਿਬ ਕਹਿੰਦੇ, ਮੁੱਲਾਂ ਜੀ ਕੀ ਕਰ ਰਹੇ ਓਂ? ਉੱਚੀ-ਉੱਚੀ ਹਾਕਾਂ ਮਾਰਦਾ ਹੈਂ ਅੱਲਾਹ ਹੂ ਅਕਬਰ, ਕਹਿੰਦੇ ਸਾਂਈ ਬਹਿਰਾ ਹੈ?

***ਦਖਨ ਦੇਸਿ ਹਰੀ ਕਾ ਬਾਸਾ***
***ਪਛਿਮਿ ਅਲਹ ਮੁਕਾਮਾ ॥ ਅੰਗ - ੧੩੪੯***

ਉਥੇ ਮੈਨੂੰ ਬ੍ਰਹਿਮਿੰਘਮ, ਇੰਗਲੈਂਡ 'ਚ ਸਿੰਘ ਮਿਲੇ। ਕਹਿੰਦੇ ਅਸੀਂ ਉੱਚੀ-ਉੱਚੀ ਸ਼ਬਦ ਪੜ੍ਹਦੇ ਹੁੰਦੇ ਹਾਂ। ਇੱਕ ਦਿਨ ਗੋਰੇ ਸਾਡੇ ਨਾਲ ਸੀ। ਉਹ ਕਹਿੰਦੇ, ਸਿੰਘੋ! ਤੁਸੀਂ ਬਹੁਤ ਉੱਚੀ-ਉੱਚੀ ਗਾਉਂਦੇ ਓਂ, ਵਾਹਿਗੁਰੂ-ਵਾਹਿਗੁਰੂ, ਇਹ ਕੀ ਗੱਲ? ਉਹ ਕਹਿੰਦਾ, ਸਾਥੀ ਸਾਡੇ ਵਾਲਾ ਰੱਬ ਬੋਲਾ ਹੈ, ਤਾਂ ਵੀ ਨਹੀਂ ਸੁਣਦਾ, ਐਨਾ ਰੌਲਾ ਪਾਉਣ ਤੋਂ ਵੀ। ਉਹਦੀ ਤਰਕ ਸੀ, ਉਹਨੇ ਸਹੀ ਗੱਲ ਕਹਿ ਦਿੱਤੀ ਕਿ ਰੱਬ ਤਾਂ ਅੰਦਰ ਬੈਠਾ ਹੈ। ਅੰਦਰ ਜਾਣ ਦਾ ਪਤਾ ਲਗ ਜਾਵੇ, ਤਾਂ ਜਾ ਕੇ ਰੱਬ ਨਾਲ ਮੇਲ ਹੁੰਦਾ ਹੈ। ਮਹਾਰਾਜ ਕਹਿੰਦੇ ਜਿਨ੍ਹਾਂ ਨੂੰ ਤੀਰਥ ਦਾ ਪਤਾ ਲਗ ਗਿਆ ਉਹ ਪੁਨੀਤ ਹੋ ਗਏ ਤੇ ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲਿਆ। ਐਸੇ ਜਿਹੜੇ ਪ੍ਰੇਮੀ ਨੇ ਜਿਨ੍ਹਾਂ ਨੂੰ ਇਹ ਗੱਲਾਂ ਦਾ ਪਤਾ ਲਗ ਜਾਂਦਾ ਹੈ, ਉਨ੍ਹਾਂ ਦੀ ਧੂੜ ਮੰਗਦੇ ਹਾਂ ਅਸੀਂ। –

***ਜਨ ਕੀ ਧੂਰਿ ਕੀਓ ਮਜਨੁ ਨਾਨਕ***
***ਜਨਮ ਜਨਮ ਕੇ ਹਰੇ ਕਲੰਗਾ ॥ ਅੰਗ- ੮੨੮***

ਉਨ੍ਹਾਂ ਦੀ ਧੂੜੀ ਨਾਲ ਇਸ਼ਨਾਨ ਕਰਕੇ, ਕਰੋੜਾਂ ਜਨਮਾਂ ਦੇ ਜਿਹੜੇ ਪਾਪ ਸੀ ਉਹ ਲਹਿ ਗਏ। ਕਹਿੰਦੇ, ਅਸੀਂ ਤਾਂ ਮੰਗਦੇ ਹੀ ਹਾਂ ਜਿਹੜੇ ਦੇਵਤੇ ਨੇ ਅਠਾਹਠ ਤੀਰਥਾਂ ਦੇ, ਉਹ ਵੀ ਉਹਦੇ ਚਰਨਾਂ ਦੀ ਧੂੜ ਮੰਗਦੇ ਨੇ –

***ਧਾਰਨਾ - ਤੀਰਥ ਵੀ ਲੋਚਦੇ***
***ਸੰਤਾਂ ਦੀ ਧੂੜੀ ਤਾਂਈ।***

ਗੰਗਾ, ਜਮੁਨਾ, ਗੋਦਾਵਰੀ, ਸੁਰਸਤੀ ਇਹ ਵੱਡੇ ਤੀਰਥ ਇਨ੍ਹਾਂ ਦੇ ਦੇਵਤੇ –

***ਗੰਗਾ ਜਮੁਨਾ ਗੋਦਾਵਰੀ ਸਰਸੁਤੀ***
***ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥***
***ਅੰਗ - ੧੨੬੩***

ਉਦਮ ਕਰਦੇ ਨੇ ਕਿ ਜਿਨ੍ਹਾਂ ਨੇ ਅੰਦਰਲੇ ਤੀਰਥ 'ਤੇ ਇਸ਼ਨਾਨ ਕਰ ਲਿਆ, ਕਰੋੜਾਂ ਪਾਪਾਂ ਨੂੰ ਦੂਰ ਕਰ ਦਿੱਤਾ, ਓਸ ਸਾਧੂ ਦੀ ਧੂੜੀ ਸਾਨੂੰ ਵੀ ਮਿਲਣੀ ਚਾਹੀਦੀ ਹੈ।ਕਿਉਂਕਿ –

***ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ***
***ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥***
***ਅੰਗ - ੧੨੬੩***

ਸੋ ਅਠਾਹਠ ਤੀਰਥ ਦੇ ਜਿਹੜੇ ਅਭਿਮਾਨੀ ਦੇਵਤੇ ਨੇ, ਉਹ ਕਹਿੰਦੇ ਸਾਡੇ ਵਿੱਚ ਪਾਪੀਆਂ ਨੇ ਨਹਾ-ਨਹਾ ਕੇ ਮੈਲ ਛੱਡ ਦਿੱਤੀ। ਅਸੀਂ ਕਾਲੇ ਹੋ ਗਏ ਤੇ ਸਾਡੀ ਜਿਹੜੀ ਮੈਲ ਹੈ, ਜੇ ਸਾਧੂ ਦੀ ਧੂੜ ਮਿਲ ਜਾਵੇ, ਉਹ ਸਾਧੂ ਜਿਹੜਾ ਅੰਦਰਲੇ ਤੀਰਥ ਵਿੱਚ ਇਸ਼ਨਾਨ ਕਰਦਾ ਹੈ। ਅਸੀਂ ਵੀ ਪਵਿੱਤਰ ਹੋ ਜਾਈਏ।

***ਤੀਰਥਿ ਅਠਸਠਿ ਮਜਨੁ ਨਾਈ ॥***
***ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ***
***ਸਭ ਦੁਰਮਤਿ ਮੈਲੁ ਗਵਾਈ ॥ ਅੰਗ- ੧੨੬੩***

ਜਿੰਨੀ ਖੋਟੀ ਮਤ ਸੀ ਸਾਰੀ ਦੂਰ ਹੋ ਗਈ ਤੇ ਇਹ ਧੂੜੀ ਦੇ ਵਿੱਚ ਬਰਕਤ ਹੈ।

ਇਕ ਵਾਰੀ ਇਕ ਕੋਈ ਸੌਦਾਗਰ ਸੀ ਲਾਹੌਰ ਵਿੱਚ ਰਹਿੰਦਾ। ਉਹ ਬਾਹਰ ਗਿਆ ਹੋਇਆ ਸੀ, ਘਰਵਾਲੀ ਸੀ। ਉਥੇ ਇੱਕ ਬਹੁਤ ਉੱਚ ਕੋਟੀ ਦੇ ਮਹਾਤਮਾ ਰਹਿੰਦੇ ਸੀ, ਬੀਤਰਾਗ ਅਵਸਥਾ ਦੇ। ਐਸਾ ਹੋਇਆ ਕਿ ਉਹ ਇੱਕ ਦਿਨ ਇਸ਼ਨਾਨ ਕਰਕੇ ਤੀਸਰੀ ਮੰਜ਼ਲ 'ਤੇ ਖੜ੍ਹੀ ਵਾਲ ਸੁਕਾ ਰਹੀ ਸੀ ਤੇ ਓਧਰਲੇ ਪਾਸੇ ਲਾਹੌਰ ਦਾ ਨਵਾਬ ਸੀ, ਉਹ ਵੀ ਉੱਤੇ ਚੜ੍ਹਿਆ ਹੋਇਆ ਸੀ। ਉਹਦੀ ਨਿਗ੍ਹਾਂ ਉਸ ਬੀਬੀ 'ਤੇ ਪੈ ਗਈ, ਦੇਖਿਆ ਕਿ ਬਹੁਤ ਸੁੰਦਰ ਸਡੌਲ ਸਰੀਰ ਹੈ, ਮੰਦ ਬਿਰਤੀ ਜਾਗ ਪਈ। ਹੇਠਾਂ ਆ ਗਿਆ, ਆ ਕੇ ਕਹਿਣ ਲੱਗਿਆ ਕਿ ਔਹ ਜਿਹੜਾ ਮਕਾਨ ਹੈ, ਦੇਖੋ ਔਹ ਜਿਹੜੀ ਔਰਤ ਹੈ ਮੇਰੇ ਕੋਲ ਲੈ ਕੇ ਆਓ ਉਹਨੂੰ। ਉਹ ਵਜ਼ੀਰ ਸਿਆਣਾ ਸੀ, ਕਾਜ਼ੀ ਜਿਹੜਾ ਸੀ ਇਨਸਾਫ ਕਰਦਾ ਸੀ, ਉਹ ਕਹਿੰਦਾ ਹਜ਼ੂਰ! ਇਸ ਤਰ੍ਹਾਂ ਜੇ ਮੰਗਾਇਆ ਤਾਂ ਬਦਨਾਮੀ ਬਹੁਤ ਹੋ ਜਾਏਗੀ। ਕਹਿੰਦੇ ਫੇਰ? ਉਹ ਤਾਂ ਆਉਣੀ ਚਾਹੀਦੀ ਹੈ। ਕਹਿੰਦਾ ਮੇਰੇ ਕੋਲ ਮੰਤਰ ਬਲ ਹੈ, ਮੈਂ ਮੰਤਰ ਬਲ ਨਾਲ ਮੰਗਾ ਦਿੰਦਾ ਹਾਂ। ਸਿਪਾਹੀ ਕਹਿੰਦਾ ਭੇਜ ਦਓ ਪਹਿਲਾਂ, ਜੇ ਤਾਂ ਐਵੇਂ ਹੀ ਆ ਜਾਵੇ ਤਾਂ ਫੇਰ ਠੀਕ ਹੈ। ਸਿਪਾਹੀ ਭੇਜ ਦਿੱਤੇ, ਉਨ੍ਹਾਂ ਨੇ ਕਿਹਾ ਕਿ ਤੈਨੂੰ ਨਵਾਬ ਸਾਹਿਬ ਬੁਲਾਉਂਦੇ ਨੇ। ਉਹ ਕਹਿਣ ਲੱਗੀ ਕਿ ਦੇਖ, ਮੈਂ ਹਾਂ ਪਤੀਵਰਤਾ ਇਸਤਰੀ ਤੇ ਮੈਂ ਪਰਪੁਰਖ ਬਾਰੇ ਕਦੇ ਸੋਚ ਵੀ ਨਹੀਂ ਸਕਦੀ। ਮੈਂ ਨਹੀਂ ਆਉਣਾ, ਚਾਹੇ ਮੇਰੇ ਟੁਕੜੇ-ਟੁਕੜੇ ਹੋ ਜਾਣ। ਉਹ ਕਹਿੰਦਾ, ਬੀਬੀ! ਤੇਰੇ ਬਾਲ ਬੱਚੇ ਮਾਰ ਦਏਗਾ ਉਹ। ਤੇਰੇ ਪਤੀ ਨੂੰ ਕੈਦ ਕਰ ਦਏਗਾ। ਕਹਿੰਦੀ, ਕੁਛ ਵੀ ਹੋ ਜਾਵੇ, ਮੈਂ ਆਪਣਾ ਪਤੀਵਰਤਾ ਧਰਮ ਨਿਭਾਉਣਾ ਹੈ। ਕਾਜ਼ੀ ਕਹਿਣ ਲੱਗਿਆ ਕਿ ਤੁਸੀਂ ਇਸ ਤਰ੍ਹਾਂ ਨਾ ਕਰੋ। ਮੰਤਰ ਪੜ੍ਹਿਆ ਮੰਜੇ ਦੇ ਪਾਵੇ ਹੇਠ ਦੱਬ ਦਿੱਤਾ। ਉਹਦੇ ਵੀ ਮਨ 'ਚ ਸੋਚ ਆ ਗਈ ਕਿ ਜੇ ਬੱਚੇ ਮਾਰ ਦਿੱਤੇ, ਪਤੀ ਮਾਰ ਦਿੱਤਾ। ਬੜਾ ਮਾੜਾ ਕੰਮ ਹੋਊ। ਸੋਚ-ਸੋਚ ਕੇ ਕਹਿਣ ਲੱਗੀ ਕਿ ਮੈਨੂੰ ਜਾਣਾ ਚਾਹੀਦਾ ਹੈ। ਕਪੜੇ ਬਦਲਣ ਲਗ ਗਈ। ਦੂਸਰਾ ਮੰਤਰ ਦੱਬ ਦਿੱਤਾ ਤਾਂ ਉਸ ਵੇਲੇ ਜਾਣ ਨੂੰ ਬਿਲਕੁਲ ਤਿਆਰ ਹੋ ਗਈ, ਸ਼ਿਗਾਰ ਲਾਉਣ ਲਗ ਗਈ। ਤੀਸਰ ਪਾਵੇ ਥੱਲੇ ਜਦ ਮੰਤਰ ਦੱਬਿਆ, ਤਿਆਰੀ ਕਰ ਲਈ ਬਾਹਰ ਨਿਕਲਣ ਦੀ, ਤਾਲਾ ਲਾ ਦਿੱਤਾ। ਚੌਥੇ ਮੰਤਰ ਵੇਲੇ ਖਿੱਚੀ ਓਧਰ ਨੂੰ ਹੀ ਜਾਂਦੀ ਹੈ, ਜਿਧਰੋਂ ਮੰਤਰ ਪੜ੍ਹਿਆ ਹੈ। ਰਸਤੇ 'ਚ ਮਹਾਤਮਾ ਬੈਠੇ ਸੀ, ਇਹਦੇ ਖਿਆਲ 'ਚ ਆਇਆ ਕਿ ਮੈਂ ਮੱਥਾ ਟੇਕ ਜਾਵਾਂ। ਜਦ ਮੱਥਾ ਟੇਕਣ ਲੱਗੀ ਤਾਂ ਮਹਾਤਮਾ ਨੇ ਇਕਦਮ ਸਾਰਾ ਮੱਥਾ ਪੜ੍ਹ ਲਿਆ ਕਿ ਇਹਦੇ ਤਾਂ ਮਨ ਵਿੱਚ ਵਿਕਾਰ ਹੈ। ਕਹਿਣ ਲੱਗੇ, ਬੇਟਾ! ਤੇਰਾ ਪਤੀ ਤਾਂ ਬਾਹਰ ਗਿਆ ਹੋਇਆ ਤੇ ਤੂੰ ਸ਼ਿੰਗਾਰ ਕਾਹਦੇ ਵਾਸਤੇ ਲਾਏ ਨੇ, ਇਹਨੇ ਸਾਰੀ ਗੱਲ ਦੱਸ ਦਿੱਤੀ, ਕਹਿਣ ਲੱਗੀ, ਮਹਾਂਪੁਰਸ਼ੋ! ਮੈਨੂੰ ਕੁਛ ਨਹੀਂ ਪਤਾ, ਮੈਨੂੰ ਕੀ ਹੋ ਗਿਆ, ਮੇਰਾ ਤਾਂ ਦਿਮਾਗ ਖਿੱਚ ਖਾ ਗਿਆ। ਮੈਨੂੰ ਨਹੀਂ ਪਤਾ ਕਿ ਮੈਂ ਭਲਾ ਕਰ ਰਹੀ ਹਾਂ ਕਿ ਬੁਰਾ ਕਰ ਰਹੀ ਹਾਂ। ਕੋਈ ਚੀਜ਼ ਮੈਨੂੰ ਖਿੱਚੀਂ ਲਈ ਜਾ ਰਹੀ ਹੈ। ਉਸ ਵੇਲੇ ਮਹਾਤਮਾ ਨੇ ਆਪਣੇ ਚਰਨਾਂ ਦੇ ਥੱਲਿਓਂ ਧੂੜ ਕੱਢੀ, ਉਹਦੇ ਮੱਥੇ 'ਤੇ ਮਲ ਕੇ ਕਾਟਾ ਮਾਰ ਦਿੱਤਾ। ਕਹਿੰਦੇ ਜਾਹ, ਹੁਣ ਨਹੀਂ ਕੁਛ ਵੀ ਹੁੰਦਾ। ਉਸੇ ਵੇਲੇ ਹੋਸ਼ ਆ ਗਈ। ਨਵਾਬ ਨੇ ਕਾਜ਼ੀ ਨੂੰ ਪੁੱਛਿਆ, ਕਿ ਐਨਾ ਚਿਰ ਹੋ ਗਿਆ ਆਈ ਨਹੀਂ। ਉਹ ਕਹਿੰਦਾ, ਮਹਾਰਾਜ! ਘਰੋਂ ਤੁਰ ਪਈ, ਸਭ ਕੁਛ ਹੋ ਗਿਆ। ਮੇਰੀ ਵਿਦਿਆ ਇਹ ਦਸਦੀ ਹੈ ਕਿ ਰਸਤੇ ਦੇ ਵਿੱਚ ਕੋਈ ਐਡੀ ਵੱਡੀ ਸ਼ਕਤੀ ਮਿਲ ਗਈ, ਮਹਾਂਪੁਰਸ਼ ਉਨ੍ਹਾਂ ਨੇ ਨਾਲੇ ਤਾਂ ਉਹਦੇ ਮੱਥੇ ਦਾ ਲੇਖ ਕੱਟ ਦਿੱਤਾ ਨਾਲੇ ਵਾਪਸ ਕਰ ਦਿੱਤੀ। ਮੇਰਾ ਹੁਣ ਬਲ ਨਹੀਂ ਚਲਦਾ। ਚੰਗਾ ਇਹ ਹੈ ਕਿ ਤੁਸੀਂ ਮੰਦੀ ਵਾਸ਼ਨਾ ਦਿਲ ਵਿਚੋਂ ਕੱਢ ਦਿਓ। ਉਹ ਮਹਾਤਮਾ ਨੇ ਕਿਹਾ ਕਿ ਬੇਟਾ! ਤੇਰੇ ਮੱਥੇ 'ਚ ਲਿਖਿਆ ਹੋਇਆ ਸੀ, ਇਹ ਮੰਦ ਕੰਮ ਕਰਨਾ, ਉਹ ਚਰਨਾਂ ਦੀ ਧੂੜੀ ਨੇ ਲੇਖ ਮਿਟਾ ਕੇ ਰੱਖ ਦਿੱਤਾ।

ਸੋ ਇੱਥੇ ਗੁ. ਰਤਵਾੜਾ ਸਾਹਿਬ ਵੀ ਅਸੀਂ ਆਹੀ ਕਰਦੇ ਹਾਂ ਕਿ ਭਾਈ! ਬੀਮਾਰ ਹੈ ਤੂੰ ਤਾਂ ਇੱਥੇ ਝਾੜੂ ਦੇਹ, ਸੰਗਤਾਂ ਫਿਰਦੀਆਂ ਨੇ, ਪਤਾ ਨਹੀਂ ਇਨ੍ਹਾਂ 'ਚ ਕਿਹੜਾ ਪੂਰਨ ਪੁਰਸ਼ ਹੈ। ਕਿਸੇ ਨਾ ਕਿਸੇ ਦਾ ਤਾਂ ਹੋਏਗਾ ਹੀ, ਜਿਹੜੇ ਆਉਂਦੇ ਨੇ ਸਮੁੰਦਰੋਂ ਗਹਿਰੇ ਹੁੰਦੇ ਨੇ। ਕੀ ਪਤਾ ਕਿਹੜੇ ਪੁਰਸ਼ ਨੂੰ ਪ੍ਰਵਾਨਗੀ ਹੈ ਵਾਹਿਗੁਰੂ ਵਲੋਂ। ਤੂੰ ਚਰਨਧੂੜ ਇਕੱਠੀ ਕਰ ਲੈ, ਜਿੱਥੇ ਦੁਖਦਾ ਹੈ ਉਥੇ ਲਾ ਲੈ, ਮਸਤਕ ਨੂੰ ਲਾ ਲੈ, ਜੇ ਸਰੀਰ ਖਰਾਬ ਹੈ ਜਿੱਥੇ ਸਿੰਘ ਨਹਾਉਂਦੇ ਨੇ ਉਥੋਂ ਗਾਰਾ ਲੈ ਕੇ ਲਾ ਲੈ। ਉਹ ਧੂੜੀ ਜਿਹੜੀ ਹੈ ਉਸੇ ਵੇਲੇ ਫਲ ਦੇਣਾ ਸ਼ੁਰੂ ਕਰ ਦਿੰਦੀ ਹੈ। ਕਿੰਨੇ ਸੈਂਕੜਿਆਂ ਦੀ ਤਾਦਾਦ 'ਚ ਰਾਜ਼ੀ ਹੋ ਹੋ ਕੇ ਜਾਂਦੇ ਨੇ।

ਇੱਕ ਪ੍ਰੇਮੀ ਆਏ ਸਾਡੇ ਕੋਲ ਵੱਡੇ ਆਫੀਸਰ ਸੀ। ਮੂੰਹ ਦਿਖਾਇਆ ਔਡ ਕੇ, ਕਾਲਾ ਹੋਇਆ ਹੋਇਆ ਸਾਰਾ ਮੂੰਹ। ਕਹਿਣ ਲੱਗਿਆ ਕਿ ਮੈਂ ਬੜੇ ਸੰਕਟ 'ਚ ਫਸਿਆ ਹੋਇਆ ਹਾਂ। ਬਿਮਾਰ ਹਾਂ ਕੋਈ ਇਲਾਜ ਨਹੀਂ ਹੁੰਦਾ। ਡਿਪਟੀ ਏਅਰ ਮਾਰਸ਼ਲ ਸੀ ਉਹ, ਏਅਰ ਮਾਰਸ਼ਲ ਜਹਾਜ਼ਾਂ ਦਾ ਸਭ ਤੋਂ ਵੱਡਾ ਹੁੰਦਾ ਹੈ, ਇਹ ਉਸ ਤੋਂ ਥੋੜ੍ਹਾ ਛੋਟਾ ਸੀ। ਕਹਿੰਦਾ, ਮੈਂ ਬਹੁਤ ਦੁਖੀ ਹਾਂ। ਮੈਂ ਕਿਹਾ ਕਿ ਤੂੰ ਐਉਂ ਕਰ ਧੂੜੀ ਦਾ ਬੜਾ ਮਹਾਤਮ ਆਇਆ ਹੈ ਬਾਰ-ਬਾਰ, ਐਡਾ ਵੱਡਾ ਮਹਾਤਮ ਹੈ ਕਿ ਧੂੜੀ ਮੰਗੀ ਜਾਂਦੀ ਹੈ। ਐਸ ਤਰ੍ਹਾਂ ਨਾਲ ਪੜ੍ਹ ਲਓ -

***ਧਾਰਨਾ - ਦੇਈਂ ਮਾਲਕਾ ਮੈਨੂੰ ਧੂੜੀ ਸਾਧੂਆਂ ਦੀ।***

***ਸੰਤਨ ਕੀ ਮਹਿਮਾ ਕਵਨ ਵਖਾਨਉ ॥***
***ਅਗਾਧਿ ਬੋਧਿ ਕਿਛੁ ਮਿਤਿ ਨਹੀ ਜਾਨਉ ॥***
***ਪਾਰਬ੍ਰਹਮ ਮੋਹਿ ਕਿਰਪਾ ਕੀਜੈ ॥***
***ਧੂਰਿ ਸੰਤਨ ਕੀ ਨਾਨਕ ਦੀਜੈ ॥ ਅੰਗ- ੧੮੧***

ਹੇ ਪ੍ਰਭੂ! ਕ੍ਰਿਪਾ ਕਰ, ਮੈਨੂੰ ਆਪਣੇ ਪਿਆਰਿਆਂ ਦੀ ਧੂੜੀ ਦੇ ਦੇ। ਮੈਂ ਕਿਹਾ ਦੇਖੋ, ਗੁਰੂ ਮਹਾਰਾਜ ਜੀ ਨੇ ਆਪਣੇ ਬਚਨਾਂ ਦੇ ਅੰਦਰ ਜੋ ਸਤਿ ਬਚਨ ਨੇ ਕਿੱਡਾ ਉੱਚਾ ਫੁਰਮਾਨ ਕਰਿਆ ਹੈ ਤੇ ਤੁਸੀਂ ਐਉਂ ਕਰੋ ਸਾਧੂ ਲੱਭਦਾ ਤਾਂ ਹੈ ਨਹੀਂ ਮੈਂ ਉੱਗਲੀ ਕਰ ਦੇਵਾਂ ਕਿ ਆਹ ਸਾਧੂ ਹੈ। ਇਹ ਵੀ ਨਹੀਂ ਹੈ ਕਿ ਉਹਦੀ ਅਣਹੋਂਦ ਹੈ, ਵਿਚੇ ਹੀ ਤੁਰੇ ਫਿਰਦੇ ਨੇ ਸੰਗਤ ਦੇ। ਕੋਈ ਪਤਾ ਨਹੀਂ ਹੈ ਕਿਹੜਾ ਪ੍ਰਵਾਨ ਹੈ ਕਿਹੜਾ ਬੇ-ਪ੍ਰਵਾਨ ਹੈ। ਫੇਰ ਕਹਿੰਦੇ ਕੀ ਕਰਿਆ ਜਾਵੇ। ਮੈਂ ਕਿਹਾ ਗੁਰਦੁਆਰੇ ਜਦੋਂ ਸੰਗਤ ਜਾਂਦੀ ਹੈ, ਬਹੁਤ ਸਾਰੇ ਗੁਰਦਵਾਰਿਆਂ ਦੇ ਅੱਗੇ ਚੁਵੱਚਾ ਜਿਹਾ ਬਣਿਆ

ਹੁੰਦਾ ਹੈ, ਉਹਦੇ ਵਿੱਚ ਉਹ ਚਰਨ ਧੋ ਕੇ ਜਾਂਦੇ ਨੇ। ਉਹ ਜਿਹੜੀ ਚਰਨਾਂ ਦੇ ਨਾਲ ਧੂੜੀ ਲੱਗੀ ਹੁੰਦੀ ਹੈ, ਉਹ ਉਥੇ ਹੀ ਰਹਿ ਜਾਂਦੀ ਹੈ, ਤੂੰ ਉਹਦੀਆਂ ਕੁਰਲੀਆਂ ਕਰ ਲੈ। ਕਹਿੰਦਾ ਠੀਕ ਹੈ। ਉਥੋਂ ਨੇੜੇ ਹੀ ਅੰਬ ਸਾਹਿਬ ਗੁਰਦੁਆਰਾ ਸਾਹਿਬ ਸੀ, ਉਨ੍ਹਾਂ ਦੇ ਨਾਲ ਇੱਕ ਵੱਡਾ ਅਫਸਰ ਪੁਲਿਸ ਦਾ ਸੀ, ਦੋਵੇਂ ਜਣੇ ਚਲੇ ਗਏ, ਪਹਿਲਾਂ ਉਹ ਬੋਤਲ ਲੈ ਗਿਆ ਕਿ ਮੈਂ ਇਥੋਂ ਪਾਣੀ ਭਰ ਲਵਾਂਗਾ। ਜਦ ਪਾਣੀ ਉਹ ਭਰਨ ਲੱਗੇ ਤਾਂ ਉਹ ਕਹਿਣ ਲੱਗਿਆ ਕਿ ਉਨ੍ਹਾਂ ਨੇ ਕਿਹਾ ਹੈ ਕਿ ਕੁਰਲੀਆਂ ਕੀ ਕਰਨੀਆਂ ਨੇ, ਆਪਾਂ ਪੀ ਹੀ ਲੈਂਦੇ ਹਾਂ। ਗੰਦਲਾ ਹੀ ਪਾਣੀ ਉਹਨੇ ਪੀ ਲਿਆ। ਦੇਖੋ ਇਹਦੇ ਵਿੱਚ ਐਲਰਜੀ ਹੁੰਦੀ ਹੈ, ਡਾਕਟਰ ਇਹ ਕਹੇਗਾ। ਲੋਕਾਂ ਦੇ ਪੈਰ ਧੋਤੇ ਹੋਏ ਪਿਲਾ ਦਿੱਤੇ। ਵੀਹ ਦਿਨ ਤੋਂ ਬਾਅਦ ਉਹ ਮੈਨੂੰ ਮਿਲਿਆ ਮੈਂ ਕਿਹਾ ਕਿ ਤੂੰ ਪਾਠ ਕਰੀਂ ਸ਼ਬਦ ਦਾ। ਉਹ ਕਹਿੰਦਾ ਜੀ ਮੈਂ ੭੫% ਠੀਕ ਹੋ ਗਿਆ। ਮੈਂ ਤਾਂ ਜੀ ਪਾਣੀ ਪੀ ਹੀ ਲਿਆ ਸੀ ਉਥੋਂ। ਫੇਰ ਮਿਲਿਆ ਡੇਢ-ਦੋ ਮਹੀਨੇ ਬਾਅਦ ਮੈਂ ਕਿਹਾ ਕੀ ਹਾਲ ਹੈ ਤੁਹਾਡਾ? ਕਹਿੰਦਾ ਮੈਂ ਤਾਂ ਬਿਲਕੁਲ ਰਾਜ਼ੀ ਹੋ ਗਿਆ, ਡਾਕਟਰ ਕਹਿੰਦੇ, ਤੈਨੂੰ ਤਾਂ ਬਿਮਾਰੀ ਹੀ ਖਤਮ ਹੋ ਗਈ। ਕਿਹੜੀ ਦਵਾਈ ਲਈ ਹੈ ਤੂੰ? ਕਦੇ ਸੁਣਿਆ ਹੈ ਤੁਸੀਂ ਕਿ ਕੈਂਸਰ ਵੀ ਖਤਮ ਹੋ ਜਾਏ। ਸ਼ਰਧਾ ਦੀ ਗੱਲ ਹੈ, ਜਿੰਨੀ ਸ਼ਰਧਾ ਮਨ 'ਚ ਹੈ ਓਨਾਂ ਹੀ ਫਾਇਦਾ, ਗੁਰੂ ਕਿਤੇ ਗਿਆ ਹੋਇਆ ਹੈ। ਅਸੀਂਓਂ ਅੰਨੇ ਹੋਏ ਹੋਏ ਹਾਂ, ਸਾਨੂੰ ਦਿਸਦਾ ਨਹੀਂ ਹੈ, ਕੋਲ ਹੀ ਰਹਿੰਦਾ ਹੈ, ਨਾਲ ਹੀ ਰਹਿੰਦਾ, ਸਾਡਾ ਵਿਸ਼ਵਾਸ਼ ਨਹੀਂ ਬਣਦਾ, ਉਲਟੀਆਂ ਗੱਲਾਂ 'ਚ ਅਸੀਂ ਫਸ ਗਏ। ਨਿੰਦਿਆ ਕਰੀ ਜਾਂਦੇ ਹਾਂ, ਕੋਈ ਸੰਤਾਂ ਦੀ ਕਰੀ ਜਾਂਦਾ ਹੈ। ਠੀਕ ਹੈ ਸੰਤ ਵੀ ਇਹੋ ਜਿਹੇ ਹੀ ਹੋ ਗਏ। ਪੈਸਿਆਂ ਤੋਂ ਅੱਗੇ ਦੀ ਗੱਲ ਹੀ ਨਹੀਂ ਸੋਚਦੇ। ਦੂਜੇ ਪਾਸੇ ਦੁਨੀਆਂ ਵੀ ਐਸੀ ਹੋ ਗਈ -

***ਨਾਨਕ ਦੁਨੀਆ ਕੈਸੀ ਹੋਈ ॥***
***ਸਾਲਕੁ ਮਿਤੁ ਨ ਰਹਿਓ ਕੋਈ ॥ ਅੰਗ-੧੪੧੦***

ਇਸ ਤਰ੍ਹਾਂ ਦੇ ਨਾਲ ਸੰਸਾਰ ਵੀ ਇਹੋ ਜਿਹਾ ਹੀ ਹੋ ਗਿਆ, ਸਾਧੂ ਵੀ ਓਹੋ ਜਿਹੇ ਹੋ ਗਏ। ਸਾਧੂ ਤਾਂ ਹੈ ਨਹੀਂ, ਸਾਧੂ ਤਾਂ ਸਾਧੂ ਹੀ ਹੁੰਦਾ ਹੈ, ਉਹਨੂੰ ਤਾਂ ਕੋਈ ਬੰਦਾ ਦੋਸ਼ ਨਹੀਂ ਦੇ ਸਕਦਾ। ਕਿਉਂਕਿ ਉਹਦੇ ਵਿੱਚ ਕੋਈ ਵੀ ਦੋਸ਼ ਨਹੀਂ ਹੋਇਆ ਕਰਦਾ, ਉਹ ਰੱਬ ਹੀ ਹੁੰਦਾ ਹੈ। ਲੇਕਿਨ ਪ੍ਰਚਲਤ ਹਾਲਤ ਦੇ ਨਾਲ ਭੇਖ ਦੇ ਵਿਚੋਂ ਟੋਲ੍ਹਣਾ ਬੜਾ ਔਖਾ ਹੈ ਕਿ ਕਿਹੜਾ ਅਸਲੀ ਹੈ, ਕਿਹੜਾ ਨਕਲੀ ਹੈ, ਵਾਹਿਗੁਰੂ ਜਾਣੇ, ਕਿਤੇ ਕਿਸਮਤ ਹੋਵੇ -

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ ॥ ਅੰਗ- ੨੦੪***

ਕਰਮ ਜਾਗ ਪੈਣ ਫੇਰ ਕਿਸੇ ਮਹਾਂਪੁਰਸ਼ ਦਾ ਮੇਲ ਹੋ ਜਾਏ ਤਾਂ ਹੋ ਜਾਏ।ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਫੁਰਮਾਨ ਕਰਦੇ ਨੇ ਕਿ ਪਿਆਰਿਓ! ਜਿਨ੍ਹਾਂ ਨੇ ਅੰਦਰਲਾ ਤੀਰਥ ਜਾਣ ਲਿਆ ਨਾ, ਉਨ੍ਹਾਂ ਦੇ ਚਰਨ ਜਿਹੜੇ ਨੇ ਇੱਕ ਥਾਂ 'ਤੇ ਰੱਖ ਦੇਣ, ਕਰੋੜ ਗੰਗਾ ਜਿੰਨਾਂ ਫਲ ਹੈ ਉਨ੍ਹਾਂ ਦੀ ਧੂੜੀ 'ਚ। ਫੇਰ ਅਸੀਂ ਤਾਂ ਪ੍ਰਤਿਆ ਕੇ ਹੀ ਦੇਖ ਲਏ। ਕਿੰਨਾ ਚਿਰ ਹੋ ਗਿਆ ਅਸਥਾਨ (ਰਤਵਾੜਾ ਸਾਹਿਬ) ਬਣੇ ਨੂੰ, ਸੇਵਾ ਕਰਦੇ ਨੇ, ਚਰਨ ਧੂੜ ਲੈ ਜਾਂਦੇ ਨੇ। ਕਿਹੜਾ ਆਉਂਦਾ ਹੈ ਕਿਹੜਾ ਨਹੀਂ ਆਉਂਦਾ, ਸਾਡੇ ਕੋਲ ਕੋਈ ਹਿਸਾਬ ਕਿਤਾਬ ਨਹੀਂ। ਪਹਿਲਾਂ ਰੱਖਿਆ ਸੀ, ਫੇਰ ਹਟ ਗਏ ਅਸੀਂ। ਸਾਡੀ ਕੀ ਇਹਦੇ 'ਚ ਮਿਲਾਪਲੀ ਹੈ, ਉਹ ਸ਼ਰਧਾ ਨਾਲ ਆਉਂਦੇ ਨੇ, ਇੱਥੇ ਸੰਗਤ ਆਉਂਦੀ ਹੈ, ਸੰਗਤ ਵਿੱਚ ਕਿਹੜਾ ਹੇਠਾਂ ਲੱਗਿਆ ਹੋਇਆ, ਕਿਹੜਾ ਹੇਠਾਂ ਹੈ; ਇਹ ਅਸਾਨੂੰ ਨਹੀਂ ਜਾਨਣ ਦੀ ਲੋੜ। ਇਹ ਗੁਰੂ ਜਾਣੇ ਉਹਦਾ ਕੰਮ ਜਾਣੇ। ਸੋ ਇਸ ਤਰ੍ਹਾਂ ਦੇ ਨਾਲ ਆਪਾਂ ਮਾਘ ਦੇ ਮਹੀਨੇ ਵਿੱਚ ਸੰਗਰਾਂਦ ਮਨਾ ਕੇ ਇਸਦੀ ਮਹੱਤਤਾ -

***ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥***
***ਅੰਗ - ੧੧੦੯***

ਜਿਨ੍ਹਾਂ ਨੇ ਜਾਣਿਆ ਹੈ ਆਪਾਂ ਉਨ੍ਹਾਂ ਦੀ ਮਹੱਤਤਾ ਜਾਨਣ ਦਾ ਯਤਨ ਕੀਤਾ ਹੈ। ਸੋ ਇਹਦੇ ਬਾਰੇ ਮਹਾਰਾਜ ਫੁਰਮਾਨ ਕਰਦੇ ਨੇ ਕਿ ਐਸੇ ਸਾਧੂਆਂ ਦੇ ਨਾਲ ਮਿਲ ਤੂੰ। ਫੇਰ ਕੀ ਕਰ? ਉਨ੍ਹਾਂ ਦੀ ਧੂੜੀ 'ਚ ਇਸ਼ਨਾਨ ਕਰ। ਐਉਂ ਪੜ੍ਹ ਲਓ -

***ਧਾਰਨਾ - ਮਾਘਿ ਮਜਨ ਸੰਗਿ ਸਾਧੂਆਂ,***
***ਧੂੜੀ ਕਰ ਇਸ਼ਨਾਨ।***

ਮਾਘ ਦੀ ਸੰਗਰਾਂਦ ਮਨਾਉਂਦੇ ਹਾਂ, ਮਹਾਰਾਜ ਕਹਿੰਦੇ, ਪਿਆਰਿਆਂ! ਤੂੰ ਸੰਤਾਂ ਦੇ ਬਚਨਾਂ ਰੂਪੀ ਧੂੜੀ 'ਚ ਇਸ਼ਨਾਨ ਕਰ। ਜਿੱਥੇ ਉਹ ਚਰਨ ਧਰਦੇ ਨੇ, ਉਹ ਵੀ ਧੂੜੀ ਪਵਿੱਤਰ ਹੈ। ਜਿਹੜੇ ਮੁਖ ਤੋਂ ਬਚਨ ਆਉਂਦੇ ਨੇ, ਉਹ ਮੁੱਖ ਦੀ ਧੂੜੀ ਵੀ ਪਵਿੱਤਰ ਹੈ। ਇੱਕ ਦੇ ਵਿੱਚ ਤੂੰ ਇਸ਼ਨਾਨ ਕਰ, ਮਨ ਦਾ ਇਸ਼ਨਾਨ ਕਰ। ਉਨ੍ਹਾਂ ਦੇ ਬਚਨਾਂ ਦੇ ਅੰਦਰ। ਉਹਦਾ ਫਲ ਕੀ ਹੋਏਗਾ? ਕਰੋੜਾਂ ਜਨਮਾਂ ਦੀ ਮੈਲ ਲੱਗੀ ਹੋਈ ਹੈ ਸਾਨੂੰ।

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ***
***ਕਾਲਾ ਹੋਆ ਸਿਆਹੁ ॥ ਅੰਗ - ੬੫੧***

ਸਿਆਹੁ ਹੋਇਆ ਪਿਆ ਹੈ, ਦੇਖਣ ਨੂੰ ਜੀਅ ਨਹੀਂ ਕਰਦਾ, ਐਉਂ ਮੰਨ ਲਓ। ਐਸਾ ਮਹਾਰਾਜ ਕਹਿੰਦੇ ਤਾਂ ਇਹ ਰੱਬ ਨੂੰ ਨਹੀਂ ਭਾਉਂਦਾ, ਕਿਉਂਕਿ ਮੈਲਾ ਬਹੁਤਾ ਹੋ ਗਿਆ।

***ਇਹੁ ਤਨੁ ਮਾਇਆ ਪਾਹਿਆ ਪਿਆਰੇ***
***ਲੀਤੜਾ ਲਬਿ ਰੰਗਾਏ ॥***
***ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ***
***ਕਿਉ ਧਨ ਸੇਜੈ ਜਾਏ ॥ ਅੰਗ - ੭੨੧***

ਕਿਵੇਂ ਜਾਏਗੀ ਰੱਬ ਦੇ ਕੋਲ ਇਹ ਜੀਵ ਆਤਮਾ। ਮੈਲ ਨਾਲ ਤਾਂ ਭਰੀ ਪਈ ਹੈ। ਮੈਲੇ ਬੰਦੇ ਨੂੰ ਕੋਈ ਨੇੜੇ ਲਗਣ ਦਿੰਦਾ ਹੈ। ਕਹਿੰਦੇ ਜਦ ਤੂੰ ਸੰਤਾਂ ਦੇ ਬਚਨਾਂ ਦੀ ਧੂੜੀ 'ਚ ਇਸ਼ਨਾਨ ਕਰੇਂਗਾ। ਚਰਨਾਂ ਦੀ ਧੂੜੀ ਨੂੰ ਪਵਿੱਤਰ ਜਾਣ ਕੇ ਮਸਤਕ ਨਾਲ ਲਾਏਂਗਾ, ਕਹਿੰਦੇ ਜਨਮਾਂ-ਜਨਮਾਂਤਰਾਂ ਦੀ ਮੈਲ ਤੇਰੀ ਲੱਗੀ ਹੋਈ ਉਤਰਨੀ ਸ਼ੁਰੂ ਹੋ ਜਾਏਗੀ। ਕਰਮਾਂ ਦੀ ਮੈਲ ਵੀ ਉਤਰ ਜਾਏਗੀ। ਕਰਮ ਦੀ ਮੈਲ ਉਤਰਨੀ ਬੜੀ ਔਖੀ ਹੈ ਸਾਧਸੰਗਤ ਜੀ। ਕਰਮ ਤਾਂ ਭੋਗਣਾ ਹੀ ਪੈਂਦਾ ਹੈ। ਵੱਡੇ-ਵੱਡੇ ਬੰਦੇ ਹੋਏ ਨੇ ਜਿਹੜੇ ਕਹਿੰਦੇ ਨੇ ਕਿ ਮੈਂ ਨਹੀਂ ਭੋਗਦਾ ਕਰਮ। ਕਰਮ ਕਿਵੇਂ ਮੇਰੇ ਉੱਤੇ ਆ ਜਾਏਗਾ, ਮੈਨੂੰ ਪਤਾ ਹੋਵੇ ਕਿ ਐਉਂ ਭੋਗਣਾ ਹੈ,

ਫੇਰ ਮੈਂ ਭੋਗਦਾ ਹੀ ਨਹੀਂ। ਮਹਾਰਾਜ ਕਹਿੰਦੇ, ਨਹੀਂ ਪਿਆਰਿਆ ਕਰਮ ਤਾਂ ਤੈਨੂੰ ਭੋਗਣਾ ਹੀ ਪੈਣਾ ਹੈ। ਜਿਹੜਾ ਪਰਾਲਬਧ 'ਚ ਕਰਮ ਆ ਗਿਆ ਉਹ ਤਾਂ ਭੋਗਣਾ ਹੀ ਪੈਣਾ ਹੈ। ਜਿਹੜੇ ਸੰਚਿਤ ਕਰਮ ਨੇ ਉਹ ਤੂੰ ਜਾਲ ਸਕਦਾ ਹੈਂ, ਜੇ ਜੁਗਤ ਸਿੱਖ ਲਵੇਂ। ਜੇ ਤੈਨੂੰ ਜੁਗਤ ਪਤਾ ਲਗ ਜਾਵੇ, ਜਿਹੜਾ ਸਟੋਰ 'ਚ ਪਿਆ ਹੈ ਨਾ ਬੀਜ ਕਰਮਾਂ ਦਾ, ਉਹਨੂੰ ਜਾਲ ਦੇ। ਉਹਨੂੰ ਜਾਲਦੇਂਗਾ, ਅੱਗੇ ਨੂੰ ਜਨਮ ਨਹੀਂ ਹੋਏਗਾ, ਕਿਉਂਕਿ ਜਾਲ ਦਿੱਤੇ ਉਹ। ਬੀਜ ਆਪਣਾ ਧੁਆਂਖਿਆ ਜਾਵੇ। ਉਹਦੇ ਵਿਚੋਂ ਗਰਮੀ ਨਿਕਲ ਜਾਵੇ। ਉਹ ਬੀਜ ਜੰਮਦਾ ਹੀ ਨਹੀਂ ਜ਼ੋਰ ਲਾ ਲਓ ਜਿੰਨਾ ਲਗਦਾ ਹੈ, ਚਾਹੇ ਕਿੰਨੀ ਹੀ ਖਾਦ ਪਾ ਲਓ। ਸੇਕ ਲਗ ਗਿਆ ਕਹਿੰਦੇ ਜੀ ਬੀਜ ਨੂੰ। ਥੋੜ੍ਹਾ ਜਿਹਾ ਗਿੱਲਾ ਹੋਇਆ ਰੱਖ ਦਓ, ਦੇਖੋ ਅੰਦਰ ਸੇਕ ਲਗ ਜਾਂਦਾ ਹੈ, ਜੇ ਮੁੜ ਕੇ ਕੋਈ ਦਾਣਾ ਜੰਮ ਪਏ। ਉਹ ਇਸੇ ਤਰ੍ਹਾਂ ਦੇ ਨਾਲ 'ਨਾਮ' ਦਾ ਜੇ ਸੇਕ ਲਾਉਣ ਦੀ ਜੁਗਤ ਆਉਂਦੀ ਹੋਵੇ ਤਾਂ ਬੀਜ ਜਲ ਜਾਇਆ ਕਰਦਾ ਹੈ। ਤ੍ਰਿਕੁਟੀ ਦੇ ਉੱਤੇ ਸਟੋਰ ਪਿਆ ਹੈ ਕਰਮਾਂ ਦਾ। ਆਗਿਆ ਚੱਕਰ ਹੈ ਉਸ ਤੋਂ ਉੱਤੇ ਤ੍ਰਿਕੁਟੀ ਹੈ, ਉਥੇ ਸਟੋਰ ਪਿਆ ਹੈ, ਉਹ ਸਾਂਭਿਆ ਪਿਆ ਹੈ ਕਿ ਕਰੋੜਾਂ ਹੀ ਜਨਮਾਂ 'ਚ ਇਹਨੂੰ ਭੁਗਤਾਉਣਾ ਹੈ, ਜਿਹੜੇ ਤਾਂ ਸਾਡੇ ਨਾਲ ਦੇ ਦਿੱਤੇ ਨਾ ਸਰੀਰ ਬਣਾ ਕੇ, ਕਿ ਐਉਂ ਤਾਂ ਤੈਨੂੰ ਹੁਣ ਭੋਗਣੇ ਪੈਣੇ ਨੇ।

### *ਭੋਗੇ ਬਿਨ ਭਾਗੇ ਨਹੀਂ ਕਰਮ ਗਤੀ ਬਲਵਾਨ।*

ਉਨ੍ਹਾਂ ਉੱਤੇ ਤਾਂ ਨਹੀਂ ਸਾਡਾ ਵਸ ਚਲਦਾ, ਪਰ ਇਹ ਹੈਗਾ ਕਿ ਉਹ ਨਰਮ ਹੋ ਜਾਂਦੇ ਨੇ। ਸੰਤਾਂ ਕੋਲ veeto power ਹੁੰਦੀ ਹੈ, ਪੂਰੇ ਮਹਾਂਪੁਰਸ਼ਾਂ ਕੋਲ, ਗੁਰੂ ਕੋਲ। ਗੁਰੂ ਆਪਣੀ veeto power ਵਰਤ ਕੇ ਕਰਮ ਕੱਟ ਦਿੰਦਾ ਹੈ, ਚਾਹੇ ਸੁਪਨੇ 'ਚ ਕੱਟੇ, ਚਾਹੇ ਸੂਲੀ ਦੀ ਸੂਲ ਬਣਾ ਕੇ ਕੱਟੇ। ਕਿਉਂਕਿ ਗੁਰੂ ਕੋਲ ਇਹ ਸ਼ਕਤੀ ਹੈ, ਪ੍ਰਮੇਸ਼ਰ ਨੇ ਦਿੱਤੀ ਹੋਈ ਹੈ ਇਹ ਸ਼ਕਤੀ।

*ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ*
*ਓਇ ਰਾਮ ਨਾਮ ਰੰਗਿ ਰਾਤੇ ॥*
*ਤਿਨੑ ਕੀ ਸੋਭਾ ਸਭਨੀ ਥਾਈ*
*ਜਿਨੑ ਪ੍ਰਭ ਕੇ ਚਰਣ ਪਰਾਤੇ ॥*

*ਅੰਗ - ੭੪੮*

ਸੋ ਹੋਰ ਕੋਈ ਤਰੀਕਾ ਨਹੀਂ ਹੈ, ਪ੍ਰਾਲਬਧ ਕਰਮ ਭੋਗਣਾ ਪੈਂਦਾ ਹੈ, ਕਿਰਿਆਮਾਨ ਕਰਮ ਤੁਸੀਂ ਰੋਜ਼ ਕਰਦੇ ਓਂ। ਨਾ ਬੀਜੋ ਮਾੜੀ ਚੀਜ਼।

*ਐਸਾ ਕੰਮੁ ਮੂਲੇ ਨ ਕੀਚੈ*
*ਜਿਤੁ ਅੰਤਿ ਪਛੋਤਾਈਐ ॥* *ਅੰਗ - ੯੧੮*

ਕਹਿੰਦੇ ਐਹੋ ਜਿਹਾ ਕੰਮ ਨਾ ਕਰੋ, ਜਿਸ ਨਾਲ ਪਛਤਾਉਣਾ ਪਵੇ -

*ਐਸੀ ਕਲਾ ਨ ਖੇਡੀਐ*
*ਜਿਤੁ ਦਰਗਹ ਗਇਆ ਹਾਰੀਐ ॥*

*ਅੰਗ - ੪੬੯*

ਦਰਗਾਹ 'ਚ ਜਾ ਕੇ ਜਿੱਥੇ ਹਾਰ ਮਿਲੇ ਉਹ ਕੰਮ ਕਰੋ ਹੀ ਨਾ। ਆਪਣੇ ਆਪ ਨੂੰ ਤਕੜਾ ਰੱਖੋ, ਨਾ ਬੀਜੋ ਇਹੋ ਜਿਹੇ ਬੀਜ ਜਿਹੜੇ ਭੋਗਣੇ ਔਖੇ ਹੋ ਜਾਣ। ਬੀਜ ਤਾਂ ਲੈਂਦਾ ਹੈ ਆਦਮੀ, ਜਦੋਂ ਭੋਗਣਾ ਪੈਂਦਾ ਹੈ ਫੇਰ ਰੋਂਦਾ ਹੈ।

ਇੱਕ ਇੱਥੇ ਰਾਜਾ ਹੋਇਆ ਹੈ, ਗੁਰੂ ਗ੍ਰੰਥ ਸਾਹਿਬ ਵਿੱਚ ਆਉਂਦਾ ਹੈ। ਉਹ ਇਸ ਗੱਲ ਦੇ ਉੱਤੇ ਅੜ ਗਿਆ ਕਿ ਜੇ ਆਦਮੀ ਨੂੰ ਪਤਾ ਹੋਵੇ, ਨਹੀਂ ਹੋਣ ਦਿੰਦਾ ਗੱਲ, ਆਦਮੀ ਐਨਾ ਤਕੜਾ ਹੈ। ਉਹਨੇ ਓਲ੍ਹਾਂਭਾ ਦਿੱਤਾ। ਰਾਜਾ ਜਨਮੇਜਾ ਸੀ ਬਿਆਸ ਜੀ ਉਸ ਕੋਲ ਆਏ। ਕਹਿੰਦਾ ਬਾਬਾ ਜੀ! ਤ੍ਰਿਕਾਲਦਰਸ਼ੀ ਤੁਹਾਨੂੰ ਕਹਿੰਦੇ ਨੇ, ਪਹਿਲੀਆਂ ਲੰਘੀਆਂ ਵੀ ਸਾਰੀਆਂ ਜਾਣਦੇ ਓ, ਹੁਣ ਦੀਆਂ ਵੀ ਜਾਣਦੇ ਓਂ, ਜਿਹੜੀਆਂ ਗੱਲਾਂ ਹਜ਼ਾਰ ਸਾਲ ਨੂੰ ਦੋ ਹਜ਼ਾਰ ਸਾਲ ਨੂੰ ਹੋਣੀਆਂ ਨੇ ਉਹ ਵੀ ਤੁਹਾਨੂੰ ਪਤਾ ਹੈ। ਫੇਰ ਜੇ ਤੁਹਾਨੂੰ ਪਤਾ ਸੀ ਤਾਂ ਮਹਾਂਭਾਰਤ ਦਾ ਯੁੱਧ ਕਿਉਂ ਹੋਣ ਦਿੱਤਾ। ਉਹ ਕਹਿਣ ਲੱਗੇ, ਰਾਜਾ ਜਨਮੇਜਾ! ਵਿਨਾਸ਼ ਕਾਲ ਆ ਰਿਹਾ ਸੀ।

### *ਹੋਣਹਾਰ ਹਿਰਦੇ ਵਸੀ ਗਈ ਸਰੀਰੋਂ ਬੁੱਧ।*

ਉਹ ਕਹਿੰਦੇ, ਹੋਣਹਾਰ ਵਸ ਗਈ, ਬਥੇਰਾ ਜ਼ੋਰ ਲਾਇਆ, ਅਸੀਂ ਵੀ ਲਾਇਆ। ਕ੍ਰਿਸ਼ਨ ਮਹਾਰਾਜ ਨੇ ਵੀ ਲਾਇਆ। ਕਹਿਣ ਲੱਗਿਆ, ਤੁਸੀਂ ਹੋਣ ਨਹੀਂ ਸੀ ਦੇਣੀ ਲੜਾਈ, ੪੫ ਲੱਖ ਬੰਦਾ ੧੮ ਦਿਨ 'ਚ ਮਰਵਾਇਆ। ਹਿੰਦੋਸਤਾਨ ਦੀ ਤਾਕਤ ਹੀ ਖਤਮ ਹੋ ਗਈ ਓਸ ਵੇਲੇ ਤੋਂ ਤੇ ਬਰਨ ਸ਼ੰਕਰ ਓਲਾਦ ਹੋ ਗਈ। ਐਨਾ ਮਾੜਾ ਕੰਮ, ਕੀ ਤੁਸੀਂ ਰੋਕ ਨਾ ਸਕੇ? ਕਹਿੰਦੇ, ਜਨਮੇਜੇ! ਰੁਕਿਆ ਨਹੀਂ ਕਰਦਾ। ਕਹਿੰਦਾ, ਇਹ ਤਾਂ ਬਾਅਦ ਦੀਆਂ ਗੱਲਾਂ ਨੇ, ਜਦੋਂ ਗੱਲ ਹੋ ਜਾਂਦੀ ਹੈ ਫੇਰ ਕਹਿੰਦੇ ਨੇ ਭਾਈ! ਰੱਬ ਦਾ ਭਾਣਾ ਮੰਨ ਲੈ, ਇਹ ਕੋਈ ਅਕਲ ਦੀ ਗੱਲ ਥੋੜ੍ਹੇ ਹੈ। ਇਹ ਤਾਂ ਐਵੇਂ ਦਿਲ ਨੂੰ ਤਸੱਲੀ ਦੇਣ ਵਾਲੀਆਂ ਗੱਲਾਂ ਨੇ। ਬੜਾ ਕੁਛ ਉਹ ਬੋਲਿਆ। ਅਸੀਂ ਵੀ ਐਵੇਂ ਜਿਵੇਂ ਬੋਲਦੇ ਹਾਂ।

ਉਹ ਕਹਿੰਦੇ ਕਿ ਨਹੀਂ ਰਾਜਨ! ਗੱਲ ਟਲਿਆ ਨਹੀਂ ਕਰਦੀ, ਬਦਲਦੀ ਨਹੀਂ ਹੈ ਗੱਲ ਕਿਸੇ ਤਰੀਕੇ ਨਾਲ। ਕਹਿਣ ਲੱਗਿਆ, ਕਿ ਇਹ ਕੀ ਗੱਲ ਹੋਈ। ਜੇ ਮੈਨੂੰ ਪਤਾ ਹੋਵੇ ਕਿ ਆਹ ਗੱਲ ਮੇਰੇ 'ਤੇ ਆਉਣੀ ਹੈ ਮੈਂ ਹੋਣ ਹੀ ਨਾ ਦੇਵਾਂ। ਬਿਆਸ ਜੀ ਕਹਿਣ ਲੱਗੇ ਕਿ ਲਿਆ ਲਿਖਾਰੀ ਬੁਲਾ ਲੈ। ਕਹਿਣ ਲੱਗੇ, ਤੂੰ ਇੱਕ ਘੋੜੀ ਖਰੀਦਣੀ ਹੈ। ਉਹਨੇ ਦੱਖਣ ਦਿਸ਼ਾ ਨੂੰ ਜਾਣਾ ਹੈ। ਉਥੇ ਤੈਨੂੰ ਪਾਣੀ ਦੀ ਲੱਗਣੀ ਹੈ ਪਿਆਸ, ਤੂੰ ਜੰਗਲ 'ਚ ਜਾ ਕੇ ਇੱਕ ਝੌਂਪੜੀ 'ਚ ਪਾਣੀ ਮੰਗਣਾ ਹੈ। ਉਹ ਆਰੀਅਨ ਜਾਤੀ ਤੋਂ ਹੋਰ ਜਾਤੀ ਦੀ ਲੜਕੀ, ਬਹੁਤ ਸੁੰਦਰ, ਉਹ ਜਦੋਂ ਤੈਨੂੰ ਪਾਣੀ ਪਿਲਾਉਣ ਲੱਗੇਗੀ, ਤੂੰ ਉਹਦੇ 'ਤੇ ਮੋਹਿਤ ਹੋ ਜਾਏਂਗਾ ਤੇ ਉਹਨੂੰ ਘੋੜੇ 'ਤੇ ਬਿਠਾ ਕੇ ਲੈਂ ਆਵੀਂ। ਲਿਖ ਲਿਆ? ਕਹਿੰਦਾ ਹਾਂ। ਕਹਿੰਦੇ, ਤੇਰੀ ਸਾਰੀ ਜਿਹੜੀ ਰਿਆਇਆ ਹੈ, ਆਰੀਅਨ ਕੌਮ ਤੇਰੇ ਉੱਤੇ ਨਰਾਜ਼ ਹੋ ਜਾਏਗੀ ਕਿ ਇਹਨੇ ਇਹ ਕੀ ਕਰਿਆ ਹੈ, ਕਿਉਂਕਿ ਉਨ੍ਹਾਂ ਦਿਨਾਂ 'ਚ ਜੰਤਰ, ਮੰਤਰ, ਤੰਤਰ ਹੋਇਆ ਕਰਦੇ ਸੀ। ਜਿਹੜੇ ਸਸ਼ਤਰ ਚਲਾਉਣ ਵਾਲੇ ਸੀ, ਇਹ ਨੂੰ ਮੰਤਰ ਨਾਲ ਸਿੱਧ ਕੀਤੇ ਜਾਇਆ ਕਰਦੇ ਸੀ। ਆਰੀਅਨ ਦੇ ਮੰਤਰ ਸਾਰਿਆਂ ਨਾਲੋਂ ਤਕੜੇ ਹੋਣ ਕਰਕੇ, ਇਹ ਸਾਰੀ ਦੁਨੀਆਂ ਨੂੰ ਜਿੱਤਦੇ ਹੀ ਤੁਰੇ ਆਉਂਦੇ ਸੀ। ਅਨਾਰੀਅਨ ਨੂੰ ਪਤਾ ਨਹੀਂ ਸੀ ਲਗਦਾ, ਕੋਈ ਵੀ ਆਪਣਾ ਭੇਤ ਨਹੀਂ ਦਿੰਦਾ।

ਹੁਣ automic ਟੈਕਨੋਲੋਜੀ ਹੈ ਅਮਰੀਕਾ ਨੂੰ ਆਪਣੀ ਦਾ ਪਤਾ ਹੈ, ਜਰਮਨ ਨੂੰ ਆਪਣੀ ਦਾ ਪਤਾ ਹੈ। ਦੂਜਿਆਂ ਨੂੰ ਭੇਤ ਹੀ ਨਹੀਂ ਦਿੰਦੇ, ਰਸ਼ੀਆ ਨੂੰ ਆਪਣੀ ਦਾ ਪਤਾ ਹੈ। ਫਰਾਂਸ, ਚੀਨ ਨੂੰ ਆਪਣੀ ਦਾ ਪਤਾ ਹੈ। ਇਕ ਦੂਜੇ ਨੂੰ ਭੋਰਾ ਜਿੰਨਾ ਵੀ ਭੇਤ ਨਹੀਂ ਦਿੰਦੇ। ਜੇ ਦੇ ਦੇਵੇ ਕੋਈ ਉਸ ਬੰਦੇ ਨੂੰ ਫੜ ਕੇ ਫਾਂਸੀ ਦੇ ਦਿੰਦੇ ਨੇ। ਇਹਨੇ ਭੇਤ ਟੈਕਨੋਲੋਜੀ ਵੇਚ ਦਿਤੀ। ਉਸ ਵੇਲੇ ਵੀ ਸਖਤੀ ਸੀ। ਉਨ੍ਹਾਂ ਸਾਰਿਆਂ ਨੇ ਕਿਹਾ ਕਿ ਅਨਾਰੀਅਨ ਜਾਤੀ ਦੀ ਲੜਕੀ ਆ ਗਈ ਇਹ ਤਾਂ ਸਾਰੀਆਂ ਗੱਲਾਂ ਰਾਜੇ ਤੋਂ ਲੈ ਕੇ ਉਨ੍ਹਾਂ ਨੂੰ ਦੱਸ ਦਏਗੀ। ਅਸੀਂ ਤਾਂ ਖਤਮ ਹੋ ਜਾਵਾਂਗੇ। ਇਸ ਕਰਕੇ ਨਰਾਜ਼ ਹੋ ਗਏ। ਰਾਜੇ ਨਾਲ ਬੋਲਣਾ ਬੰਦ ਕਰ ਦਿੱਤਾ ਸਭ ਨੇ। ਉਸ ਵੇਲੇ ਉਨ੍ਹਾਂ ਨੇ ਕਿਹਾ ਕਿ ਤੇਰੇ ਨਾਲ ਐਉਂ ਹੋਏਗਾ, ਫੇਰ ਤੂੰ ਯੱਗ ਨਾ ਕਰੀਂ। ਕਹਿੰਦੇ ਜੇ ਯੱਗ ਕਰ ਲਿਆ, ਤੇਰੇ ਯੱਗ ਦੇ ਅੰਦਰ ਕਿਸੇ ਬ੍ਰਾਹਮਣ ਨੇ ਨਹੀਂ ਆਉਣਾ, ਤੂੰ ਬੱਚੇ ਲੈ ਕੇ ਆਏਂਗਾ। ਉਹ ਬੱਚੇ ਜਦੋਂ ਪ੍ਰਸ਼ਾਦਾ ਛਕਦੇ ਹੋਣਗੇ, ਓਸ ਆਪਣੀ ਗੱਲ 'ਤੇ ਹੱਸਣਗੇ, ਤੈਨੂੰ ਲੱਗੇਗਾ ਕਿ ਮੇਰੀ ਰਾਣੀ ਨੂੰ ਦੇਖ ਕੇ ਹੱਸੇ ਨੇ। ਤੂੰ ਐਨਾ ਕਰੋਧੀ ਹੋ ਜਾਏਂਗਾ, ਉਨ੍ਹਾਂ ਨੂੰ ਚੁੱਕ ਕੇ ਗਰਮ ਕੜਾਹਿਆਂ ਵਿੱਚ ਉਬਾਲ ਦਏਂਗਾ। ਉਹਦੇ ਨਾਲ ਤੈਨੂੰ ਹੋ ਜਾਏਗਾ ਕੋਹੜ। ਫੇਰ ਤੂੰ ਮੈਨੂੰ ਯਾਦ ਕਰੇਂਗਾ। ਪ੍ਰਮੇਸ਼ਰ ਦਾ ਜਿਹੜਾ ਨਾਮ ਹੈ ਉਹ ਸਾਰਿਆਂ ਬੀਮਾਰੀਆਂ ਦਾ ਇਲਾਜ ਹੈ -

***ਧਾਰਨਾ - ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ***
***ਇੱਕੋ ਨਾਮ ਵਾਹਿਗੁਰੂ ਦਾ।***

***ਸਰਬ ਰੋਗੁ ਕਉ ਅਉਖਦੁ ਨਾਮ।***

ਕਹਿਣ ਲੱਗੇ, ਜਨਮੇਜੇ, ਫੇਰ ਮੈਂ ਪ੍ਰਮੇਸ਼ਰ ਦੇ ਨਾਮ ਦੀ ਮਹਿਮਾ ਸ੍ਰੀ ਮਦ ਭਾਗਵਤ ਗ੍ਰੰਥ ਦੇ ਵਿਚੋਂ ਤੈਨੂੰ ਸੁਣਾਵਾਂਗਾ। ਉਹਦੇ ਉੱਤੇ ਤੂੰ ਕੁਛ ਸ਼ਰਧਾ ਰੱਖੇਂਗਾ, ਕੁਛ ਤੇਰੇ ਅੰਦਰ ਤਰਕ ਆਏਗੀ। ਜਦੋਂ ਤਰਕ ਆਈ, ਉਸੇ ਵੇਲੇ ਇਹਦਾ ਫਲ ਖਤਮ ਹੋ ਜਾਏਗਾ। ਲੈ ਉਹਦੇ ਨਾਲ ਤੂੰ ਮਰੇਂਗਾ, ਮੈਂ ਲਿਖਾ ਦਿੱਤਾ ਤੂੰ ਲਿਖ ਲਿਆ। ਹੁਣ ਕਰ ਲੈ ਬੰਦੋਬਸਤ। ਕਹਿੰਦਾ ਬੰਦੋਬਸਤ ਹੋਇਆ ਪਿਆ ਹੈ, ਮੈਂ ਘੋੜੇ ਹੀ ਨਹੀਂ ਖਰੀਦਣੇ। ਚਾਰ ਸਾਲ ਲੰਘ ਗਏ, ਹੁਕਮ ਦੇ ਦਿੱਤਾ ਕਿ ਘੋੜੇ ਨਹੀਂ ਖਰੀਦਣੇ। ਸਾਰੇ ਜਰਨੈਲ ਇਕੱਠੇ ਹੋ ਗਏ। ਕਹਿਣ ਲੱਗੇ, ਮਹਾਰਾਜ! ਸਰਹੱਦਾਂ ਦੇ ਰਾਜੇ ਜਿਹੜੇ ਨਾਲ ਨੇ, ਚੀਨ ਦੇਸ਼ ਦੇ ਨੇ। ਇਰਾਨ ਦੇਸ਼ ਦੇ ਨੇ, ਉਨ੍ਹਾਂ ਦੀਆਂ ਫੌਜਾਂ ਕੋਲ ਦੋ-ਦੋ ਲੱਖ ਘੋੜਾ ਹੈ। ਤੁਸੀਂ ਤਾਂ ਘੋੜੇ ਖਰੀਦਦੇ ਨਹੀਂ ਓਂ। ਚਾਰ ਸਾਲ ਘੋੜੇ ਪੁਰਾਣੇ ਹੋ ਗਏ ਨੇ, ਘੋੜਿਆ ਦੀ ਚੁਸਤੀ ਜਿਹੜੀ ਹੈ ਉਹ ਖਤਮ ਹੋ ਰਹੀ ਹੈ। ਫੇਰ ਤਾਂ ਹਾਰ ਹੋਈ ਹੀ ਪਈ ਹੈ ਆਪਣੀ। ਕ੍ਰਿਪਾ ਕਰੋ ਹੁਕਮ ਦੇਵੋ, ਘੋੜੀ ਨਾ ਖਰੀਦੋ, ਘੋੜੇ ਖਰੀਦ ਲਓ। ਹੁਕਮ ਦੇ ਦਿਤਾ ਕਿ ਘੋੜੇ ਖਰੀਦ ਲਓ। ਇੱਕ ਘੋੜੀ ਐਨੀ ਸੁੰਦਰ ਆ ਗਈ, ਸਾਰਿਆਂ ਨੇ ਫੈਸਲਾ ਕਰ ਲਿਆ ਕਿ ਇਹ ਕਿਸੇ ਦੇ ਤਬੇਲੇ 'ਤੇ ਨਹੀਂ ਚਾਹੀਦੀ, ਇਹ ਤਾਂ ਰਾਜਸੀ ਤਬੇਲੇ 'ਤੇ ਚਾਹੀਦੀ ਹੈ। ਉਹ ਘੋੜੀ ਖਰੀਦ ਲਈ ਤੇ ਜਨਮੇਜੇ ਨੂੰ ਕਹਿੰਦੇ ਕਿ ਮਹਾਰਾਜ! ਇਸ 'ਤੇ ਚੜ੍ਹਿਓ ਨਾ ਤੁਸੀਂ। ਕਹਿੰਦਾ ਠੀਕ ਹੈ। ਤਬੇਲੇ ਸਜਦੇ ਨੇ ਇਸ ਘੋੜੀ ਨਾਲ। ਸਮਾਂ ਲੰਘ ਗਿਆ ਤਾਂ ਘੋੜੇ ਸਾਂਭਣ ਵਾਲਿਆਂ ਨੇ, ਕਿਹਾ ਕਿ ਘੋੜੀ ਦੀ ਸੈਰ ਨਹੀਂ ਹੁੰਦੀ, ਢਲਾਈ ਨਹੀਂ ਹੁੰਦੀ ਹੈ, ਇਸ ਕਰਕੇ ਘੋੜੀ ਦਿਨੋ ਦਿਨ ਉਦਾਸ ਤੇ ਕਮਜ਼ੋਰ ਹੁੰਦੀ ਜਾਂਦੀ ਹੈ, ਮਾੜੀ ਹੋ ਰਹੀ ਹੈ, ਕੋਈ ਫਾਇਦਾ ਨਹੀਂ ਐਨਾ ਧਨ ਖਰਚ ਕੇ ਘੋੜੀ ਲੈਣ ਦਾ। ਕੌਂਸਲ ਹੋਈ ਇਕੱਠੀ ਕਿ ਕੀ ਕਰਿਆ ਜਾਵੇ। ਕਹਿੰਦੇ, ਮਹਾਰਾਜ! ਤਿੰਨ ਪਾਸੇ ਜਾਇਓ, ਚੌਥੇ ਨਾ ਜਾਇਓ। ਕਹਿੰਦਾ, ਠੀਕ ਹੈ, ਘੋੜੀ 'ਤੇ ਚੜ੍ਹ ਕੇ ਜਾਣ ਲਗ ਗਿਆ। ਇੱਕ ਦਿਨ ਦਿਸ਼ਾ ਭਰਮ ਹੋ ਗਿਆ। ਦਿਸ਼ਾ ਭਰਮ ਹੁੰਦਾ ਹੈ ਜਦ ਆਦਮੀ ਨੂੰ ਪਤਾ ਹੀ ਲਗਦਾ ਕਿ ਮੈਂ ਕਿੱਧਰ ਨੂੰ ਜਾ ਰਿਹਾ ਹਾਂ, ਕਿਹੜੀ ਦਿਸ਼ਾ ਨੂੰ ਜਾ ਰਿਹਾ ਹਾਂ। ਇਹ ਆਮ ਬੰਦਿਆਂ ਨੂੰ ਹੋ ਜਾਇਆ ਕਰਦੀ ਹੈ। ਉਹ ਦੱਖਣ ਵਲ ਨੂੰ ਜਾਂਦਾ ਹੈ ਤੇ ਲਗਦਾ ਐਉਂ ਹੈ ਕਿ ਮੈਂ ਪੱਛਮ ਨੂੰ ਜਾਂਦਾ ਹਾਂ, ਜੰਗਲ ਦੇ ਵਿੱਚ ਰੁਲਿਆ ਪਿਆ ਹੈ। ਬਹੁਤ ਦੂਰ ਲੰਘ ਗਿਆ, ਰਾਹ ਲੱਭਦਾ ਨਹੀਂ ਕੋਈ। ਪਾਣੀ ਦੀ ਪਿਆਸ ਬਹੁਤ ਲੱਗੀ ਹੋਈ ਹੈ। ਬੁੱਲ੍ਹਾਂ 'ਤੇ ਬਾਰ-ਬਾਰ ਜੀਭ ਫੇਰਦਾ ਹੈ, ਪਾਣੀ ਕਿਤੇ ਆ ਨਹੀਂ ਰਿਹਾ। ਦੂਰ ਜੰਗਲ ਦੇ ਅੰਦਰ ਇੱਕ ਝੌਂਪੜੀ ਦਿਸੀ। ਉਥੇ ਫੇਰ ਆਪਣਾ ਘੋੜੀ ਲੈ ਗਿਆ। ਜਾ ਕੇ ਆਵਾਜ਼ ਦਿੱਤੀ ਕਿ ਮੈਨੂੰ ਪਾਣੀ ਪਿਲਾਓ, ਮੈਂ ਰਾਜਾ ਜਨਮੇਜਾ ਹਾਂ। ਇੱਕ ਲੜਕੀ ਪੂਰੀ ਸੁੰਦਰਤਾ ਦੀ ਦੇਵੀ, ਬਾਹਰ ਨਿਕਲੀ ਤੇ ਇਹਨੂੰ ਪਾਣੀ ਪਿਲਾਇਆ ਤੇ ਇਹਨੇ ਦੇਖਿਆ ਤਾਂ ਉਸਨੂੰ ਦੇਖਦੇ ਸਾਰ ਸੁੱਧ-ਬੁੱਧ ਭੁੱਲ ਗਿਆ। ਸਾਰੀ ਮਰਿਆਦਾ ਭੁੱਲ ਗਿਆ ਤੇ ਲੜਕੀ ਨੂੰ ਖਿੱਚ ਕੇ ਘੋੜੀ 'ਤੇ ਬਿਠਾਲ ਕੇ ਰਾਜ ਵਿੱਚ ਲੈ ਆਇਆ। ਪਤਾ ਲੱਗਿਆ ਜਨਤਾ ਨੂੰ ਕਿ ਅਨਾਰੀਅਨ ਲੜਕੀ ਲੈ ਆਇਆ, ਬੜਾ ਮਾੜਾ ਕੰਮ ਕਰਿਆ ਇਸਨੇ। ਸਾਡੇ ਤਾਂ ਘਰ ਵਿੱਚ ਸੀ.ਆਈ.ਡੀ ਆ ਗਈ। ਉਨ੍ਹਾਂ ਨੇ ਬੜਾ ਰੋਸ ਪ੍ਰਗਟ ਕਰਿਆ। ਉਨ੍ਹਾਂ ਦਿਨਾਂ 'ਚ ਜਨਤਾ 'ਚ ਇਹ ਸ਼ਕਤੀ ਸੀ, ਰਾਜੇ ਨੂੰ ਗੱਦੀ ਤੋਂ ਲਾਹ ਦਿੰਦੇ ਹੁੰਦੇ ਸੀ। ਅਖੀਰ ਆਪਣੇ ਸੇਵਕੀਆਂ ਨਾਲ ਗੱਲਬਾਤ ਗੱਠੀ ਕਿ ਕੀ ਕਰਿਆ ਜਾਵੇ। ਉਹ ਕਹਿੰਦੇ ਰਾਜਸੂ ਯੱਗ ਸ਼ੁਰੂ ਕਰ ਦਿਓ। ਅਸ੍ਵਮੇਧ ਯੱਗ ਸ਼ੁਰੂ ਕਰ ਦਿਓ, ਲੋਕਾਂ ਦਾ ਧਿਆਨ ਬਦਲ ਜਾਏਗਾ। ਉਸ ਨੇ ਓਸੇ ਘੋੜੀ ਦਾ ਜਿਹੜਾ ਵਛੇਰਾ ਸੀ, ਉਹਦੇ ਉੱਤੇ ਕਾਠੀ ਪਾ ਕੇ, ਲਗਾਮ ਟੰਗ ਕੇ ਕਾਠੀ ਦੇ ਨਾਲ ਸਾਰੇ ਦੇਸ਼ ਵਿੱਚ ਘੁੰਮਾਉਣਾ ਸ਼ੁਰੂ ਕਰ ਦਿੱਤਾ। ਸਾਲ ਦੋ ਸਾਲ ਦੇ ਕਠਿਨ ਪ੍ਰਸ਼ਰਮ ਤੋਂ ਬਾਅਦ ਉਹ ਘੋੜਾ ਵਾਪਸ ਆ ਗਿਆ ਤੇ ਰਾਜੇ ਸਾਰੇ ਮੁਤਹਿਤ ਹੋ ਗਏ। ਉਸ ਤੋਂ ਬਾਅਦ ਯੱਗ ਸ਼ੁਰੂ ਹੋ ਗਿਆ। ਯੱਗ ਦੇ ਵਿੱਚ ਪੰਡਤ ਕੋਈ ਨਾ ਆਵੇ, ਸਭ ਨੇ ਜਵਾਬ ਦੇ ਦਿੱਤਾ। ਜਿੱਥੇ ਬੱਚੇ ਪੜ੍ਹਦੇ ਸੀ ਓਥੇ ਚਲਿਆ ਗਿਆ, ਜਾ ਕੇ ਵਿਦਿਆਰਥੀ ਲੈ ਆਇਆ ਕਿ ਇਹ ਵੀ ਬ੍ਰਾਹਮਣਾਂ ਦੇ ਹੀ ਪੁੱਤਰ ਨੇ। ਯੱਗ ਸ਼ੁਰੂ ਹੋ ਗਿਆ, ਮਰਿਆਦਾ ਇਹ ਸੀ ਕਿ ਰਾਜਾ ਤੇ ਰਾਣੀ ਦੋਵੇਂ ਜਿੱਥੇ ਪੰਗਤਾਂ ਲੱਗੀਆਂ ਹੋਈਆਂ ਨੇ ਉਹਦੇ 'ਚ ਹੌਲੀ-ਹੌਲੀ ਤੁਰ ਕੇ ਦੇਖਿਆ ਕਰਦੇ ਸੀ ਕਿ ਸਭ ਨੂੰ ਚੀਜ਼ ਮਿਲ ਰਹੀ ਹੈ। ੩੬ ਪ੍ਰਕਾਰ ਦੇ ਭੋਜਨ ਬਣੇ ਹੋਏ ਸੀ। ਨਰੋਏ ਬੰਦੇ ਹੁੰਦੇ ਉਨ੍ਹਾਂ ਦਿਨਾਂ 'ਚ, ਸਾਡੇ ਵਾਂਗੂੰ ਨਹੀਂ ਕਿ ਇੱਕ ਫੁਲਕਾ ਖਾ ਲਿਆ ਤੇ ਬਸ ਜੀ। ਬਹੁਤ ਤਕੜੇ ਹੁੰਦੇ। ਮਰਿਆਦਾ ਲਿਖੀ ਹੋਈ ਹੈ ਕਿ ਬ੍ਰਹਮਚਾਰੀ ਜਿਹੜਾ ਸੀ ਉਹ ੩੨ ਗ੍ਰਾਹੀਆਂ ਖਾਂਦਾ ਸੀ। ਗ੍ਰਿਹਸਤੀ ੨੪ ਖਾਂਦਾ ਹੁੰਦਾ। ੫● ਸਾਲ ਤੋਂ ੭੫ ਸਾਲ ਵਾਲ ੧੮ ਗ੍ਰਾਹੀਆਂ ਖਾਇਆ ਕਰਦਾ

ਸੀ। ਜਿਹੜਾ ਹੁੰਦਾ ਸਾਧੂ ੭੫ ਤੋਂ ੧●● ਸਾਲ ਦਾ ਉਹ ਅੱਠ ਗ੍ਰਾਹੀਆਂ ਖਾਇਆ ਕਰਦਾ ਸੀ। ਵੱਧ ਖਾਣ ਵਾਲਾ ਵੀ ਦੋਸ਼ੀ ਹੁੰਦਾ ਹੈ, ਘੱਟ ਖਾਣ ਵਾਲਾ ਵੀ ਦੋਸ਼ੀ ਹੁੰਦਾ ਹੈ। ਸੋ ਜਿਸ ਵਕਤ ਲੰਗਰ ਵਰਤ ਰਿਹਾ ਹੈ, ਰਾਣੀ ਬਾਰ-ਬਾਰ ਆ ਰਹੀ ਹੈ। ਹਰ ਵਾਰੀ ਕੱਪੜੇ ਬਦਲ ਲੈਂਦੀ ਹੈ। ਵਿਦਿਆਰਥੀ ਇੱਕ ਕਹਿਣ ਲੱਗਿਆ ਕਿ ਰਾਣੀਆਂ ਬੜੀਆਂ ਨੇ ਇਹਦੇ। ਦੂਸਰਾ ਕਹਿਣ ਲੱਗਿਆ ਕਿ ਰਾਣੀਆਂ ਤਾਂ ਨਹੀਂ ਬਹੁਤੀਆਂ, ਇੱਕੋ ਹੀ ਹੈ। ਪਰ ਇਹ ਕੱਪੜੇ ਬਦਲਕੇ ਆਉਂਦੀ ਹੈ। ਕਹਿੰਦਾ, ਤੈਨੂੰ ਕਿਵੇਂ ਪਤਾ ਹੈ? ਕਹਿੰਦਾ, ਮੈਂ ਐਤਕੀ ਦੀ ਵਾਰੀ ਜਦ ਆਈ ਸੀ ਨਹੁੰ ਉਤੇ ਰੱਖ ਕੇ ਚੌਲ ਮਾਰਿਆ ਉਹ ਪੈਰ ਨਾਲ ਲੱਗਿਆ ਹੋਇਆ ਹੈ। ਉਹ ਦੂਰੋਂ ਹੀ ਬੱਚਿਆਂ ਨੇ ਦੇਖ ਲਿਆ ਕਿ ਪੈਰ 'ਤੇ ਚੌਲ ਲੱਗਿਆ ਹੋਇਆ ਹੈ ਕਿ ਓਹੀ ਹੈ। ਉਹ ਹੱਸ ਪਏ ਉਹ ਜਿਸ ਵਕਤ ਹੱਸੇ, ਓਧਰੋਂ ਹਵਾ ਆ ਗਈ, ਰਾਣੀ ਦਾ ਪੱਲਾ ਚੁੱਕਿਆ ਗਿਆ, ਰਾਜਾ ਕ੍ਰੋਧ 'ਚ ਆ ਗਿਆ ਕਿ ਮੇਰੀ ਰਾਣੀ ਨੂੰ ਦੇਖ ਕੇ ਹੱਸੇ ਨੇ, ਉਹਨੇ ਚੁੱਕ-ਚੁੱਕ ਕੇ ਭੱਠਾਂ 'ਚ ਸੁੱਟ ਦਿੱਤੇ, ਉਬਲਦੇ ਕੜਾਹਿਆਂ 'ਚ ਸੁੱਟ ਦਿੱਤੇ। ਮਹਾਰਾਜ ਕਹਿੰਦੇ ਕਿ -

***ਰੋਵੈ ਜਨਮੇਜਾ ਖੁਇ ਗਇਆ ॥***
***ਏਕੀ ਕਾਰਣਿ ਪਾਪੀ ਭਇਆ ॥***

***ਅੰਗ - ੯੫੪***

੧੮ ਗੋਤਾਂ ਦੇ ਬੰਦੇ ਮਾਰ ਕੇ ਬ੍ਰਾਹਮਣ ਪਾਪੀ ਬਣ ਗਿਆ। ਉਸ ਤੋਂ ਬਾਅਦ ਵੇਦ ਵਿਆਸ ਜੀ ਆਏ, ਕਹਿੰਦੇ ਦੇਖ ਰਾਜਨ! ਤੂੰ ਕਿਹਾ ਸੀ ਕਿ ਮੈਂ ਬਦਲ ਦਿੰਦਾ ਹਾਂ। ਜੇ ਮੈਨੂੰ ਪਤਾ ਲਗ ਜਾਵੇ ਮੈਂ ਤਕਦੀਰ ਬਦਲ ਦਿੰਦਾ ਹਾਂ।

***ਇਸ ਕਾ ਬਲੁ ਨਾਹੀ ਇਸੁ ਹਾਥ ॥***
***ਕਰਨ ਕਰਾਵਨ ਸਰਬ ਕੋ ਨਾਥ ॥***
***ਆਗਿਆਕਾਰੀ ਬਪੁਰਾ ਜੀਉ ॥***
***ਜੋ ਤਿਸੁ ਭਾਵੈ ਸੋਈ ਫੁਨਿ ਥੀਉ ॥***

***ਅੰਗ- ੨੭੭***

ਕਹਿੰਦੇ ਜੇ ਇਹਦੇ ਹੱਥ ਵਿੱਚ ਹੋਵੇ ਤਾਂ ਅੱਜ ਹੀ ਤਖਤ 'ਤੇ ਬਹਿ ਜਾਵੇ। ਇਹ ਤਾਂ ਵਾਹਿਗੁਰੂ ਦੀ ਖੇਲ੍ਹ ਚੱਲ ਰਹੀ ਹੈ, ਕਰਮਾਂ ਦੇ ਹਿਸਾਬ ਨਾਲ ਭੁਗਤਾਇਆ ਜਾ ਰਿਹਾ ਹੈ ਇਹਦਾ ਜੀਵਨ। ਕੋਈ ਵੀ ਦੁਨੀਆਂ ਦਾ ਬੰਦਾ ਨਹੀਂ ਜਿਹੜਾ ਕਹੇ ਕਿ ਮੈਂ ਆਪਣੀ ਮਰਜ਼ੀ ਨਾਲ ਬਦਲ ਦੇਵਾਂਗਾ। ਐਵੇਂ ਹਉਮੈ ਦਾ ਬੋਝ ਬੰਨ੍ਹਦਾ ਹੈ, ਕਰਮ ਦਾ ਬੋਝ ਆਪਣੇ ਨਾਲ ਚੰਬੇੜ ਲੈਂਦਾ ਹੈ। ਕਹਿਣ ਲੱਗੇ ਦੇਖ, ਤੇਰੇ ਤੋਂ ਹੋਇਆ ਕੁਛ? ਕਹਿੰਦਾ ਨਾ। ਕਹਿੰਦੇ ਹੁਣ ਆਖਰੀ ਮੌਕਾ ਹੈ ਮੈਂ ਕਥਾ ਕਰਾਂਗਾ, ਪਿਆਰ ਨਾਲ ਸੁਣੀਂ, ਵਿਆਸ ਜੀ ਕਥਾ ਕਰਨ ਲੱਗ ਗਏ। ਇਹ ਸੁਣਦਾ ਹੈ ਤੇ ਅੱਗੇ ਇੱਕ ਪ੍ਰਕਰਣ ਆ ਗਿਆ, ਵਿਆਸ ਜੀ ਕਹਿਣ ਲੱਗੇ ਕਿ ਹੁਣ ਮੈਂ ਮੰਤਰ ਬਲ ਦਾ ਦਸਣਾ ਹੈ, ਤੂੰ ਸ਼ਰਧਾ ਨਾਲ ਹੀ ਸੁਣੀਂ, ਨਾਂਹ ਨਾ ਕਹੀਂ। ਤਰਕ ਆਉਂਦੀ ਹੈ ਬਹੁਤ, ਸਿਆਣੇ ਬੰਦਿਆਂ ਨੂੰ ਤਰਕ ਆ ਜਾਂਦੀ ਹੈ। ਗੁਰੂ ਦੀ ਬਾਣੀ 'ਤੇ ਤਰਕ ਆ ਜਾਂਦੀ ਹੈ ਕਿ ਇਹ ਗੁਰੂ ਸਾਹਿਬ ਨੇ ਕੀ ਕਹਿ ਦਿੱਤਾ। ਗੁਰੂ ਸਾਹਿਬ ਤੋਂ ਵੀ ਉਪਰ ਦੀ ਲੰਘਦੇ ਨੇ। ਭੋਰਾ ਕੁ ਅਕਲ ਹੁੰਦੀ ਹੈ, ਐਵੇਂ ਹੀ ਨਿੱਕੀ ਜਿਹੀ, ਉਹ ਗੁਰੂ ਨੂੰ ਵੀ ਟੋਕੇਗਾ।

ਜਿਸ ਵਕਤ ਉਹ ਉਥੇ ਆਇਆ, ਵਿਆਸ ਜੀ ਨੇ ਉਹਦੇ ਨੇਤਰਾਂ ਵਲ ਦੇਖਿਆ ਤੇ ਨਾਲ ਮੁਸਕਰਾ ਪਏ ਤੇ ਕਹਿਣ ਲੱਗੇ ਕਿ ਲੈ ਜਨਮੇਜਾ! ਆ ਗਈ ਉਹ ਗੱਲ ਜਿਹੜੀ ਮੈਂ ਤੈਨੂੰ ਕਹੀ ਸੀ ਤੇ ਤੂੰ ਨਾਂਹ ਕਹੇਂਗਾ। ਕਹਿੰਦਾ ਬਿਲਕੁਲ ਨਹੀਂ ਕਹਿੰਦਾ। ਉਥੇ ਆ ਗਿਆ ਪ੍ਰਕਰਣ ਕਿ ਭੀਮ ਨੂੰ ਭੀਲਾਂ ਨੇ ਘੇਰ ਲਿਆ, ਇਹਦੇ ਕੋਲ ਸਸ਼ਤਰ ਕੋਈ ਨਹੀਂ ਸੀ, ਇਹਨੂੰ ਹਾਥੀਆਂ ਦੇ ਘੇਰੇ 'ਚ ਲੈ ਲਿਆ। ਉਹਨੇ ਹਾਥੀਆਂ ਨੂੰ ਘੁੰਮਾ-ਘੁੰਮਾ ਕੇ ਅਸਮਾਨ ਵਿੱਚ ਮਾਰਿਆ ਜਿਹੜੇ ਹੁਣ ਤੱਕ ਘੁੰਮਦੇ ਫਿਰਦੇ ਨੇ। ਨੱਕ ਮਾਰ ਦਿੱਤਾ ਇਹਨੇ ਸੁਣ ਕੇ ਮੱਲੋ-ਮੱਲੀ। ਕਹਿੰਦੇ, ਆ ਗਈ ਤਰਕ? ਕਹਿੰਦਾ ਹਾਂ। ਕਹਿੰਦੇ, ਕਿਉਂ? ਕਹਿੰਦਾ, ਬੰਦੇ 'ਚ ਐਨੀ ਤਾਕਤ ਹੈ ਹੀ ਨਹੀਂ। ਕਹਿੰਦੇ, ਲੈ ਅਸੀਂ ਹੁਣ ਯੋਗ ਬਲ ਦੇ ਨਾਲ ਥੱਲੇ ਲਾਹੁੰਦੇ ਹਾਂ। ਉਹ ਸਾਰੇ ਪਿੰਜਰ ਜਿੰਨੇ ਸੀ ਸਭ ਦਾ ਢੇਰ ਲਾ ਦਿੱਤਾ ਲਾਹ ਕੇ। ਕਹਿੰਦੇ ਹੁਣ ਆ ਗਿਆ, ਯਕੀਨ? ਕਹਿੰਦੇ ਹਾਂ। ਕਹਿੰਦੇ, ਹੁਣ ਤੂੰ ਤਰਕ ਕਰੀ ਹੈ ਨਾ। ਹੁਣ ਮਰੇਂਗਾ। ਨੱਕ 'ਤੇ ਕੋਹੜ ਰਹਿ ਗਿਆ ਉਹਦੇ। ਉਹਦੇ ਨਾਲ ਰਾਜਾ ਜਨਮੇਜਾ ਮਰ ਗਿਆ। ਮਹਾਰਾਜ ਕਹਿੰਦੇ -

***ਰਾਜਾ ਜਨਮੇਜਾ ਦੇ ਮਤੀਂ***
***ਬਰਜਿ ਬਿਆਸਿ ਪੜ੍ਹਾਇਆ ॥***
***ਤਿਨ੍ਹਿ ਕਰਿ ਜਗ ਅਠਾਰਹ ਘਾਏ***
***ਕਿਰਤੁ ਨ ਚਲੈ ਚਲਾਇਆ ॥***

***ਅੰਗ - ੧੩੪੪***

ਵਰਜ-ਵਰਜ ਕੇ, ਰੁਕ-ਰੁਕ ਕੇ ਬਿਆਸ ਜੀ ਨੇ ਉਹਨੂੰ ਪੜ੍ਹਾਇਆ। ਉਹਨੇ ੧੮ ਗੋਤਾਂ ਦੇ ਬ੍ਰਾਹਮਣ ਮਾਰ ਦਿੱਤੇ। ਕਹਿੰਦੇ ਰੱਬ ਦੀ ਲਿਖੀ ਹੋਈ ਜਿਹੜੀ ਕਲਮ ਸੀ ਨਾ, ਉਹਨੂੰ ਬਦਲ ਨਾ ਸਕਿਆ -

***ਜੈਸੀ ਕਲਮ ਵੁੜੀ ਹੈ ਮਸਤਕਿ***
***ਤੈਸੀ ਜੀਅੜੇ ਪਾਸਿ॥ ਅੰਗ - ੭੪***

ਹੁਣ ਕਰਿਆ ਕੀ ਜਾਵੇ? ਐਨਾ ਸਖਤ ਰੱਬ ਦਾ ਹੁਕਮ ਤੇ ਉਹਦੀ ਕਲਮ? ਅਸੀਂ ਗਰੀਬ ਆਦਮੀ ਅੜਿੱਕੇ ਆਏ ਹੋਏ ਹਾਂ। ਕੋਈ ਤਰੀਕਾ ਵੀ ਹੈ? ਮਹਾਰਾਜ ਕਹਿੰਦੇ ਮੁਸ਼ਕਲ ਗੱਲ ਹੈ ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਲੇਖ ਨਾ ਮਿਟਹੀ ਹੇ ਸਖੀ,***
***ਜੋ ਲਿਖਿਆ ਕਰਤਾਰਿ।***

ਐਡੀ ਮਜ਼ਬੂਤ ਕਲਮ ਹੈ ਉਹਨੂੰ ਕੋਈ ਮਿਟਾ ਨਹੀਂ ਸਕਦਾ। ਫੇਰ ਤਾਂ ਅਸੀਂ ਬੁਰੀ ਤਰ੍ਹਾਂ ਫਸ ਗਏ, ਕਰਿਆ ਕੀ ਜਾਵੇ? ਮਹਾਰਾਜ ਕਹਿੰਦੇ, ਪ੍ਰਮੇਸ਼ਰ ਨੇ ਇੱਕ veeto power ਦਿੱਤੀ ਹੋਈ ਹੈ ਗੁਰੂ ਨੂੰ।

***ਮੇਰੀ ਬਾਂਧੀ ਭਗਤੁ ਛਡਾਵੈ***
***ਬਾਂਧੈ ਭਗਤੁ ਨ ਛੂਟੈ ਮੋਹਿ ॥***

*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥*
*ਅੰਗ - ੧੨੫੩*

*ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ*
*ਓਇ ਰਾਮ ਨਾਮ ਰੰਗਿ ਰਾਤੇ ॥*
*ਤਿਨ੍ ਕੀ ਸੋਭਾ ਸਭਨੀ ਥਾਈ*
*ਜਿਨ੍ ਪ੍ਰਭ ਕੇ ਚਰਣ ਪਰਾਤੇ ॥ ਅੰਗ- ੭੪੮*

ਸਿਰਫ ਸਾਧੂਆਂ ਨੂੰ ਇਹ ਸ਼ਕਤੀ ਦਿੱਤੀ ਹੈ ਪ੍ਰਮੇਸ਼ਰ ਨੇ ਕਿ ਮੇਰਾ ਕੀਤਾ ਤੁਸੀਂ ਮੇਟ ਸਕਦੇ ਓਂ। ਤੁਹਾਨੂੰ ਮੈਂ ਇਹ ਸ਼ਕਤੀ ਦਿੰਦਾ ਹਾਂ। ਜਵਾਬ ਨਹੀਂ ਦਿੰਦਾ ਫੇਰ ਪ੍ਰਮੇਸ਼ਰ ਮੇਟ ਦਿੰਦਾ ਹੈ।

ਗੁਰੂ ਪੰਜਵੇਂ ਪਾਤਸ਼ਾਹ ਦੇ ਪਾਸ ਸਕੇਤਮੰਡੀ ਦਾ ਰਾਜਾ ਆ ਕੇ ਇਤਰਾਜ਼ ਕਰਦਾ ਹੈ ਕਿ ਮਹਾਰਾਜ ਮੈਂ ਦੋ ਲੱਖ ਰੁਪਿਆ ਆਪ ਦੀ ਭੇਟਾ ਲੈ ਕੇ ਆਇਆ ਹਾਂ, ਪਰ ਲੇਖ ਨਾ ਮਿਟਿਆ ਫੇਰ ਕੀ? ਮਹਾਰਾਜ ਕਹਿੰਦੇ, ਚੰਗਾ, ਤਿੰਨ ਦਿਨ ਠਹਿਰ। ਰਾਤ ਨੂੰ ਸੁਪਨਾ ਆਉਂਦਾ ਹੈ ਉਹਨੂੰ। ਸਾਰਾ ਕੁਛ ਸੁਪਨੇ 'ਚ ਭੁਗਤਾ ਦਿੱਤਾ। ਮਹਾਰਾਜ ਕੋਲ ਆ ਕੇ ਸੁਪਨਾ ਦੱਸਿਆ। ਮਹਾਰਾਜ ਕਹਿੰਦੇ, ਇਹ ਸਾਰਾ ਭਾਣਾ ਤੇਰੇ ਨਾਲ ਵਰਤਣਾ ਸੀ। ਤੂੰ ਆ ਕੇ ਗੁਰੂ ਦਰਬਾਰ ਦੀ ਸ਼ਰਨ ਲਈ। ਉਹ ਸਾਰੀ ਚੀਜ਼ ਸੁਪਨੇ 'ਚ ਚਲੀ ਗਈ, ਹੁਣ ਤੈਨੂੰ ਜਨਮ ਨਹੀਂ ਮਿਲਣਾ ਚੰਡਾਲਾ ਦੇ ਘਰ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ -

*ਜਨਮ ਕਰਮ ਮਲੁ ਉਤਰੈ ਮਨ ਤੇ ਜਾਇ*
*ਗੁਮਾਨੁ॥ ਅੰਗ - ੧੩੫*

ਹਉਮੈ ਦਾ ਵੀ ਨਾਸ਼ ਹੋ ਜਾਂਦਾ ਹੈ।

*ਕਾਮਿ ਕਰੋਧਿ ਨ ਮੋਹਿਐ*
*ਬਿਨਸੈ ਲੋਭੁ ਸੁਆਨੁ ॥ ਅੰਗ - ੧੩੬*

ਇਹ ਜਿਹੜੇ ਪੰਜੇ ਚੋਰ ਨੇ ਇਹ ਵੀ ਨਹੀਂ ਮੋਹ ਸਕਦੇ ਫੇਰ ਤੇ ਲੋਭ ਜਿਹੜਾ ਕੁੱਤਾ ਬੈਠਦਾ ਹੈ ਉਹ ਵੀ ਖਤਮ ਹੋ ਜਾਂਦਾ ਹੈ।

*ਸਚੈ ਮਾਰਗਿ ਚਲਦਿਆ*
*ਉਸਤਤਿ ਕਰੇ ਜਹਾਨੁ ॥ ਅੰਗ - ੧੩੬*

ਸਾਰੇ ਸੰਸਾਰ 'ਚ ਜੈ-ਜੈਕਾਰੁ ਹੋ ਜਾਂਦੀ ਹੈ।

*ਅਠਸਠਿ ਤੀਰਥ ਸਗਲ ਪੁੰਨ*
*ਜੀਅ ਦਇਆ ਪਰਵਾਨੁ॥ ਅੰਗ - ੧੩੬*

ਜਿਹੜਾ ਜੀਅ 'ਤੇ ਦਇਆ ਕਰਦਾ ਹੈ, ਉਸ ਦਇਆ ਦਾ ਹੀ ਫਲ ਐਨਾ ਹੋ ਜਾਂਦਾ ਹੈ ਕਿ ੬੮ ਤੀਰਥਾਂ ਦੇ ਇਸ਼ਨਾਨ ਦਾ ਫਲ ਉਸਨੂੰ ਮਿਲ ਜਾਂਦਾ ਹੈ।

*ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ*
*ਸੁਜਾਨੁ ॥ ਅੰਗ - ੧੩੬*

ਜਿਹਦੇ ਉੱਤੇ ਵਾਹਿਗੁਰੂ ਕ੍ਰਿਪਾ ਕਰ ਦੇਵੇ, ਉਹ ਸੁਜਾਨ ਹੈ। ਆਪਣੇ ਆਪ ਕੋਈ ਸੁਜਾਨ ਨਾ ਬਣੋ।

*ਜਿਨਾ ਮਿਲਿਆ ਪ੍ਰਭੁ ਆਪਣਾ*
*ਨਾਨਕ ਤਿਨ ਕੁਰਬਾਨੁ ॥*
*ਮਾਘਿ ਸੁਚੇ ਸੇ ਕਾਂਢੀਅਹਿ*
*ਜਿਨ ਪੂਰਾ ਗੁਰੁ ਮਿਹਰਵਾਨੁ ॥ ਅੰਗ - ੧੩੬*

ਸੋ ਇਸ ਤਰ੍ਹਾਂ ਦੇ ਨਾਲ ਇਸ ਮਹੀਨੇ ਦਾ ਜੋ ਮਹਾਤਮ ਹੈ, ਬਹੁਤ ਸਾਰੇ ਪ੍ਰੇਮੀ ਪ੍ਰਣ ਕਰ ਲੈਂਦੇ ਨੇ ਕਿ ਮਹੀਨਾ ਭਰ ਅਸੀਂ ਆਹ ਨਦੀ 'ਤੇ ਇਸ਼ਨਾਨ ਕਰਨਾ ਹੈ, ਨਹਿਰ 'ਤੇ ਇਸ਼ਨਾਨ ਕਰਨਾ ਹੈ, ਠੰਢ ਬਹੁਤ ਹੁੰਦੀ ਹੈ, ਉਹ ਤੜਕੇ ਤੋਂ ਹੀ ਜੇ ਕਿਸੇ ਸਾਧੂ ਨਾਲ ਮਿਲੇ ਹੋਣ, ਕਹਿੰਦਾ ਭਾਈ ਵਾਹਿਗੁਰੂ-ਵਾਹਿਗੁਰੂ ਕਰਨ ਤੋਂ ਨਾ ਹਟੀਂ, ਸੂਰਜ ਚੜ੍ਹਨ ਤਕ, ਉਹਨੂੰ ਤਾਂ ਇਸ਼ਨਾਨ ਦਾ ਫਲ ਮਿਲ ਜਾਂਦਾ ਹੈ। ਵੈਸੇ ਵੀ ਇਸ਼ਨਾਨ ਦਾ ਫਲ ਹੈ। ਇਸ ਤਰ੍ਹਾਂ ਹੀ ਹੈ ਕੋਈ ਜਾਪ ਰਖਦਾ ਹੈ ਕਿ ਮੈਂ ਮਾਘ ਦੇ ਮਹੀਨੇ 'ਚ ਆ ਜਾਪ ਕਰਨਾ ਹੈ, ਕੋਈ ਬਾਣੀ ਪੜ੍ਹਦਾ ਹੈ, ਕੋਈ ਸੁਖਮਨੀ ਸਾਹਿਬ ਦੇ ਪਾਠ ਰੱਖ ਲੈਂਦਾ ਹੈ। ਚੰਗੀਆਂ ਚੀਜ਼ਾਂ ਨੇ, ਮਾੜੀਆਂ ਚੀਜ਼ਾਂ ਨਹੀਂ ਹਨ। ਬਹੁਤ ਵਧੀਆ ਹੈ ਜਿਹੜੇ ਰਖਦੇ ਨੇ, ਪਰ ਗੁਰੂ ਮਹਾਰਾਜ ਨੇ ਸਿਖਰਲੀ ਗੱਲ ਦਸ ਦਿੱਤੀ, ਕਹਿੰਦੇ ਜੇ ਤੁਸੀਂ ਪੂਰਾ-ਪੂਰਾ ਫਲ ਲੈਣਾ ਹੈ ਨਾ, ਤਾਂ ਤੁਸੀਂ ਅੰਦਰਲੇ ਤੀਰਥ ਨੂੰ ਜਾਨਣ ਦਾ ਯਤਨ ਕਰੋ। ਉਹਦੇ ਵਿੱਚ ਜਦ ਤੁਸੀਂ ਨਹਾ ਲਓਂਗੇ ਨਾ, ਜੇ ਅੰਦਰਲੇ ਤੀਰਥ ਦਾ ਪਤਾ ਲਗ ਗਿਆ ਫੇਰ ਉਹ ਪਵਿੱਤਰ ਤੋਂ ਪਵਿੱਤਰ ਹੋ ਜਾਂਦਾ ਹੈ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇਥੇ ਹੀ ਸਮਾਪਤੀ ਹੈ। ਜੋ ਬੇਨਤੀਆਂ ਕੀਤੀਆਂ ਗਈਆਂ ਨੇ ਇਨ੍ਹਾਂ ਨੂੰ ਸਮਝੋ, ਜੋ ਅੰਮ੍ਰਿਤਸਰ ਦਾ ਇਸ਼ਨਾਨ ਸਾਡੇ ਵਾਸਤੇ ਦੱਸਿਆ ਗਿਆ ਹੈ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਅੰਗ - ੩੦੫*

ਉਹ ਤਾਂ ਰਸਤਾ ਹੈ, ਅੰਦਰ ਹੀ ਰਾਹ ਹੈ ਸਾਡੇ। ਲੇਕਿਨ ਸਾਨੂੰ ਪਤਾ ਕੋਈ ਨਹੀਂ ਹੈ, ਕਿਉਂਕਿ ਸਾਡੇ ਕੋਲ ਨਕਸ਼ਾ ਕੋਈ ਨਹੀਂ ਹੈ। ਇਹ ਜਿਹੜਾ ਜਾਣਦਾ ਹੈ ਉਹ ਦਸ ਦਿੰਦਾ ਹੈ ਕਿ ਰਾਹ ਇਹ ਹੈ। ਪਹਿਲਾਂ ਤਾਂ ਇਹ ਹੈ ਕਿ ਗੁਰੂ ਵਾਲਾ ਬਣ ਜਾ, ਜਦ ਤਕ ਗੁਰੂ ਵਾਲਾ ਨਹੀਂ ਬਣਦਾ, ਰਾਹ ਨਹੀਂ ਲੱਭਣਾ। ਜਦ ਤੂੰ ਗੁਰੂ ਵਾਲਾ ਬਣ ਗਿਆ, ਗੁਰੂ ਗ੍ਰੰਥ ਸਾਹਿਬ ਕਹਿੰਦੇ ਨੇ ਕਿ ਤੂੰ ਪ੍ਰਵਾਨ ਰੂਹਾਂ ਦੀ ਮਦਦ ਲੈ, ਗੁਰਮੁਖਾਂ ਦੀ। ਉਹਨੂੰ ਚਾਹੇ ਸਾਧੂ ਸੰਤ ਕਹਿ ਲੈ। ਸੰਤ ਕਹਿਣ ਤੇ ਤਾਂ ਬਹੁਤਿਆਂ ਨੂੰ ਐਲਰਜੀ ਹੋ ਜਾਂਦੀ ਹੈ, ਅੱਜਕੱਲ੍ਹ। ਪਤਾ ਨਹੀਂ ਕੀ ਗੱਲ ਹੈ, ਇਨ੍ਹਾਂ ਦਾ ਵਸ ਚੱਲੇ ਤਾਂ ਗੁਰੂ ਗ੍ਰੰਥ ਸਾਹਿਬ 'ਚੋਂ ਕੱਢ ਹੀ ਦੇਣ 'ਸੰਤ' ਅੱਖਰ। ਕਦੇ ਘਬਰਾ ਕੇ ਕਹਿੰਦੇ ਨੇ ਕਿ ਗੁਰੂ ਨਾਨਕ ਸਾਹਿਬ ਹੀ ਸੰਤ ਸੀਗੇ ਹੋਰ ਕੋਈ ਹੋਇਆ ਹੀ ਨਹੀਂ। ਗੁਰਬਾਣੀ 'ਚ ਆਉਂਦਾ ਹੈ -

*ਕਿਆ ਅਪਰਾਧੁ ਸੰਤ ਹੈ ਕੀਨ੍ਾ ॥*

***ਬਾਂਧਿ ਪੋਟ ਕੁੰਚਰ ਕਉ ਦੀਨ੍ਾ ॥ ਅੰਗ-੮੭੦***

ਜਿਥੇ ਗੁਰੂ ਦਾ ਜ਼ਿਕਰ ਆਉਂਦਾ ਹੈ, ਉਥੇ ਕਬੀਰ ਸਾਹਿਬ ਦੇ ਸਤਿਗੁਰੂ ਦਾ ਜ਼ਿਕਰ ਆਉਂਦਾ ਹੈ ਕਿ ਪੂਰਾ ਗੁਰੂ ਸੀ, ਜਦ ਦਰਸ਼ਨ ਕਰਿਆ ਕਬੀਰ ਸਾਹਿਬ ਨੇ, ਛੋਹ ਗਿਆ ਨਾ ਪੈਰ ਐਨੀ ਕਰੰਟ ਕਬੀਰ ਸਾਹਿਬ ਦੇ ਸਰੀਰ 'ਚ ਆ ਗਈ, ਨਾ ਸੁਧ ਰਹੀ, ਨਾ ਬੁੱਧ ਰਹੀ, ਨਾ ਮੱਤ ਰਹੀ ਨਾ ਗਿਆਨ ਰਿਹਾ। ਅੰਦਰੋਂ ਹੀ ਝਰਨਾ ਝਰ ਗਿਆ, ਨਿੱਝਰ ਝਰਨਾ। ਅੰਦਰ ਹੀ ਅਨਹਦ ਸ਼ਬਦ ਵੱਜਣੇ ਸ਼ੁਰੂ ਹੋ ਗਏ। ਦਸਵਾ ਦੁਆਰ ਖੁਲ੍ਹ ਗਿਆ, ਐਡਾ ਪ੍ਰਬਲ ਗੁਰੂ ਸੀ ਕਬੀਰ ਸਾਹਿਬ ਦਾ, ਰਾਮਾਨੰਦ ਦੀ। ਸਮਰੱਥ ਗੁਰੂ ਸੀ। ਸੋ ਇਨ੍ਹਾਂ ਨੂੰ ਅਸੀਂ ਸੀਮਤ ਕਰੀ ਜਾਈਏ, universily ਅਸੀਂ ਆਪਣੇ ਆਪ ਨੂੰ ਧੋਖਾ ਦਿੰਦੇ ਹਾਂ। ਸਾਨੂੰ ਕੀ ਖਤਰਾ ਹੈ, ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਹਾਂ, ਗੁਰੂ ਗ੍ਰੰਥ ਸਾਹਿਬ ਕਹਿੰਦੇ ਨੇ ਕਿ ਭਾਈ, ਜੇ ਤੈਨੂੰ ਸੰਤ ਤੋਂ ਖਿੱਝ ਆਉਂਦੀ ਹੈ, ਤੂੰ ਗੁਰਸਿੱਖ ਕਹਿ ਦੇ ਉਹਨੂੰ। ਪਰ ਪੁੱਛੇ ਬਿਨਾਂ ਤੈਨੂੰ ਰਾਹ ਨਹੀਂ ਲੱਭਣਾ। ਕਿਉਂਕਿ ਗੁਪਤ ਰਸਤਾ ਹੈ, ਪ੍ਰਗਟ ਨਹੀਂ। ਸੋ ਮਹਾਤਮਾ ਜਾਂ ਗੁਰੱਸਿੱਖ ਜਾਂ ਗੁਰਮੁਖ ਇਹ ਕਹਿੰਦੇ ਨੇ ਕਿ ਪਿਆਰਿਆ! ਪਹਿਲਾਂ ਗੁਰੂ ਵਾਲਾ ਬਣ ਕੇ ਪੰਜ ਪਿਆਰਿਆਂ ਤੋਂ ਨਾਮ ਲੈ ਲੈ। ਫੇਰ ਨਾ ਨੱਠੀਂ ਕਿ ਹੁਣ ਫਲਾਣੇ ਥਾਂ 'ਤੇ ਨਾਮ ਮਿਲਦਾ ਹੈ, ਫਲਾਣੇ ਥਾਂ ਭਜਨ ਮਿਲਦਾ ਹੈ, ਉਹ ਵੀ ਲੈ ਲਵਾਂ। ਉਹ ਇੱਕੋ ਹੀ ਗੱਲ ਹੈ। ਗੁਰਮੰਤ੍ਰ ਲੈ ਲੈ, ਜੇ ਗੁਰਮੰਤ੍ਰ ਨਹੀਂ ਲਿਆ ਤਾਂ ਤੇਰੀ ਤਰੱਕੀ ਨਹੀਂ ਹੋਣੀ।

***ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ***
***ਧ੍ਰਿਗੰਤ ਜਨਮ ਭ੍ਰਸਟਣਹ ॥***
***ਕੂਕਰਹ ਸੂਕਰਹ ਗਰਧਭਹ***
***ਕਾਕਹ ਸਰਪਨਹ ਤੁਲਿ ਖਲਹ ॥ ਅੰਗ-੧੩੫੬***

ਉਸ ਤੋਂ ਬਾਅਦ ਜਦੋਂ ਉਨ੍ਹਾਂ ਨੇ ਤੈਨੂੰ ਮੰਤਰ ਦੇ ਦਿੱਤਾ, ਪੰਜ ਪਿਆਰੇ ਕਹਿੰਦੇ ਹੁਣ ਅਸੀਂ ਤੈਨੂੰ ਗੁਰਮੰਤਰ ਦਿੰਦੇ ਹਾਂ, ਮੂਲਮੰਤਰ ਦਿੰਦੇ ਹਾਂ। ਮੂਲਮੰਤਰ ਪੰਜੋ ਬੋਲਦੇ ਨੇ ਇਕੱਠੇ -

***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥***
***॥ ਜਪੁ ॥***
***ਆਦਿ ਸਚੁ ਜੁਗਾਦਿ ਸਚੁ ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥***

ਕਹਿੰਦੇ ਇਹ ਤਾਂ ਹੋ ਗਿਆ ਮੂਲਮੰਤ੍ਰ। ਆਹ ਰੱਬ ਦੀ ਤੈਨੂੰ ਸ਼ਕਲ ਦੇ ਦਿੱਤੀ। ਇਹਦੀ ਵਿਚਾਰ ਕਰ ਲਈਂ ਸਾਰੀ ਜ਼ਿੰਦਗੀ ਦੇ ਅੰਦਰ। ਰੱਬ ਦੀ ਸ਼ਕਲ ਇਹੀ ਹੈ। ਹੁਣ ਤੈਨੂੰ ਦਿੰਦੇ ਹਾਂ ਮੰਤਰ ਜਿਹਦੇ ਨਾਲ ਤੂੰ ਇੱਥੇ ਪਹੁੰਚੇਂ। ਉਹ ਹੈ ਵਾਹਿਗੁਰੂ। ਉਹ ਕੰਮ ਕੀ ਕਰੇਗਾ, ਉਹ ਹਉਮੈ ਦਾ ਨਾਸ਼ ਕਰੇਗਾ।

***ਧਾਰਨਾ - ਜਪੁ ਹਉਮੈ ਖੋਈ ਜੀ,***
***'ਵਾਹਿਗੁਰੂ' ਗੁਰਮੰਤ੍ਰ ਹੈ।***

ਇਲਾਜ ਦੱਸ ਦਿਤਾ ਕਿ ਹਉਮੈ ਦੀ ਕੰਧ ਜਿਹੜੀ ਹੈ ਉਹ ਕਿਸੇ ਤਰ੍ਹਾਂ ਨਾਲ ਨਹੀਂ ਟੁੱਟਣੀ, ਇਸ ਮੰਤਰ ਨੇ ਤੋੜਨੀ ਹੈ। ਹੁਣ ਇਸ ਮੰਤਰ ਨੂੰ ਕੀ ਕਰੋ। ਮਹਾਰਾਜ ਕਹਿੰਦੇ ਪਹਿਲਾਂ ਤਾਂ ਜੀਭ ਨਾਲ ਜਪ। ਜਪਦਾ ਹੀ ਚਲਿਆ ਜਾਹ। ਬੈਖਰੀ ਬਾਣੀ 'ਚ ਜਪੇਂਗਾ, ਮਧਮਾ 'ਚ ਜਦੋਂ ਜੀਭ ਦੀ ਨੋਕ ਨਾਲ ਜਪੇਂਗਾ, ਸੌ ਗੁਣਾਂ ਫਲ ਵਧ ਜਾਏਗਾ, ਜਦੋਂ ਤੂੰ ਹਿਰਦੇ 'ਚ ਪਸੰਤੀ ਬਾਣੀ 'ਚ ਜਪੇਂਗਾ, ਹਜ਼ਾਰ ਗੁਣਾਂ ਫਲ ਵਧ ਜਾਏਗਾ, ਜਦ ਨਾਭੀ 'ਚ ਜਪੇਂਗਾ ਦਸ ਹਜ਼ਾਰ ਗੁਣਾਂ ਫਲ ਵਧ ਜਾਏਗਾ। ਦਸ ਹਜ਼ਾਰ ਵਾਰੀ ਬੈਖਰੀ ਬਾਣੀ 'ਚ ਵਾਹਿਗੁਰੁ-ਵਾਹਿਗੁਰੂ ਕਰ ਲਓ, ਇੱਕ ਵਾਰੀ ਨਾਭੀ 'ਚ ਕਹਿ ਲਓ ਬਰਾਬਰ ਹੋ ਜਾਂਦਾ ਹੈ। ਉਹ ਤਰੀਕੇ ਦਸ ਦਿੱਤੇ ਕਿ ਛੇਤੀ ਸਫਰ ਕਿਵੇਂ ਤਹਿ ਹੋਵੇ। ਦੂਸਰ ਮਹਾਰਾਜ ਨੇ ਕਿਹਾ ਹੈ ਕਿ ਸਾਹ ਆਉਂਦਾ ਹੈ, ਸਾਹ ਜਾਂਦਾ ਹੈ। ਆਉਂਦੇ ਸਾਹ ਨਾਲ ਵੀ ਵਾਹਿਗੁਰੂ ਕਹੀ ਜਾਹ, ਬਾਹਰ ਜਾਂਦੇ ਨਾਲ ਵੀ ਕਹੀ ਜਾਹ। ਜੇ ਇਹ ਨਹੀਂ ਠੀਕ ਲਗਦਾ, ਅੱਧਾ ਅੰਦਰ ਨੂੰ ਕਹੀ ਜਾਹ, ਅੱਧਾ ਬਾਹਰ ਨੂੰ ਕਰੀ ਜਾਹ। ਐਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਸੁਆਸ-ਸੁਆਸ ਦੇ ਗੇੜੇ ਜਪ ਲਓ ਵਾਹਿਗੁਰੂ।***
***ਸਾਸਿ ਸਾਸਿ ਸਿਮਰਹੁ ਗੋਬਿੰਦ ॥***
***ਮਨ ਅੰਤਰ ਕੀ ਉਤਰੈ ਚਿੰਦ ॥ ਅੰਗ- ੨੯੫***

ਸਵਾਸ ਤੋਂ ਅੱਗੇ ਹੁੰਦਾ ਹੈ, ਨਾ ਬੁੱਲ੍ਹ ਹਿੱਲੇ ਨਾ ਸਵਾਸ, ਸੁਣਨਾ ਹੈ ਨਾਮ ਅੰਦਰ, ਧੁਨ ਸੁਣਨੀ ਹੈ ਨਾਮ ਦੀ। ਜਿਹੜੇ ਅੰਦਰ ਸ਼ਬਦ ਹੋ ਰਹੇ ਨੇ, ਜਿਨ੍ਹਾਂ ਨੂੰ ਅਨਹਦ ਸ਼ਬਦ ਕਹਿੰਦੇ ਨੇ, ਉਨ੍ਹਾਂ ਦੀ ਮਦਦ ਦੇ ਨਾਲ ਨਾਮ ਦਾ ਉਚਾਰਨ ਕਰਨਾ ਹੈ। ਸੋ ਇਸ ਤਰ੍ਹਾਂ ਦਰਜਾ-ਬ-ਦਰਜਾ ਅੰਦਰਲੀਆਂ ਤਰੱਕੀਆਂ ਕਰਦਾ ਨਾਮ ਜਦੋਂ ਤ੍ਰਿਕੁਟੀ ਨੂੰ ਲੰਘ ਜਾਂਦਾ ਹੈ, ਸਹੰਸਰਾਰ ਦਲ ਕਮਲ ਜਾਂਦਾ ਹੈ, ਵਿਵੇਕ ਮੰਡਲ 'ਚ ਪ੍ਰਵੇਸ਼ ਕਰਾ ਦਿੰਦਾ ਹੈ। ਉਹ ਵਿਵੇਕ ਮੰਡਲ 'ਚ ਜਦ ਸਾਡੀ ਸੁਰਤ ਪਹੁੰਚਦੀ ਹੈ, ਉਥੇ ਗਿਆਨ ਦਾ ਲਿਸ਼ਕਾਰਾ ਵਜਦਾ ਹੈ, ਉਹ ਗਿਆਨ ਜਦ ਮਹਾਂਪੁਰਸ਼ਾਂ ਦੀ ਮਦਦ ਨਾਲ ਪ੍ਰਗਟ ਹੁੰਦਾ ਹੈ, ਓਸ ਵੇਲੇ ਹਉਮੈ ਦੀ ਕੰਧ ਢਹਿ ਜਾਂਦੀ ਹੈ। ਸੋ ਇਸ ਤਰ੍ਹਾਂ ਤਰੀਕੇ ਨੇ 'ਸੁਰਤਿ ਸਬਦਿ ਮਾਰਗਿ' ਜਿਹੜੀ ਪੁਸਤਕ ਹੈ, ਆਤਮ ਮਾਰਗ ਮੈਗਜ਼ੀਨ ਵਿੱਚ ਵੀ ਬਹੁਤ ਖੋਲ੍ਹ-ਖੋਲ੍ਹ ਕੇ ਦਸੇ ਜਾਂਦੇ ਨੇ। ਸੋ ਇਨ੍ਹਾਂ ਨੂੰ ਪੜ੍ਹੋ, ਇਨ੍ਹਾਂ ਸਮਝਣ ਦਾ ਯਤਨ ਕਰੋ, ਉਸ ਦੇ ਮੁਤਾਬਿਕ ਸਾਧਨ ਕਰੋ। ਫੇਰ ਇਹ ਬਚਨ ਜਿਹੜੇ ਮਹਾਰਾਜ ਜੀ ਕਹਿੰਦੇ ਨੇ ਉਹ ਸਾਨੂੰ ਪ੍ਰਾਪਤ ਹੋ ਜਾਣਗੇ ਤੇ -

***ਮਾਘਿ ਸੁਚੇ ਸੇ ਕਾਂਢੀਅਹਿ***
***ਜਿਨ ਪੂਰਾ ਗੁਰੁ ਮਿਹਰਵਾਨੁ ॥ ਅੰਗ - ੧੩੬***

ਗੁਰੂ ਮਿਹਰਵਾਨ ਹੋ ਜਾਏ ਤੇ ਮਾਘ ਦੇ ਮਹੀਨੇ ਮਹਾਰਾਜ ਕਹਿੰਦੇ ਉਹ ਪੁਰਸ਼ ਸਦਾ ਹੀ ਸੁੱਚੇ ਰਹਿੰਦੇ ਨੇ। ਇਥੇ ਹੀ ਸਮਾਪਤੀ ਹੈ।

**X X X X X X**

# ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

ਧਾਰਨਾ - ਏਕੋ ਕਹੀਐ ਨਾਨਕਾ ਏਕੋ ਕਹੀਐ ਨਾਨਕਾ।
ਪਿਆਰੇ ਦੂਜਾ ਕਾਹੇ ਕੂ।

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,*
*ਨਿਆਰੇ ਨਿਆਰੇ ਹੋਇ ਕੈ*
*ਫੇਰਿ ਆਗ ਮੈ ਸਮਾਹਿੰਗੇ॥*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ*
*ਪਾਨ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥*
*ਅਕਾਲ ਉਸਤਤਿ*

*ਆਪੇ ਪਟੀ ਕਲਮ ਆਪਿ*
*ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥*
*ਅੰਗ - ੧੨੯੧*

*ਧਾਰਨਾ - ਸੁਣਿਓ ਮੇਰੇ ਮੀਤਾ,*
*ਮਹਿਮਾਂ ਸਾਧੂਆਂ ਦੇ ਸੰਗ ਦੀ।*
*ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥*
*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥*
*ਅੰਗ - ੮੦੯*

ਮੈਲ ਹਟ ਜਾਂਦੀ ਹੈ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ਖੰਨਲੀ ਧੋਤੀ*
*ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*
*ਅੰਗ - ੬੫੧*

ਮੈਲ ਲੱਗਣ ਕਰਕੇ ਹੀ ਵਾਹਿਗੁਰੂ ਸਭ ਦੇ ਅੰਦਰ ਹਾਜ਼ਰ ਨਾਜ਼ਰ ਸਭ ਦੇ ਅੰਦਰ, ਕੋਈ ਐਸਾ ਨਹੀਂ ਜਿਸ ਤੋਂ ਦੂਰ ਹੋਵੇ ਪ੍ਰਮੇਸ਼ਰ, ਸਿਰਫ ਮੈਲ ਹੈ ਹਉਮੈ ਦੀ ਜਿਹਦੇ ਕਰਕੇ ਕੋਲ ਹੁੰਦੇ ਨੂੰ ਅਸੀਂ ਦੇਖ ਨਹੀਂ ਸਕਦੇ। ਉਹ ਜੋ ਮੈਲ ਪਾਪਾਂ ਦੀ ਲੱਗੀ ਹੋਈ ਹੈ, ਸੰਤਾਂ ਦੇ ਦਰਸ਼ਨ ਕਰਕੇ, ਸੰਗਤ ਕਰਕੇ ਮਹਾਰਾਜ ਕਹਿੰਦੇ ਹਟ ਜਾਂਦੀ ਹੈ। ਇਹੀ ਮਹਿਮਾ ਸੁਣੋ ਤੁਸੀਂ ਧਿਆਨ ਦੇ ਨਾਲ। ੨੨ ਘੰਟੇ ਤੋਂ ਲਗਾਤਾਰ ਸਤਿਸੰਗ ਚਲ ਰਹੇ ਨੇ, ੨੨ ਘੰਟੇ ਦੀ ਤਪਸਿਆ ਸਾਧੂਆਂ ਦੀ ਤਪਸਿਆ ਹੋਇਆ ਕਰਦੀ ਹੈ। ਆਹ ਬੱਚੇ ਛੋਟੇ-ਛੋਟੇ, ਭਾਈ ਬੀਬੀਆਂ, ਕੰਮ ਕਰਨ ਵਾਲੇ ਕੀਰਤੀ, ਜਿਹੜੇ ਬੈਠ ਨਹੀਂ ਸਕਦੇ, ਕਿੰਨੇ ਪਿਆਰ ਦੇ ਨਾਲ ਦੂਰ-ਦੂਰ ਤੋਂ ਚੱਲ-ਚੱਲ ਕੇ ਆ ਕੇ ਆਪ ਸਤਿਸੰਗ ਦਾ ਲਾਹਾ ਖੱਟ ਰਹੇ ਓਂ।

*ਕਈ ਕੋਟਿਕ ਜਗ ਫਲਾ*
*ਸੁਣਿ ਗਾਵਨਹਾਰੇ ਰਾਮ ॥*
*ਹਰਿ ਹਰਿ ਨਾਮੁ ਜਪਤ ਕੁਲ ਸਗਲੇ ਤਾਰੇ*
*ਰਾਮ ॥ ਅੰਗ - ੫੪੬*

ਕਈ ਕਰੋੜ ਯੱਗਾਂ ਦਾ ਫਲ ਮਿਲਦਾ ਹੈ ਤੇ ਸੰਗਤ ਵਿੱਚ ਆਉਂਦੇ ਓਂ। ਜਿਹੜੇ ਸੰਗਤ ਕਰਦੇ ਨੇ ਉਹ ਤਾਂ ਠੀਕ ਹੈ, ਜਿਹੜੇ ਨਹੀਂ ਵੀ ਕਰਦੇ ਉਹਦੇ ਬਾਰੇ ਵੀ ਮਹਾਰਾਜ ਦਾ ਐਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਪਾਪੀ ਤਰ ਜਾਂਦੇ ਨੇ,*
*ਸੰਤਾਂ ਦੀ ਸੰਗਤ ਕਰਕੇ।*
*ਕੋਟਿ ਅਪ੍ਰਾਧੀ ਸੰਤਸੰਗਿ ਉਧਰੈ*
*ਜਮੁ ਤਾ ਕੈ ਨੇੜਿ ਨ ਆਵੈ ॥ ਅੰਗ - ੨੪੮*

ਕਰੋੜਾਂ ਪਾਪਾਂ ਕਰਨ ਵਾਲਾ ਤੇ ਵੱਡੇ-ਵੱਡੇ ਅਪਰਾਧ ਕਰਨ ਵਾਲਾ, ਸੰਤਾਂ ਦੀ ਸੰਗਤ, ਚਾਹੇ ਥੋੜ੍ਹਾ ਜਿਹਾ ਚਿਰ ਹੀ ਹੋ ਜਾਏ-

*ਕਬੀਰ ਏਕ ਘੜੀ ਆਧੀ ਘਰੀ*
*ਆਧੀ ਹੂੰ ਤੇ ਆਧ ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥*
*ਅੰਗ - ੧੩੭੭*

ਬਾਲਮੀਕ ਨੂੰ ਕਿੰਨੀ ਕੁ ਦੇਰ ਸੰਗਤ ਹੋਈ ਸੀ, ਉਹ ਉਨ੍ਹਾਂ ਦੇ ਕਪੜੇ ਲਾਹ ਰਿਹਾ ਹੈ, ਉਹ ਕਹਿੰਦੇ ਪ੍ਰੇਮੀਆਂ! ਤੂੰ ਕੰਮ ਤਾਂ ਕਰ ਰਿਹਾ ਹੈਂ ਇਹ, ਠੀਕ ਹੈ, ਮਾੜਾ ਕੰਮ ਹੈ, ਪਰ ਘਰ ਪੁੱਛ ਕੇ ਤਾਂ ਆ ਜਾ ਕੇ ਕਿ ਕੀ ਤੇਰੀ ਕੋਈ ਸਹਾਇਤਾ ਕਰੇਗਾ। ਇੱਕੋ ਬਚਨ ਕਿਹਾ। ਮੁੜ ਕੇ ਆ ਕੇ ਕੁਹਾੜਾ ਸੁੱਟ ਦਿੱਤਾ। ਮੰਤਰ ਦਾ ਜਾਪ ਸ਼ੁਰੂ ਕਰ ਲਿਆ ਤੇ ਅੱਜ ਮਹਾਂਰਿਸ਼ੀ ਦੇ ਤੌਰ 'ਤੇ ਗਿਣਿਆ ਜਾਂਦਾ ਹੈ। ਭਾਈ ਬਿਧੀ ਚੰਦ ਮੱਝਾਂ ਕੱਢੀ ਆਉਂਦਾ ਹੈ, ਸਰਹਾਲੀ ਪਿੰਡ ਤੋਂ। ਪੁਲਿਸ ਮਗਰ ਪੈ ਗਈ ਤੇ ਸੰਤ ਅਦਲੀ ਜੀ ਦੇ ਪਾਸ ਚਲਿਆ ਗਿਆ ਕਿ ਮਹਾਰਾਜ! ਮੈਨੂੰ ਬਚਾ ਲਓ। ਸੰਤ ਕਹਿੰਦੇ ਆਹ ਮਾਲਾ ਚੁੱਕ ਲੈ, ਇੱਥੇ ਬੈਠ ਕੇ ਵਾਹਿਗੁਰੂ-ਵਾਹਿਗੁਰੂ ਕਹੀ

ਜਾਹ, ਪੁਲਿਸ ਆ ਗਈ, ਸਾਰੇ ਡੇਰੇ ਨੂੰ ਛਾਣ ਮਾਰਿਆ। ਉਹਦੇ ਵਲ ਕੋਈ ਦੇਖਦਾ ਹੀ ਨਹੀਂ, ਕਹਿੰਦੇ ਆਹ ਇੱਕ ਬੈਠਾ ਹੈ, ਲਟਬਉਰਾ ਜਿਹਾ। ਕਹਿੰਦੇ ਇਹ ਤਾਂ ਮਾਲਾ ਫੇਰਦਾ ਹੈ, ਇਹ ਚੋਰ ਹੈ ਕਿਤੇ? ਐਨੀਓ ਲਗਨ ਲੱਗੀ ਹੈ, ਗੁਰੂ ਮਹਾਰਾਜ ਗੁਰੂ ਪੰਜਵੇਂ ਪਾਤਸ਼ਾਹ ਦੇ ਚਰਨ ਸ਼ਰਨ ਆ ਕੇ ਕਿੱਡਾ ਵੱਡਾ ਮਹਾਨ ਪੁਰਸ਼ ਹੋਇਆ ਹੈ। ਸੱਜਣ ਠੱਗ ਦੁਨੀਆਂ ਨੂੰ ਠੱਗ ਰਿਹਾ ਸੀ, ਗੁਰੂ ਨਾਨਕ ਦਾ ਇੱਕ ਸ਼ਬਦ ਸੁਣਿਆ ਹੈ -

***ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥ ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥ ੧ ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍ ॥ ਅੰਗ - ੭੨੯***

ਸੱਜਣਾ! ਤੇਰਾ ਨਾਮ ਤਾਂ ਬੜਾ ਸੋਹਣਾ ਹੈ, ਨਾਉਂ ਸੁਣ ਕੇ ਭੁੱਖ ਲਹਿੰਦੀ ਹੈ, ਪਿਆਰ ਆਉਂਦਾ ਹੈ ਕਿ ਸੱਜਣ ਮਿਲ ਗਿਆ ਕੋਈ, ਪਰ ਤੇਰੇ ਕੰਮ ਤਾਂ ਜਿਹੜੇ ਨੇ ਵੈਰੀਆਂ ਵਾਲੇ ਨੇ, ਸੱਜਣਾਂ ਵਾਲੇ ਤਾਂ ਹੈ ਨਹੀਂ। ਸੱਜਣ ਤਾਂ ਉਹ ਹੁੰਦਾ ਹੈ ਜਿਹੜੇ ਚਲਦਿਆਂ ਦੇ ਨਾਲ ਇਥੇ ਵੀ ਤੇ ਦਰਗਾਹ ਵਿੱਚ ਵੀ ਨਾਲ ਚਲਦੇ ਨੇ। -

***ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥***
***ਅੰਗ- ੭੨੯***

ਸੋ ਮਹਾਂਪੁਰਸ਼ਾਂ ਦਾ ਜਿਸ ਨਾਲ ਵੀ ਸਪਰਸ਼ ਹੋ ਗਿਆ, ਉਹ ਇਹ ਨਹੀਂ ਦੇਖਦੇ ਕਿ ਇਹਨੇ ਕਮਾਈਆਂ ਕੀਤੀਆਂ ਹੋਈਆਂ ਨੇ ਜਾਂ ਨਹੀਂ। ਜੇ ਮਹਾਂਪੁਰਸ਼ ਗਣਕਾ ਦੇ ਦਰ 'ਤੇ ਆ ਕੇ ਖੜ੍ਹੇ ਹੋ ਗਏ ਤਾਂ ਇੱਕੋ ਬਚਨ ਕਿਹਾ ਹੈ ਬੀਬਾ! ਤੇਰਾ ਮਹਾਨ-ਮਹਾਨ ਕੀਮਤੀ ਜਨਮ ਕੌਡੀਆਂ ਦੇ ਭਾਅ ਜਾ ਰਿਹਾ ਹੈ, ਸੰਭਾਲ ਬੇਟਾ! ਇਸਨੂੰ। ਬੋਲ ਦੇ ਵਿੱਚ ਹੀ ਅਚਰਜ ਤਾਕਤ ਸੀ। ਗੁਰੂ ਗ੍ਰੰਥ ਸਾਹਿਬ ਵਿੱਚ ਨਾਉਂ ਚੜ੍ਹ ਗਿਆ ਓਸਦਾ। ਸੋ ਇਸ ਤਰ੍ਹਾਂ ਦੇ ਨਾਲ ਬਾਬਾ ਭਾਗ ਸਿੰਘ ਜੀ ਨੇ ਇੱਕ ਵੇਸਵਾ ਦੇ ਉੱਤੇ ਦ੍ਰਿਸ਼ਟੀ ਕਰੀ। ਸੰਤ ਬਣਾ ਦਿਤਾ, ਲੋਕ ਜਿਆਰਤ ਕਰਦੇ ਨੇ, ਉਹਨੂੰ ਪੂਜਿਆ ਜਾਂਦਾ ਹੈ।

ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ, ਆਪ ਪੈਨਸ਼ਨ ਲੈ ਕੇ ਹੁਕਮ ਦੇ ਮੁਤਾਬਿਕ ਰੇਰੂ ਸਾਹਿਬ ਗੁਰਦੁਆਰਾ ਸਾਹਿਬ ਦੀ ਸੇਵਾ ਕਰਨ ਲਗ ਗਏ। ਆਪਣੇ ਹੱਥ ਨਾਲ ਹਲ ਚਲਾਉਂਦੇ ਨੇ ਜੇ ਉਨ੍ਹਾਂ ਦੀ ਕਠਨ ਤਪਸਿਆ ਬਾਰੇ ਖਿਆਲ ਕਰੀਏ, ਕਰ ਹੀ ਨਹੀਂ ਸਕਦੇ, ਸੋਚ ਹੀ ਨਹੀਂ ਸਕਦੇ ਕਿ ਆਦਮੀ ਐਨਾ ਤਪ ਕਰਕੇ, ਫੇਰ ਲੰਗਰ ਦੀ ਸੇਵਾ, ਗੁਰੂ ਘਰ ਦੀ ਸੇਵਾ ਹੱਥੀਂ ਕਰ ਸਕਦਾ ਹੈ। ਸਿਰਫ ਦੋ ਘੰਟੇ ਆਪ ਆਰਾਮ ਕਰਿਆ ਕਰਦੇ ਸੀ। ਸਾਰੀ ਰਾਤ ਦਾ ਪ੍ਰੋਗਰਾਮ, ਦੀਵਾਨ ਦੀ ਸਮਾਪਤੀ ਰਾਤ ਤੋਂ ਬਾਅਦ ਸਿੱਧੇ ਗੋਖੇ ਦੀ ਛਪੜੀ ਚਲੇ ਜਾਂਦੇ ਨੇ। ਓਥੋਂ ਆ ਜਾਂਦੇ ਸੀ, ਅੱਗੇ ਜਾ ਕੇ, ਅੰਮ੍ਰਿਤ ਵੇਲੇ ਉਠ ਕੇ ਫੇਰ ਦਿਨ ਵਿੱਚ ਚਲੇ ਜਾਣਾ। ਥੋੜ੍ਹਾ ਚਿਰ ਆਰਾਮ ਕਰਨਾ; ਤਿੰਨ ਅਸਥਾਨ ਸੀ ਜਿਨ੍ਹਾਂ 'ਚ ਸਾਰੀ ਰਾਤ ਘੁੰਮਦੇ ਰਹਿਣਾ। ਕਿੱਡੇ ਵੱਡੇ ਮਹਾਂਪੁਰਸ਼ ਹੋਏ।

ਅੱਜ ਆਪ ਦੁਰਾਹੇ ਤੋਂ ਜਾ ਰਹੇ ਨੇ। ਕੁਝ ਸਮਾਨ ਲਿਆ ਹੋਇਆ ਹੈ। ਅਜੇ ਆਏ ਹੀ ਆਏ ਨੇ, ਕੋਈ ਚੁੱਕਣ ਵਾਲਾ ਨਹੀਂ ਹੈ, ਆਪ ਹੀ ਚੁੱਕੀਂ ਜਾ ਰਹੇ ਨੇ ਤੇ ਰਾਤ ਪੈ ਗਈ, ਵੱਡੀ ਹੋ ਗਈ। ਰਾਮਪੁਰ ਦਾ ਪੁਲ ਮਸ਼ਹੂਰ ਸੀ, ਉਥੋਂ ਜੇ ਲੰਘ ਜਾਂਦੇ ਸੀ ਤਾਂ ਲੋਕ ਦੇਗ ਸੁੱਖਿਆ ਕਰਦੇ ਸੀ ਕਿ ਸੱਚੇ ਪਾਤਸ਼ਾਹ! ਰਾਮਪੁਰ ਦਾ ਪੁਲ ਲੰਘ ਜਾਈਏ, ਦੇਗ ਕਰਾਵਾਂਗੇ। ਉਥੇ ਲੁੱਟਿਆ ਹੀ ਜਾਂਦਾ ਸੀ ਬੰਦਾ। ਇਵੇਂ ਜਿਵੇਂ ਰਾੜਾ ਸਾਹਿਬ ਸੀ। ਰਾੜਾ ਸਾਹਿਬ ਜਿਥੇ ਮਹਾਰਾਜ (ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ) ਨੇ ਡੇਰਾ ਲਾਇਆ ਸੀ ਢੱਕੀ ਸੀ, ਸਾਡੇ ਨਾਨਕੇ ਸੀ, ਉਥੋਂ ਦੀ ਲੰਘ ਕੇ ਜਾਂਦੇ ਹੁੰਦੇ, ਕਹਿਣਾ ਕਿ ਜੇ ਰਾੜੇ ਦੀ ਢੱਕੀ ਲੰਘ ਗਏ, ਫੇਰ ਲੰਘ ਗਏ। ਉਹ ਮਸ਼ਹੂਰ ਸੀ, ਉਥੇ ਤਿੰਨ ਗੁੱਠਾਂ ਲਗਦੀਆਂ ਸੀ, ਲੁਧਿਆਣੇ ਦੀ ਗੁੱਠ, ਮਲੇਰਕੋਟਲੇ ਦੀ, ਪਟਿਆਲੇ ਦੀ; ਜੇ ਪੁਲਿਸ ਪਟਿਆਲੇ ਦੀ ਆ ਗਈ ਉਹ ਪਰ੍ਹੇ ਨੂੰ ਤਿਲਕ ਜਾਂਦੇ ਸੀ। ਜੇ ਲੁਧਿਆਣੇ ਦੀ ਆ ਗਈ ਤਾਂ ਮਲੇਰਕੋਟਲੇ ਵਲ ਦੀ ਹੋ ਲੈਂਦੇ ਸੀ। ਡਾਕੂਆਂ ਦਾ ਬੜਾ ਭਾਰਾ ਅੱਡਾ ਸੀ ਓਸ ਥਾਂ ਦੇ ਉੱਤੇ। ਉੱਥੋਂ ਵੀ ਲੰਘਣ ਵੇਲੇ ਵਾਹਿਗੁਰੂ-ਵਾਹਿਗੁਰੂ ਕਹਿ ਕੇ ਲੰਘਦੇ ਹੁੰਦੇ ਕਿ ਲੰਘ ਗਏ ਸ਼ੁਕਰ ਹੈ। ਪੁਲ ਲੰਘ ਗਏ, ਹੁਣ ਲੰਘ ਜਾਵਾਂਗੇ। ਸੋ ਮਹਾਂਪੁਰਸ਼ ਆ ਰਹੇ ਨੇ, ਸਮਾਨ ਪਾਸ ਹੈ। ਏਧਰਲੇ ਪਾਸੇ ਪੁਲ ਦੇ ਉੱਤੇ ਦਾਰਾ ਡਾਕੂ ਬੈਠਾ ਹੈ, ਮਸ਼ਹੂਰ ਸੀ, ਉਹਦੀ ਧਾਂਕ ਪਈ ਹੋਈ ਸੀ ਸਾਰੇ ਕਿ ਦਾਰਾ ਹੈ ਤੇ ਮਹਾਂਪੁਰਸ਼ ਜਦ ਆਉਂਦੇ ਨੇ ਉਹਨੇ ਵੀ ਦੇਖ ਲਿਆ ਕਿ ਕੋਈ ਆ ਰਹੇ ਨੇ ਤੇ ਸਮਾਨ ਵੀ ਲਈ ਆ ਰਿਹਾ ਹੈ। ਉਹ ਆਪਣੀ ਛਵੀ ਉਨ੍ਹਾਂ ਦਿਨਾਂ 'ਚ ਗੰਡਾਸੀਆਂ ਹੁੰਦੀਆਂ ਵੱਡੀਆਂ, ਜਿਨ੍ਹਾਂ ਨੂੰ ਛਵੀ ਕਹਿੰਦੇ ਸੀ, ਇੱਕੋ ਮਾਰ ਕੇ ਗਰਦਨ ਲਹਿ ਜਾਂਦੀ ਸੀ। ਲੰਮੀ ਡਾਂਗ ਸੀ, ਕੱਦ ਦਾ ਬਹੁਤ ਵੱਡਾ ਸੀ, ਛਵੀ ਤਿਆਰ ਕਰ ਲਈ, ਉਠ ਕੇ ਖੜ੍ਹ ਗਿਆ। ਤਿਆਰ ਹੋ ਗਿਆ ਪੋਜ਼ੀਸ਼ਨ ਲੈ ਲਈ, ਜਦ ਮੇਰੇ ਨੇੜੇ ਆਏਗਾ, ਛਵੀ ਮਾਰਨੀ ਹੈ। ਪਹਿਲਾਂ ਦਬਕਾ ਦੇਵਾਂਗਾ। ਛਵੀ ਮਾਰਨੀ ਹੈ ਓਸ ਤੋਂ ਪਹਿਲਾਂ ਕਿ ਇਹ ਕੁਛ ਬੋਲੇ, ਮਹਾਂਪੁਰਸ਼ਾਂ ਦੇ ਮੁਖਾਰਬਿੰਦ ਤੋਂ ਐਸਾ ਬਚਨ ਨਿਕਲ ਗਿਆ -

***ਧਾਰਨਾ - ਲੁੱਟ ਪਿਆਰਿਆ,***
***ਲੁੱਟ ਪੈ ਗਈ ਰਾਮ ਨਾਮ ਦੀ।***
***ਕਬੀਰ ਲੂਟਨਾ ਹੈ ਤ ਲੂਟਿ ਲੈ***
***ਰਾਮ ਨਾਮ ਹੈ ਲੂਟਿ ॥***
***ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ ॥***
***ਅੰਗ - ੧੩੬੬***

ਪਹਿਲੀ ਵਾਰ ਕੰਨਾਂ ਦੇ ਨਾਲ ਸੁਣਿਆ, ਪੈਸੇ ਦੀ ਲੁੱਟ ਮੈਂ ਕਰਦਾ ਸੀ, ਗਹਿਣਿਆਂ ਦੀ ਲੁੱਟ ਕਰਦਾ ਸੀ, ਖੋਹ-ਖਿੰਝ ਕਰਦਾ ਸੀ, ਪਰ ਇਹ ਤਾਂ ਆਪ ਹੀ ਕਹਿੰਦੇ ਨੇ ਕਿ ਲੁੱਟ ਲੈ, ਰਾਮ ਨਾਮ ਦੀ ਲੁੱਟ ਲੁੱਟ ਲੈ। ਬੋਲ ਦੇ ਵਿੱਚ ਐਨੀ ਤਾਕਤ ਸੀ, ਤਾਸੀਰ ਦੀ ਸੀ। ਅੰਦਰ ਦੀ ਲੰਘ ਗਿਆ, ਸੁਣਦੇ ਸਾਰ ਕਿ ਹੈਂ ਨਵੀਓਂ ਲੁੱਟ ਦਸ ਦਿਤੀ। ਬਾਬਾ ਜੀ ਕੋਲ ਚਲੇ ਗਏ। ਕਹਿੰਦਾ, ਬਾਬਾ ਜੀ! ਰਾਮ ਨਾਮ ਦੀ ਲੁੱਟ, ਇਹਦਾ ਵੀ ਕੋਈ ਫਾਇਦਾ ਹੋਇਆ ਕਰਦਾ ਹੈ? ਕਹਿੰਦੇ, ਹਾਂ ਭਾਈ -

***ਧਾਰਨਾ - ਕੱਟੇ ਜਾਣਗੇ ਚੌਰਾਸੀ ਵਾਲੇ ਗੇੜੇ,***
***ਸਤਿਨਾਮ ਜਪ ਕੇ ਵਾਹਿਗੁਰੂ।***
***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ।***

ਕਹਿੰਦੇ, ਦਾਰਿਆ! ਭੁੱਲ ਭੁਲੇਖੇ ਵੀ ਜੇ ਤੇਰੇ ਮਨ 'ਚੋਂ ਵਾਹਿਗੁਰੂ ਦਾ ਨਾਮ ਨਿਕਲ ਗਿਆ ਨਾ, ਇਹ ਜਿਹੜੀ ਲੁੱਟ ਅਸੀਂ ਤੈਨੂੰ ਦਸਦੇ ਹਾਂ ਇਹ ਐਡੀ ਵੱਡੀ ਕੀਮਤੀ ਹੈ ਕਿ -

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ***
***ਮਾਣਦੋ॥ ਅੰਗ - ੮੧***

ਲੁੱਟ ਲੈ ਪਿਆਰਿਆ ਜੇ ਲੁੱਟ ਹੁੰਦੀ ਹੈ, ਮਾਨਸ ਜਨਮ ਹੈ, ਕਿਉਂ ਗਵਾਉਂਦਾ ਹੈਂ ਕੌਡੀਆਂ ਦੇ ਭਾਅ। ਕੁੰਭੀ ਨਰਕ ਦੇ ਟਿਕਟ ਲੈਂਦਾ ਹੈ, ਕੀ ਕਰੇਂਗਾ ਤੂੰ ਲੁੱਟ ਕੇ। ਸੰਭਾਲ, ਸੰਭਾਲ ਆਪਣੇ ਆਪ ਨੂੰ। ਸੰਸਾਰ 'ਤੇ ਰਹਿਣਾ ਹੈ? ਕਹਿੰਦਾ, ਨਹੀਂ ਬਾਬਾ ਜੀ। ਕਹਿੰਦੇ, ਫੇਰ ਕਿਉਂ ਗੱਠੜੀਆਂ ਬੰਨ੍ਹਦਾ ਹੈਂ ਪਾਪਾਂ ਦੀਆਂ, ਚੁੱਕਣੀਆਂ ਔਖੀਆਂ ਹੋ ਜਾਣੀਆਂ ਨੇ।

ਬਾਣ ਮਾਰ ਦਿੱਤਾ ਸਾਧਸੰਗਤ ਜੀ! ਵਗਾਹ ਕੇ ਮਾਰੀ ਗੰਡਾਸੀ, ਚਰਨ ਫੜ ਲਏ, ਪੁੱਲ ਦੇ ਉੱਤੇ। ਨਾ ਕੋਈ ਗੁਰਦੁਆਰਾ ਹੈ, ਨਾ ਕੋਈ ਸਤਿਸੰਗ ਹੈ, ਕੁਛ ਵੀ ਨਹੀਂ ਹੈ। ਮਹਾਂਪੁਰਸ਼ ਖੜ੍ਹੇ ਨੇ, ਅੱਧੀ ਰਾਤ ਦੇ ਨੇੜੇ ਰਾਤ ਹੋਣ ਵਾਲੀ ਹੋਈ-ਹੋਈ ਹੈ। ਜਾਂ ਡਾਕੂ ਖੜ੍ਹਾ ਹੈ ਜਾਂ ਮਹਾਂਪੁਰਸ਼ ਖੜ੍ਹੇ ਨੇ। ਬਿਲਕੁਲ ਸਰੀਫ ਬਣਾ ਦਿੱਤਾ। ਕਹਿਣ ਲੱਗਿਆ, ਬਾਬਾ ਜੀ! ਹੁਣ ਗੰਡਾਸੀ ਨਹੀਂ ਚੁੱਕ ਹੋਣੀ ਤੇ ਹੁਣ ਜੇ ਐਡਾ ਬਚਨ ਕਹਿ ਦਿੱਤਾ ਤਾਂ ਮੈਨੂੰ ਨਾਲ ਹੀ ਲੈ ਚੱਲੋ। ਆਹ ਜਿਹੜੀ ਤੁਸੀਂ ਨਾਮ ਵਾਲੀ ਗੱਲ ਕਰੀ ਹੈ, ਇਹ ਮੈਨੂੰ ਦੇ ਦਿਓ। ਬਾਣ ਲੱਗਿਆ, ਜਿਸ ਤਰ੍ਹਾਂ ਕਬੀਰ ਸਾਹਿਬ ਮਹਾਰਾਜ ਕਹਿੰਦੇ ਨੇ -

***ਧਾਰਨਾ - ਗੁਰਾਂ ਨੇ ਮੇਰੇ ਓ ਬਾਣ ਮਾਰਿਆ,***
***ਮੇਰੇ ਪੈ ਗਿਆ ਕਲੇਜੇ ਛੇਕ।***
***ਕਬੀਰ ਸਾਚਾ ਸਤਿਗੁਰੁ ਮੈ ਮਿਲਿਆ***
***ਸਬਦੁ ਜੁ ਬਾਹਿਆ ਏਕੁ ॥***
***ਲਾਗਤ ਹੀ ਭੁਇ ਮਿਲਿ ਗਇਆ***
***ਪਰਿਆ ਕਲੇਜੇ ਛੇਕੁ ॥ ਅੰਗ - ੧੩੭੨***

ਚਰਨ ਫੜੀਂ ਬੈਠਾ ਹੈ। ਬਾਬਾ ਜੀ! ਆਹ ਗੱਲ ਦਾ ਤਾਂ ਮੈਨੂੰ ਪਤਾ ਹੀ ਨਹੀਂ ਸੀ। ਕਿਉਂ?

***ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥***
***ਤਿਸ ਕੀ ਸੀਖ ਤਰੈ ਸੰਸਾਰੁ ॥ ਅੰਗ - ੨੬੯***

ਇਹ ਤਾਂ ਅਸੀਂ ਗੱਲਾਂ ਲੱਖਾਂ ਵਾਰੀ ਸੁਣਦੇ ਹਾਂ, ਸਾਡੇ 'ਤੇ ਅਸਰ ਕਿਉਂ ਨਹੀਂ ਹੁੰਦਾ। ਕਿਉਂਕਿ ਕਮਾਈ ਹੋਈ ਗੱਲ ਨਹੀਂ ਆ ਰਹੀ। ਫੋਕੇ ਭੜਾਕੇ ਤਾਂ ਵੱਜਦੇ ਸੁਣਦੇ ਹਾਂ, ਕੰਨਾਂ ਦੇ ਨਾਲ, ਪਰ ਭਰੀ ਹੋਈ ਰਾਈਫਲ ਜੇ ਇੱਕ ਵਾਰੀ ਵੀ ਲੱਗ ਜਾਵੇ, ਤਾਂ ਉਸੇ ਵੇਲੇ ਕਾਇਆਂ ਕਲਪ ਕਰ ਦਿੰਦੀ ਹੈ। ਸੋ ਇਸ ਤਰ੍ਹਾਂ ਬਚਨ ਸੁਣ ਲਿਆ। ਮਹਾਂਪੁਰਸ਼ਾਂ ਦੇ ਨਾਲ ਹੀ ਚਲਿਆ ਗਿਆ। ਐਨਾ ਬਦਲਿਆ ਕਿ ਸਾਰੀ ਜ਼ਿੰਦਗੀ ਸਾਰਿਆਂ ਨੂੰ ਹੱਥ ਜੋੜੀ ਗਿਆ, ਤਰਸ ਹੀ ਕਰੀ ਜਾਇਆ ਕਰਦਾ ਸੀ। ਸੰਤ ਅਤਰ ਸਿੰਘ ਜੀ ਮਹਾਰਾਜ ਨੇ ਉਹਦਾ ਨਾਉਂ ਹੀ ਦੀਨ ਦਇਆਲ ਪਾ ਲਿਆ। ਅੰਮ੍ਰਿਤ ਛਕਾ ਦਿੱਤਾ। ਉੱਤਮ ਸਿੰਘ ਨਾਂ ਰੱਖਿਆ ਕਿ ਉੱਤਮ ਹੈ ਸਿੰਘ ਜਿਹੜਾ ਹੈਗਾ। ਕਿੱਥੇ ਇਹ ਡਾਕੇ ਮਾਰਦਾ ਸੀ, ਕਿੱਥੇ ਦੀਨ ਦਇਆਲ ਦੀ ਪਦਵੀ ਪ੍ਰਾਪਤ ਹੋ ਗਈ। ਸੋ ਇਸ ਤਰ੍ਹਾਂ ਦੇ ਨਾਲ ਸੰਤਾਂ ਦਾ ਜੋ ਜੀਵਨ ਹੈ ਉਹ ਸੰਸਾਰ ਦੇ ਨਾਲੋਂ ਵਿਲੱਖਣ ਹੋਇਆ ਕਰਦਾ ਹੈ। ਸੰਸਾਰ ਦਾ, ਰਾਜਿਆਂ ਦਾ ਜੀਵਨ ਹੋਰ ਤਰ੍ਹਾਂ ਦਾ ਹੁੰਦਾ, ਸੰਤਾਂ ਦਾ ਜੀਵਨ ਬਿਲਕੁਲ ਹੋਰ ਤਰ੍ਹਾਂ ਦਾ ਹੁੰਦਾ ਹੈ -

***ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ***
***ਤਿਨ ਕੀ ਕਥਾ ਨਿਰਾਰੀ ਰੇ।***
***ਹਰਿ ਕੇ ਸੇਵਕ ਜੋ ਹਰਿ ਭਾਏ***
***ਤਿਨ੍ ਕੀ ਕਥਾ ਨਿਰਾਰੀ ਰੇ ॥***
***ਆਵਹਿ ਨ ਜਾਹਿ ਨ ਕਬਹੂ ਮਰਤੇ***
***ਪਾਰਬ੍ਰਹਮ ਸੰਗਾਰੀ ਰੇ ॥ ਅੰਗ - ੮੫੫***

ਰਾਜਿਆਂ ਦੀਆਂ ਕਥਾਵਾਂ ਹੋਰ ਤਰ੍ਹਾਂ ਦੀਆਂ ਹੁੰਦੀਆਂ ਨੇ ਕਿ ਫਲਾਣੇ ਰਾਜੇ 'ਤੇ ਚੜ੍ਹਾਈ ਕਰ ਦਿੱਤੀ, ਐਨੀ ਫੌਜ ਰੱਖ ਲਈ, ਐਨਾ ਖਜ਼ਾਨਾ ਰੱਖ ਲਿਆ, ਐਨੇ ਟੈਕਸ ਲਾ ਦਿੱਤੇ, ਐਨੇ ਬੰਦੇ ਮਾਰ ਦਿੱਤੇ, ਆਹ ਕਾਨੂੰਨ ਕੱਢ ਦਿੱਤਾ, ਆਹ ਕਾਨੂੰਨ ਕੱਢ ਦਿੱਤਾ। ਦੁਨੀਆਂਦਾਰਾਂ ਦੀਆਂ ਕਥਾਵਾਂ ਵੀ ਇਸੇ ਤਰ੍ਹਾਂ ਦੀਆਂ ਨੇ। ਲੇਕਿਨ ਸਾਧੂ ਦੀ ਕਥਾ ਦੁਨੀਆਂਦਾਰਾਂ ਨਾਲੋਂ ਵਿਲੱਖਣ ਹੋਇਆ ਕਰਦੀ ਹੈ। ਕਿਉਂ ਹੋਇਆ ਕਰਦੀ ਹੈ, ਕਿਉਂਕਿ ਵਾਹਿਗੁਰੂ ਸੰਤਾਂ ਨੂੰ ਪ੍ਰਗਟ ਕਰਨਾ ਚਾਹੁੰਦਾ ਹੈ। ਸੰਤ ਕੋਈ ਦੁਨੀਆਂ ਦੇ ਅੰਦਰ ਐਸਾ ਨਹੀਂ ਜਿਹੜਾ ਕਹੇ ਮੈਂ ਸੰਤ ਹਾਂ। ਜਿਹੜਾ ਕਹਿੰਦਾ ਹੈ ਕਿ ਮੈਂ ਸੰਤ ਹਾਂ, ਮਹਾਰਾਜ ਕਹਿੰਦੇ ਉਹਨੇ ਜਾਣਿਆ ਹੀ ਕੱਖ ਨਹੀਂ। ਉਹ ਬਿਲਕੁਲ ਹੀ ਜਿਉਂ-ਜਿਉਂ ਜਾਣਦਾ ਹੈ, ਨਿਸ਼ਾਨੀ ਇਹ ਹੁੰਦੀ ਹੈ ਉਹ ਤਿਉਂ-ਤਿਉਂ ਨੀਵਾਂ ਹੁੰਦਾ ਚਲਿਆ ਜਾਂਦਾ ਹੈ। ਅਖੀਰ ਉਸ ਦੇ ਮਨ ਵਿੱਚ ਇਹ ਨਿਹਚਾ ਪੱਕਾ ਹੋ ਜਾਂਦਾ ਹੈ ਕਿ ਮੇਰੇ ਨਾਲੋਂ ਦੁਨੀਆਂ 'ਚ ਅਣਜਾਣ ਬੰਦਾ ਸ਼ਾਇਦ ਹੀ ਕੋਈ ਹੋਵੇ। ਉਹ ਹੈਰਾਨ ਹੁੰਦਾ ਹੈ ਕਿ ਦੁਨੀਆਂ ਨੂੰ ਕੀ ਹੋ ਗਿਆ, ਇਹ ਕਹਿੰਦੇ ਨੇ ਕਿ ਸੰਤਾਂ ਦੇ ਬਚਨ ਐਉਂ ਨੇ, ਮੈਨੂੰ ਤਾਂ ਪਤਾ ਨਹੀਂ ਲਗਦਾ। ਇੱਥੇ ਹੀ ਨਹੀਂ ਬੁਰਿਆਂ ਤੋਂ ਵੀ ਪਿੱਛੇ ਹਟਣ ਲਗ ਜਾਂਦਾ ਹੈ, ਜਿਹੜੇ ਵੱਡੇ-ਵੱਡੇ ਬੁਰੇ ਬੰਦੇ ਨੇ, ਮਾੜੇ ਬੰਦੇ ਨੇ, ਜਿਨ੍ਹਾਂ ਦੀ ਨਿੰਦਿਆ ਹੋ ਰਹੀ ਹੈ, ਉਨ੍ਹਾਂ ਤੋਂ ਵੀ ਪਿਛਲੀ ਲਾਈਨ 'ਚ ਜਾ ਖੜ੍ਹਦਾ ਹੈ। ਫੇਰ ਯਾਦ ਕਰਦੇ ਨੇ ਭਗਤ ਕਬੀਰ ਨੂੰ ਕਹਿੰਦੇ, ਭਗਤ ਕਬੀਰ ਜੀ! ਤੁਸੀਂ ਸਾਨੂੰ ਨਾਲ ਰਲਾ ਲਓਂਗੇ, ਜਿਸ ਪਦਵੀ 'ਤੇ ਤੁਸੀਂ ਪਹੁੰਚੇ ਓਂ, ਉਥੇ ਸਾਨੂੰ ਵੀ ਪਹੁੰਚਾ ਦਿਓ। ਬੇਨਤੀਆਂ ਕਰਦੇ ਨੇ, ਗੁਰੂ ਨਾਨਕ ਕੋਲ ਅਰਦਾਸਾਂ ਕਰਦੇ ਨੇ ਕਿ ਪਾਤਸ਼ਾਹ! ਜਿਸ ਪਦਵੀ 'ਤੇ ਆਪ ਪਹੁੰਚੇ ਓਂ, ਸਾਨੂੰ ਪਹੁੰਚਾ ਦਿਓ। ਮਹਾਰਾਜ ਕਹਿੰਦੇ ਜੇ ਪਹੁੰਚਣਾ ਹੈ ਤਾਂ ਸੱਚੇ ਦਿਲ ਨਾਲ ਕਹੋ -

***ਕਬੀਰ ਸਭ ਤੇ ਹਮ ਬੁਰੇ***
***ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ***
***ਸੋਇ॥***

***ਅੰਗ - ੧੩੬੪***

ਮੈਨੂੰ ਛੱਡ ਕੇ ਸਾਰਾ ਸੰਸਾਰ ਭਲਾ ਹੈ। ਜਿਹਨੇ ਬੁੱਝ ਲਿਆ, ਇੱਕ ਮੂੰਹ ਨਾਲ ਗੱਲ ਕਰਨ ਦੀ ਹੈ।

***ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ॥***

***ਚੋਰੁ ਯਾਰੁ ਜੁਆਰਿ ਹਉ ਪਰ ਘਰਿ ਜੋਹੰਦਾ॥***
***ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ॥***
***ਕਾਮ ਕ੍ਰੋਧ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ॥***
***ਬਿਸਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ॥***
***ਸਿਮਰਿ ਮੁਰੀਦਾ ਢਾਡੀਆ ਸਤਿਗੁਰੁ ਬਖਸੰਦਾ॥***
***ਭਾਈ ਗੁਰਦਾਸ ਜੀ ਵਾਰ ੩੬/੨੧***

ਅਰਦਾਸ ਕਰਦਾ ਹੈ।

***ਚੋਰੁ ਯਾਰੁ ਜੁਆਰਿ ਹਉ ਪਰ ਘਰਿ ਜੋਹੰਦਾ॥***
***ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ॥***

ਰੋ-ਰੋ ਕੇ ਹੰਝੂਆਂ ਦੀ ਅਰਦਾਸ ਕਰਦਾ ਹੈ, ਗੁਰੂ ਦੇ ਕੋਲ ਤੇ ਉਥੇ ਕੁ ਜਾਂਦੇ ਨੂੰ ਜੇ ਕਹਿ ਦਓ ਕਿ ਹੋਰ ਬਈ ਚੋਰਾ ਕੀ ਹਾਲ ਹੈ? ਜੇ ਸਿਰ ਨਾ ਪਾੜ ਦੇਵੇ। ਤੂੰ ਤਾਂ ਬੜਾ ਅਪਰਾਧੀ ਹੈ। ਕਹੇਗਾ, ਕੌਣ ਕਹਿੰਦਾ ਹੈ ਕਿ ਮੈਂ ਅਪਰਾਧੀ ਹਾਂ। ਮੈਨੂੰ ਨਿੰਦਕ ਕੌਣ ਕਹਿੰਦਾ ਹੈ, ਕਹਿੰਦੇ ਤੂੰ ਆਪੇ ਹੀ ਕਹਿੰਦਾ ਸੀ ਆਪਣੇ ਮੂੰਹ ਨਾਲ ਗੁਰੂ ਕੋਲ। ਉਹ ਤਾਂ ਕਹਿੰਦਾ ਕਿ ਮੈਂ ਆਪਣੀ ਗੱਲ ਗੁਰੂ ਨਾਲ ਕਰਦਾ ਸੀ, ਤੁਹਾਡੇ ਵਾਸਤੇ ਥੋੜ੍ਹੀ ਨਾ ਨੀਵਾਂ ਹਾਂ। ਕਦੇ ਨਹੀਂ ਬੰਦਾ ਮੰਨਦਾ। ਐਨਾ ਹੀ ਫਰਕ ਹੈ ਕਿਉਂਕਿ ਦਿਲੋਂ ਨਹੀਂ ਮੰਨਦਾ। ਜੇ ਦਿਲੋਂ ਨਹੀਂ ਮੰਨਦਾ ਤਾਂ ਕਬੀਰ ਸਾਹਿਬ ਵਾਲੀ ਲਾਈਨ 'ਚ ਨਹੀਂ ਖੜ੍ਹਦਾ।

ਸੰਤ ਹੇਠਾਂ ਨੂੰ ਜਾਂਦਾ ਹੈ ਕਿ ਮੈਨੂੰ ਕੋਈ ਜਾਣੇ ਨਾ -

***ਬੁਲ੍ਹਿਆ ਓਥੇ ਵਸੀਏ ਜਿਥੇ ਸਾਰੇ ਹੀ ਅੰਨੇ।***
***ਨਾ ਕੋਈ ਸਾਨੂੰ ਜਾਣੇ ਤੇ ਨਾ ਕੋਈ ਮੰਨੇ।***

ਇਹ ਤਾਂ ਮੱਖੀਆਂ ਦੁਆਲੇ ਪੈ ਜਾਂਦੀਆਂ ਨੇ। ਜਿੰਨੀ ਜ਼ਿਆਦਾ ਜਾਣ ਪਛਾਣ ਵਧ ਗਈ ਓਨੀਆਂ ਜ਼ਿਆਦਾ ਮੱਖੀਆਂ ਆਲੇ-ਦੁਆਲੇ ਆ ਜਾਂਦੀਆਂ ਨੇ। ਸੋ ਨਿਆਰੀ ਹੋਈ ਕਥਾ। ਸੰਸਾਰ ਦਾ ਲੀਡਰ ਕਹਿੰਦਾ ਹੈ ਕਿ ਮੈਂ ਤੁਹਾਡੇ ਵਾਸਤੇ ਆਹ ਕੰਮ ਕਰਿਆ, ਆਹ ਕਰਿਆ। ਸੰਤ ਕਹਿੰਦਾ ਹੈ ਮੈਂ ਕੁਛ ਨਹੀਂ ਕਰਿਆ-ਮੈਂ ਕੁਛ ਨਹੀਂ ਕਰਿਆ, ਰਾਮ ਦੀ ਦੁਹਾਈ।

ਇਹ ਤਾਂ ਵਾਹਿਗੁਰੂ ਹੀ ਆਪਣੀਆਂ ਗੱਲਾਂ ਆਪੇ ਹੀ ਕਰ ਰਿਹਾ ਹੈ। ਫਸਾ ਰਿਹਾ ਹੈ ਸੰਤ ਨੂੰ। ਸੰਤ ਨੂੰ ਪ੍ਰਗਟ ਕਰਦਾ ਹੈ। ਕਿਉਂਕਿ ਉਹਦੀ ਵਡਿਆਈ ਹੁੰਦੀ ਹੈ, ਚਾਹੇ ਤਾਂ ਦੈਂਤ ਲਾ ਦੇਵੇ ਪ੍ਰਹਿਲਾਦ ਵਾਂਗੂੰ, ਹਰਨਾਖਸ ਲਾ ਦਿੱਤਾ ਪਿੱਛੇ। ਚਾਹੇ ਕਿਸੇ ਹੋਰ ਤਰੀਕੇ ਨਾਲ ਵਡਿਆਈ ਕਰ ਦੇਵੇ ਉਹਨੂੰ ਤਾਂ ਵਡਿਆਈ ਭਾਉਂਦੀ ਹੀ ਭਾਉਂਦੀ ਹੈ, ਇਸ ਤਰ੍ਹਾਂ ਨਾਲ ਫੁਰਮਾਨ ਹੈ -

***ਧਾਰਨਾ - ਉਸਤਤਿ ਦਾਸ ਤੇਰੇ ਦੀ ਕੀਤੀ,***
***ਹੁੰਦੀ ਤੇਰੀ ਵਡਿਆਈ ਐ।***
***ਜੋ ਹਰਿ ਦਾਸਨ ਕੀ ਉਸਤਤਿ ਹੈ***
***ਸਾ ਹਰਿ ਕੀ ਵਡਿਆਈ ॥ ਅੰਗ - ੬੫੨***

ਉਹਦੇ ਪਿਆਰਿਆਂ ਦੀ, ਪੁੱਤਰ ਦੀ ਉਸਤਤਿ ਕਰੋ ਪਿਉ ਖੁਸ਼ ਹੋ ਜਾਂਦਾ ਹੈ ਕਿ ਮੇਰੇ ਪੁੱਤਰ ਨੂੰ ਲਾਇਕ ਪੁੱਤਰ ਕਹਿ ਰਹੇ ਨੇ, ਜਾਮੇ 'ਚ ਨਹੀਂ ਸਮਾਉਂਦਾ, ਖੁਸ਼ ਹੁੰਦਾ ਤੁਰਿਆ ਜਾਏਗਾ। ਸੰਤ ਪ੍ਰਮੇਸ਼ਰ ਦੇ ਪੁੱਤਰ ਹੋਇਆ ਕਰਦੇ ਨੇ ਕਿਉਂਕਿ ਸੰਸਾਰ ਤਾਂ ਉਨ੍ਹਾਂ ਨੇ ਛੱਡ ਦਿੱਤਾ। ਉਹ ਤਾਂ ਸਾਰੇ ਸੰਸਾਰ ਨੂੰ ਬ੍ਰਹਮ ਰੂਪ ਜਾਣਦੇ ਨੇ, ਦੂਜੀ ਚੀਜ਼ ਨਹੀਂ ਜਾਣਦੇ, ਪਿਤਾ ਤੇ ਪੁੱਤਰ ਵਾਲਾ ਰਿਸ਼ਤਾ ਹੋ ਜਾਇਆ ਕਰਦਾ ਹੈ। ਸੋ ਜੋ ਕੋਈ ਉਸ ਦੀ ਵਡਿਆਈ ਕਰਦਾ ਹੈ, ਸੰਤਾਂ ਦੀ ਵਡਿਆਈ 'ਤੇ ਖਿਝਣਾ ਨਹੀਂ ਚਾਹੀਦਾ, ਕਿਉਂਕਿ ਪ੍ਰਮੇਸ਼ਰ ਦੀ ਵਡਿਆਈ ਹੋ ਰਹੀ ਹੈ -

***ਹਰਿ ਆਪਣੀ ਵਡਿਆਈ ਭਾਵਦੀ***
***ਜਨ ਕਾ ਜੈਕਾਰੁ ਕਰਾਈ ॥ ਅੰਗ - ੬੫੨***

ਜੈ-ਜੈਕਾਰ ਪਹਿਲਾਂ ਕਰਾਏਗਾ ਸੰਤਾਂ ਦਾ।

ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ, ਸੰਤ ਈਸ਼ਰ ਸਿੰਘ ਜੀ ਮਹਾਰਾਜ, ਸੋ ਆਪ ਸੈਦੋਂ ਗਏ ਹੋਏ ਨੇ, ਉਥੇ ਨਿਤਨੇਮ ਇਹ ਸੀ ਕਿ ਰਾਤ ਨੂੰ ਜਾ ਕੇ ਕਲਪਾਣੀ ਨਦੀ ਦੇ ਕੰਢੇ 'ਤੇ ਬੈਠ ਜਾਇਆ ਕਰਦੇ ਸੀ। ਬੇਅੰਤ ਸਰਦੀ ਹੁੰਦੀ, ਅੰਮ੍ਰਿਤ ਵੇਲੇ ਇਸ਼ਨਾਨ ਕਰਨਾ ਤਾਂ ਮਹਾਰਾਜ ਜੀ ਦਸਦੇ ਸੀ ਕਿ ਜੇ ਤਾਂ ਕਛਹਿਰੇ ਦਾ ਨਾਲਾ ਕੱਸ ਲਿਆ ਤਾਂ ਛੇਤੀ ਦੇ ਕੇ ਕਸ ਹੋ ਗਿਆ, ਨਹੀਂ ਤਾਂ ਹੱਥ ਮੁੜ ਜਾਂਦੇ ਸੀ। ਬਟਣ ਨਹੀਂ ਸੀ ਲੱਗਿਆ ਕਰਦੇ। ਮੈਂ ਕਿਹਾ, ਮਹਾਰਾਜ ਜੀ! ਫੇਰ ਕੰਢੇ 'ਤੇ ਹੀ ਬਹਿ ਜਾਂਦੇ ਸੀ? ਕਹਿੰਦੇ, ਬੈਠ ਹੀ ਸਕਦੇ ਸੀ ਬਸ, ਫੇਰ ਉਠਣਾ ਔਖਾ ਸੀ, ਜੁੜ ਜਾਂਦੇ ਸੀ, ਚਾਦਰ ਹੁੰਦੀ ਉੱਤੇ। ਐਉਂ ਨਹੀਂ ਕਿ ਸਾਡੇ ਵਾਂਗਣ ਕੰਬਲ ਲੈ ਕੇ ਬੈਠਦੇ ਸੀ ਤੇ ਜਦੋਂ ਭਾਰ ਵਧ ਜਾਣਾ ਕੋਰੇ ਦਾ, ਉਹ ਇੱਕ ਵਾਰੀ ਚਾਦਰ ਝਟਕ ਕੇ ਲਾਹ ਦੇਣਾ, ਫੇਰ ਝੂੰਭ ਜਿਹਾ ਮਾਰ ਕੇ ਬਹਿ ਜਾਣਾ, ਦਿਨ ਚੜ੍ਹੇ ਤਕ ਬੈਠੇ ਰਹਿੰਦੇ ਸੀ।

ਅੱਜ ਆਪ ਸਾਰੇ ਸਿੱਖਾਂ ਦੇ ਸਮੇਤ ਉਥੇ ਬੈਠੇ ਨੇ, ਉਥੇ ਇਕ ਬੜਾ ਹੀ ਚੰਗਾ ਪਠਾਣ ਸੀ ਜਿਸਦਾ ਨਾਮ ਅਜੀਮ ਖਾਨ ਸੀ, ਅਮੀਰ ਸੀ, ਬਹੁਤ ਸਾਰੇ ਖੂਹ ਉਹਦੇ ਲੱਗੇ ਹੋਏ, ਜਾਇਦਾਦ ਵਾਲਾ; ਉਹਦੇ ਖੂਹ 'ਤੇ ਜਾ ਕੇ ਆਪ ਬੈਠਿਆ ਕਰਦੇ ਸੀ ਤੇ ਉਹਨੇ ਤਾਰੀਫ ਕਰਿਆ ਕਰਨੀ ਜਾ ਕੇ ਪਠਾਣਾਂ ਦੇ ਅੰਦਰ ਕਿ ਇੱਕ ਪੀਰ ਮੇਰੇ ਖੂਹ 'ਤੇ ਬੈਠਦਾ ਹੈ, ਮੈਂ ਦੇਖਿਆ ਕਿ ਉਹ ਸਾਰੀ ਰਾਤ ਮਰਾਕਬੇ 'ਚ ਰਹਿੰਦਾ ਹੈ, ਮਰਾਕਬਾ ਕਹਿੰਦੇ ਨੇ ਸਮਾਧੀ ਨੂੰ। ਬਈ ਬਹੁਤ ਹੀ ਚੰਗਾ ਹੈ, ਦੇਖ ਕੇ ਭੁੱਖ ਲਹਿੰਦੀ ਹੈ, ਬਰਕਤ ਵਾਲਾ ਫਕੀਰ ਹੈ ਤੇ ਨਾਨਕ ਪੀਰ ਦੇ ਖਾਨਦਾਨ 'ਚੋਂ ਹੈ ਤੇ ਉਸੇ ਥਾਂ ਦੇ ਉੱਤੇ ਇੱਕ ਹੋਰ ਪਠਾਣ ਜਿਸ ਦਾ ਨਾਮ ਨਜੂਲਾਖਾਨ ਜੋ ਉਥੇ ਦਾ ਰਈਸ ਸੀ ਤੇ ਜਰਨੈਲੀ ਪੈਨਸ਼ਨ ਸੀ ਓਸਦੀ ੯੫ ਸਾਲ ਦੀ ਉਮਰ ਲਿਖੀ ਹੋਈ ਹੈ, ਉਸਨੇ ਵੀ ਗੱਲ ਸੁਣੀ। ਉਹ ਕਹਿਣ ਲੱਗਿਆ, ਕਿਉਂ ਮਿੱਤਰ! ਕੀ ਸੱਚਮੁੱਚ ਹੀ ਉਹ ਕਾਮਲ ਪੀਰ ਹੈ? ਕਹਿਣ ਲੱਗਿਆ, ਹਾਂ ਸੱਚਮੁੱਚ ਹੀ ਉਹ ਕਾਮਲ ਪੀਰ ਹੈ, ਪ੍ਰਤਿਆਇਆ ਤਾਂ ਹੈ ਨਹੀਂ ਹੈ ਪਰ ਮੇਰੇ ਮਨ ਦੇ ਅੰਦਰ ਸ਼ਾਅਦੀ ਹੈ ਕਿ ਓਹੋ ਜਿਹਾ ਮੈਂ ਨਹੀਂ ਦੇਖਿਆ ਆਪਣੇ ਇਸਲਾਮ ਦੇ ਅੰਦਰ। ਕੋਈ ਨਹੀਂ ਐਸਾ, ਬਥੇਰੇ ਮੈਂ ਪੀਰਾਂ ਕੋਲ ਜਾਨਾਂ। ਪਰ ਉਹਦੇ ਕੋਲ ਜਾ ਕੇ ਖਿੱਚ ਪੈਂਦੀ ਹੈ। ਐਉਂ ਲਗਦਾ ਹੈ ਜਿਵੇਂ ਉਹ ਮੇਰਾ ਹੀ ਆਪਣਾ ਹੁੰਦਾ ਹੈ। ਜੇ ਇਕ ਵਾਰੀ ਦੇਖ ਲਵੇ ਅੰਦਰੋਂ ਸਭ ਕੁਛ ਕੱਢ ਲੈਂਦਾ ਹੈ, ਬਕਾਇਆ ਨਹੀਂ ਕੁਛ ਵੀ ਰਹਿੰਦਾ, ਕਹਿੰਦਾ ਐਸੀ ਦ੍ਰਿਸ਼ਟੀ ਮਿਥੀ ਹੈ ਓਸਦੀ, ਕਹਿਆ ਨਹੀਂ ਜਾ ਸਕਦਾ ਹੈ। ਚੁੱਪ ਕਰ ਰਿਹਾ ਤੇ ਮਨ ਵਿੱਚ

ਫੈਸਲਾ ਕਰ ਲਿਆ ਕਿ ਓ ਮਨਾਂ! ਜਿਸ ਚੀਜ਼ ਨੂੰ ਭਾਲਦਾ ਤੂੰ ਬੁੱਢਾ ਹੋ ਗਿਆ, ਖਤਮ ਹੋਣ ਵਾਲਾ ਹੋ ਗਿਆ ਪਰ ਅੰਦਰੋਂ ਵਾਸ਼ਨਾ ਨਹੀਂ ਗਈ। ਹੋ ਸਕਦਾ ਹੈ ਅਜੇ ਵੀ ਰੇਖ ਦੇ ਵਿੱਚ ਮੇਖ ਮਾਰ ਦੇਵੇ।

ਸੋ ਅੱਜ ਇਕੱਲਾ ਲਾਲਟੈਨ ਲੈ ਕੇ ਚਲਦਾ ਹੈ, ਨਾਲ ਡਰਦਾ ਹੈ ਕਿ ਜੇ ਇਸਲਾਮ ਵਾਲਿਆਂ ਨੂੰ ਪਤਾ ਲਗ ਗਿਆ ਕਿ ਸਿੱਖ ਪੀਰ ਦੇ ਚਰਨ ਸ਼ਰਨ ਗਿਆ ਹੈ ਸਾਡਾ ਰਈਸ, ਬਦਨਾਮੀ ਹੋਏਗੀ। ਹੋ ਸਕਦਾ ਹੈ ਮੁੱਲਾਂ ਮੈਨੂੰ ਮਸਜਿਦ 'ਚ ਬੁਲਾ ਕੇ ਫਤਵਾ ਲਾ ਦੇਵੇ। ਓਸ ਵੇਲੇ ਲਾਲਟੈਨ ਲਈ ਹੋਈ ਹੈ, ਝੁੰਭ ਮਾਰਿਆ ਹੋਇਆ ਹੈ ਕੱਪੜਾ ਉਪਰ ਚੰਗੀ ਤਰ੍ਹਾਂ ਲੈ ਕੇ। ਗਰਮ ਕਪੜੇ ਪਹਿਨੇ ਹੋਏ ਨੇ ਤੇ ਲਾਲਟੈਨ ਚੁੱਕੀਂ ਜਾ ਰਿਹਾ ਹੈ ਤੇ ਓਧਰ ਮਹਾਰਾਜ ਜੀ ਬੈਠੇ ਨੇ, ਹੋਰ ਸਿੱਖ ਨਾਲ ਬੈਠੇ ਨੇ। ਇੱਕ ਨੇ ਕਿਹਾ ਮਹਾਰਾਜ! ਉਹ ਲਾਲਟੈਨ ਵਾਲਾ ਆਪਣੇ ਵਲ ਨੂੰ ਆ ਰਿਹਾ ਹੈ। ਕੋਈ ਦੋਖੀ ਨਾ ਹੋਵੇ। ਮਹਾਰਾਜ ਜੀ ਕਹਿਣ ਲੱਗੇ, ਨਹੀਂ ਸੁਗੰਧੀ ਪਿਆਰ ਦੀ ਆ ਰਹੀ ਹੈ। ਹੌਲੀ-ਹੌਲੀ ਚਲਦੇ-ਚਲਦੇ ਨੇੜੇ ਆ ਗਿਆ, ਨੇੜੇ ਆ ਕੇ ਪੁੱਛਿਆ ਕਿ ਬਾਬਾ ਜੀ। ਦੱਸਿਆ ਕਿ ਆਹ ਬੈਠੇ ਨੇ। ਆਪ ਬਰੇਤੀ ਦੇ ਉੱਤੇ ਖੂਹ ਕੋਲ ਆਸਣ ਲਾਇਆ ਹੋਇਆ ਹੈ ਤੇ ਸਵੈ ਸਰੂਪ 'ਚ ਲੀਨ ਹੋਏ ਬੈਠੇ ਨੇ। ਜਾ ਕੇ ਇਸ ਨੇ ਨਮਸ਼ਕਾਰ ਕਰੀ, ਲਾਲਟੈਨ ਰੱਖੀ, ਦੋਵੇਂ ਹੱਥ ਬੰਨ੍ਹ ਕੇ ਬੈਠ ਗਿਆ। ਕਹਿਣ ਲੱਗੇ, ਖਾਨ ਸਾਹਿਬ! ਵੱਡੀ ਵਡੇਰੀ ਉਮਰ ਦੇ ਲਗਦੇ ਓਂ, ਇਸ ਵੇਲੇ ਰਾਤ ਨੂੰ ਕਿਉਂ ਆਪ ਆਏ ਓਂ। ਐਡੀ ਤਕਲੀਫ ਕਿਉਂ ਆਪ ਨੇ ਕਰਨੀ ਸੀ, ਦਿਨ ਵਿਚ ਮਿਲ ਲੈਣਾ ਸੀ? ਕਹਿੰਦਾ ਪੀਰ ਜੀ! ਮੈਂ ਸ਼ਰ੍ਹਾ ਦੇ ਸੰਗਲਾਂ ਤੋਂ ਡਰਦਾ ਹਾਂ। ਸ਼ਰਈ ਕੁੱਤੇ ਮੇਰੇ ਮਗਰ ਪੈ ਜਾਣਗੇ ਕਿ ਸੰਤਾਂ ਕੋਲ ਗਿਆ ਹੈ। ਪੀਰ ਜੀ ਕੋਲ ਗਿਆ ਹੈ, ਕਿਉਂਕਿ ਤੁਹਾਡਾ ਧਰਮ ਹੋਰ ਹੈ ਮੇਰਾ ਹੋਰ ਹੈ, ਸਾਡੇ ਧਰਮ ਦੇ ਅੰਦਰ ਕੇਵਲ ਜੇ ਕੋਈ ਹੋ ਸਕਦਾ ਹੈ ਪੂਰਾ ਤਾਂ ਇਸਲਾਮ ਵਾਲਾ ਹੀ ਹੋ ਸਕਦਾ ਹੈ, ਹੋਰ ਤਾਂ ਸਾਰੇ ਕਾਫਰ ਹੀ ਨੇ ਤੇ ਮੈਨੂੰ ਵੀ ਫਤਵਾ ਲਾ ਦੇਣਗੇ ਤੇ ਮੈਂ ਤੁਹਾਡੇ ਕੋਲ ਕੁਛ ਮੰਗ ਲੈ ਕੇ ਆਇਆ ਹਾਂ। ਕਹਿੰਦੇ, ਦੱਸੋ ਕੀ ਮੰਗ ਹੈ? ਇਸ ਤਰ੍ਹਾਂ ਨਾਲ ਬੇਨਤੀ ਕਰਦਾ ਹੈ -

***ਧਾਰਨਾ - ਗੰਢ ਪੈਂਦੀ ਹੈ ਪੁੱਤਰਾਂ ਦੇ ਨਾਲ ਜਗ 'ਤੇ, ਇੱਕ ਪੁੱਤਰ ਝੋਲੀ ਪਾ ਦਿਓ।***

ਮਹਾਰਾਜ! ਮੈਂ ਅਜੇ ਤਕ ਵੀ ਮੂੰਹ ਨਹੀਂ ਦੇਖ ਸਕਿਆ ਓਲਾਦ ਦਾ। ਤਿੰਨ ਵਿਆਹ ਕਰਾਏ ਨੇ। ਕਿਉਂਕਿ ਸਾਧਸੰਗਤ ਜੀ! ਜਿਥੇ ਆਦਮੀ ਦਾ ਹੱਥ ਨਾ ਪਹੁੰਚ ਸਕਦਾ ਹੋਵੇ, ਜੇ ਕੋਈ ਸ਼ਕਤੀ ਸੁਣਨ ਵਾਲੀ ਨਾ ਹੋਵੇ ਫੇਰ ਆਦਮੀ ਦਮ ਘੁੱਟ ਕੇ ਮਰ ਜਾਂਦਾ ਹੈ। ਮਹਾਰਾਜ ਫੁਰਮਾਨ ਕਰਦੇ ਨੇ ਕਿ ਘਬਰਾਓ ਨਾ। ਜੇ ਕਿਸਮਤ 'ਚ ਨਹੀਂ ਲੇਖ ਲਿਖੇ ਹੋਏ, ਚਲੇ ਜਾਓ ਬੰਦਗੀ ਕਰਨ ਵਾਲੇ ਅਭੇਦ ਅਵਸਥਾ ਦੇ ਮਹਾਂਪੁਰਸ਼ਾਂ ਕੋਲ। ਸੰਗਤ ਦੇ ਵਿੱਚ ਜਾ ਕੇ ਅਰਦਾਸ ਕਰੋ, ਸੁਣੀ ਜਾਂਦੀ ਹੈ। ਇਸ ਤਰ੍ਹਾ ਦੇ ਨਾਲ ਫੁਰਮਾਨ ਹੈ -

***ਧਾਰਨਾ - ਜੇ ਤੈਂ ਚਾਰ ਪਦਾਰਥ ਲੈਣੇ,***
***ਸੇਵਾ ਕਰ ਲੈ ਸਾਧੂਆਂ ਦੀ।***

***ਚਾਰਿ ਪਦਾਰਥ ਜੇ ਕੋ ਮਾਗੈ ॥***
***ਸਾਧ ਜਨਾ ਕੀ ਸੇਵਾ ਲਾਗੈ ॥***
***ਜੇ ਕੋ ਆਪੁਨਾ ਦੂਖੁ ਮਿਟਾਵੈ ॥***
***ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥***
***ਜੇ ਕੋ ਆਪੁਨੀ ਸੋਭਾ ਲੋਰੈ ॥***
***ਸਾਧਸੰਗਿ ਇਹ ਹਉਮੈ ਛੋਰੈ ॥***
***ਜੇ ਕੋ ਜਨਮ ਮਰਣ ਤੇ ਡਰੈ ॥***
***ਸਾਧ ਜਨਾ ਕੀ ਸਰਨੀ ਪਰੈ ॥***
***ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥***
***ਨਾਨਕ ਤਾ ਕੈ ਬਲਿ ਬਲਿ ਜਾਸਾ ॥***
***ਅੰਗ - ੨੬੬***

ਕੋਈ ਮੰਗ ਹੈ ਨਹੀਂ ਮਿਲਦੀ। ਸਤਿਸੰਗ 'ਚ ਆ ਜਾਓ, ਅਰਦਾਸ ਕਰੋ ਸਭ ਕੁਛ ਮਿਲ ਜਾਂਦਾ ਹੈ। ਸੇਵਾ ਕਰੋ। ਲੇਕਿਨ ਸੇਵਾ ਕਰਨ ਦੇ ਨਾਲ ਇਸੇ ਤਰ੍ਹਾਂ ਸੌਦੇਬਾਜ਼ੀ ਨਾ ਕਰੋ, ਜੀਵਨ ਵੀ ਅਰਪਣ ਕਰੋ ਗੁਰੂ ਨੂੰ, ਕਹੋ ਕਿ ਮੈਂ ਨਿੰਦਿਆ ਨਹੀਂ ਕਰਾਂਗਾ, ਚੁਗਲੀ ਨਹੀਂ ਕਰਾਂਗਾ, ਵਖੀਲੀ ਨਹੀਂ ਕਰਾਂਗਾ, ਝੂਠ ਨਹੀਂ ਬੋਲਾਂਗਾ, ਮਾੜੇ ਕੰਮ ਨਹੀਂ ਕਰਾਂਗਾ, ਹਿੰਸਾ ਨਹੀਂ ਕਰਾਂਗਾ, ਕੁਦਇਆ ਨਹੀਂ ਕਰਾਂਗਾ। ਛੱਡੋ ਸਭ ਕੁਛ, ਛੱਡ ਕੇ ਸਿੱਧੇ ਹੋ ਕੇ ਗੁਰੂ ਦੇ ਨਾਲ ਗੱਲ ਕਰੋ, ਝੋਲੀ ਭਰ ਜਾਏਗੀ, ਕੋਈ ਔਖੀ ਬਾਤ ਨਹੀਂ ਹੋਇਆ ਕਰਦੀ। ਕਿਉਂਕਿ ਗੁਰੂ ਹਾਜ਼ਰ-ਨਾਜ਼ਰ ਹੈ, ਸੁਣਦੇ ਨੇ, ਦੇਖਦੇ ਨੇ ਸਭ ਕੁਛ, ਇਥੇ ਆ ਕੇ ਜੇ ਨਾ ਝੋਲੀ ਭਰੀ ਫੇਰ ਹੋਰ ਕਿਹੜਾ ਦਰ ਹੈ। ਸੋ ਕਹਿਣ ਲੱਗੇ, ਖਾਨ ਸਾਹਿਬ! ਉਮਰ ਕਿੰਨੀ ਹੈ? ਕਹਿੰਦਾ, ਜੀ ੯੫ ਸਾਲ ਦਾ ਹੋ ਗਿਆ। ਕਹਿੰਦੇ ਅਜੇ ਵੀ ਪੁੱਤਰ ਦੀ ਵਾਸ਼ਨਾ ਹੈ? ਬਾਬਾ! ਸੁੱਕ ਗਿਆ, ਸੁੱਕੇ ਦਰਖਤ ਨੂੰ ਤਾਂ ਪੱਤੇ ਨਹੀਂ ਨਿਕਲਿਆ ਕਰਦੇ, ਨਾ ਫਲ ਲੱਗਿਆ ਕਰਦੇ ਨੇ। ਕਹਿੰਦਾ, ਪੀਰ ਜੀ! ਮੈਂ ਦੁਨੀਆਂ ਦੇ ਅੰਦਰ ਜ਼ਿੰਦਗੀ ਗੁਜ਼ਾਰੀ ਹੈ, ਲੇਕਿਨ ਮੈਂ ਅੰਦਰੋਂ ਮੰਨਦਾ ਹਾਂ ਕਿ ਪੀਰ ਗੁਰੂ ਨਾਨਕ ਜਿਸਦੇ ਅੱਗੇ ਕਾਹਬਾ ਵੀ ਨਿਵਿਆ ਸੀ। ਉਹ ਸਭ ਕੁਛ ਕਰ ਸਕਦਾ ਹੈ। ਉਸਦੇ ਬੰਦੇ ਜਿਹੜੇ ਨੇ ਨਾਨਕ ਪੀਰ ਦੇ, ਉਹ ਸਭ ਕੁਛ ਕਰ ਸਕਦੇ ਨੇ, ਮੈਂ ਤਾਂ ਬਹੁਤ ਵਡਿਆਈ ਸੁਣ ਕੇ ਇੱਥੇ ਪਹੁੰਚਿਆ ਹਾਂ -

***ਧਾਰਨਾ - ਮੈਂ ਸੋਭਾ ਸੁਣ ਕੇ ਆਇਆ,***
***ਉੱਚਾ ਦਰ ਬਾਬੇ ਨਾਨਕ ਦਾ।***

ਪੀਰ ਜੀ! ਜਿੱਥੇ ਮੈਂ ਦੁਨਿਆਵੀ ਬੰਦਾ ਹਾਂ, ਮੈਂ ਥੋੜ੍ਹਾ-ਥੋੜ੍ਹਾ ਰੂਹਾਨੀਅਤ ਵਿੱਚ ਹੀ ਧਿਆਨ ਰਖਦਾ ਹਾਂ। ਸੁਣਿਆ ਹੈ ਮੈਂ ਬਹੁਤ ਆਲਮਾਂ ਤੋਂ, ਫਾਜ਼ਲਾਂ ਤੋਂ ਕਿ ਗੁਰੂ ਨਾਨਕ ਪੀਰ ਹੋਇਆ ਹੈ ਮੱਕੇ ਦੇ ਅੰਦਰ ਜਿਸਨੇ ਕੌਂਸ ਦੀ ਨਿਸ਼ਾਨੀ ਰੱਖੀ ਤੇ ਸਾਰੇ ਮੱਕੇ ਨੂੰ ਨਿਵਾਇਆ, ਬਗਦਾਦ ਨੂੰ ਨਿਵਾਇਆ ਤੇ ਤੁਸੀਂ ਉਸੇ ਖਾਨਦਾਨ ਦੇ ਵਿਚੋਂ ਹੋਂ ਪੀਰ ਜੀ। ਮੇਰੀ ਫਰਿਆਦ ਸੁਣੋ, ਮੇਰੀ ਬਹੁਤ ਸਾਰੀ ਜ਼ਮੀਨ-ਜਾਇਦਾਦ, ਬਹੁਤ ਸਾਰੇ ਖੂਹ ਲੱਗੇ ਹੋਏ, ਸਾਰੇ ਐਵੇਂ ਹੀ ਜਾਂਦੇ ਨੇ ਜੇ ਇੱਕ ਪੁੱਤਰ ਦੀ ਦਾਤ ਨਾ ਮਿਲੀ। ਕਹਿੰਦੇ, ਖਾਨ ਸਾਹਿਬ! ਜੇ ਤੇਰਾ ਐਡਾ ਹੀ ਭਰੋਸਾ ਹੈ ਤਾਂ ਫੇਰ ਗੁਰੂ ਨਾਨਕ ਝੋਲੀ ਖਾਲੀ ਨਹੀਂ ਭੇਜਿਆ ਕਰਦਾ, ਭਰ ਦਿੰਦਾ ਹੈ, ਬਾਕੀ ਜਿਹੜਾ ਸੁੱਕਾ ਹੈ -

***ਸੂਕੇ ਹਰੇ ਕੀਏ ਖਿਨ ਮਾਹੇ ॥***
***ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ ॥ਅੰਗ - ੧੯੧***

ਹਰਾ ਕਰ ਦਏਗਾ ਤੈਨੂੰ। ਕਹਿੰਦੇ, ਤੇਰੀ ਵੱਡੀ ਬੇਗਮ ਦੀ ਉਮਰ? ਕਹਿੰਦੇ ੮● ਸਾਲ ਦੀ, ਕਹਿੰਦੇ ਜਾਹ ਫੇਰ ਉਹਦੇ ਹੀ ਬੱਚਾ ਹੋਏਗਾ। ਹੁਣ ਬਚਨ ਹੋ ਗਿਆ ਪਰ ਗੱਲ ਸੁਣੀ ਨਾਲ ਰਹਿਤਾਂ ਰੱਖੀਂ। ਪੰਜ ਨਮਾਜ਼ਾਂ ਪੰਜੇ ਵਕਤਾਂ 'ਚ ਪੜ੍ਹਨੀਆਂ ਨੇ। ਰੋਜ਼ੇ ਰਖਣੇ ਨੇ, ਹਿੰਦੂ, ਮੁਸਲਮਾਨ ਨੂੰ ਇੱਕ ਅੱਖ ਨਾਲ ਇੱਕੋ ਜਿਹੇ ਦੇਖਣਾ ਹੈ ਤੇ ਨਿਰਮਾਨਤਾ ਧਾਰਨ ਕਰਨੀ ਹੈ। ਕਿਉਂਕਿ -

***ਲੇਨੇ ਕੌ ਹਰਿ ਨਾਮ ਹੈ***
***ਦੇਨੇ ਕੌ ਅੰਨ ਦਾਨ ਤਰਨੇ ਕੌ ਨਿਰਮਾਨਤਾ,***
***ਡੂਬਨ ਕਉ ਅਭਿਮਾਨ।***

ਅਭਿਮਾਨੀ ਡੁੱਬ ਜਾਇਆ ਕਰਦਾ ਹੈ, ਨਿਰਮਾਨਤਾ ਵਾਲਾ ਤਰ ਜਾਇਆ ਕਰਦਾ ਹੈ। ਨਿਮਰਤਾ ਨਾਲ ਰਹਿਣਾ ਹੈ, ਹੈਂਕੜ ਛੱਡ ਦੇਣੀ ਹੈ, ਚਰਨਾਂ ਦਾ ਦਾਸ, ਸੇਵਾ ਕਰਨੀ ਹੈ। ਮਸਜਿਦ ਜਾਈਂ ਜੋੜੇ ਝਾੜਿਆ ਕਰੀਂ। ਜਦੋਂ ਨਮਾਜ਼ ਪੜ੍ਹ ਕੇ ਨਿਕਲ ਜਾਣ ਰਾਤ ਵਾਲੀ ਉਸ ਵੇਲੇ ਮਸਜਿਦ ਦੇ ਮੁਨਾਰੇ 'ਤੇ ਖੜ੍ਹ ਕੇ ਅਵਾਜ਼ ਦੇਈਂ, ਕੋਈ ਭੁੱਖਾ ਮੇਰੀ ਅਵਾਜ਼ ਸੁਣਦਾ ਹੋਵੇ, ਉਹ ਆ ਜਾਵੇ ਮਸਜਿਦ ਦੇ ਅੰਦਰ 'ਤੇ ਮੈਂ ਖਾਣੇ ਦਾ ਬੰਦੋਬਸਤ ਕਰਾਂਗਾ। ਭੁੱਖੇ ਨੂੰ ਅਨਾਜ ਦੇਈਂ, ਕਿਉਂਕਿ ਅੰਨ ਦਾਨ ਦੇ ਬਰਾਬਰ ਹੋਰ ਕੋਈ ਦਾਨ ਨਹੀਂ ਹੈ। ਵੱਡਾ ਦਾਨ ਹੈ ਅੰਨ ਦਾ। ਸੋ ਬਹੁਤ ਸਾਰੇ ਉਪਦੇਸ਼ ਦਿੱਤੇ, ਬਹੁਤ ਤਰੀਕੇ ਸਮਝਾਏ ਤੇ ਜਦੋਂ ਚਲਿਆ ਗਿਆ ਤਾਂ ਨਾਲ ਦੇ ਕਹਿਣ ਲੱਗੇ ਬਾਬਾ ਜੀ! ਤੁਸੀਂ ਇਹਨੂੰ ਮੁਸਲਮਾਨੀ ਉਪਦੇਸ਼ ਹੀ ਦਿੱਤਾ। ਦੂਜਾ ਉਪਦੇਸ਼ ਦੇਣਾ ਸੀ ਆਪਣੇ ਵਾਲਾ। ਕਹਿੰਦੇ, ਭਾਈ! ਉਪਦੇਸ਼ਾਂ 'ਚ ਕੋਈ ਫਰਕ ਨਹੀਂ, ਵਾਹਿਗੁਰੂ ਅੱਲਾਹ, ਰਾਮ ਸਭ ਇੱਕੋ ਹੀ ਨੇ, ਇਹ ਤਾਂ ਐਵੇਂ ਭੁਲੇਖਿਆਂ ਵਿੱਚ ਦੁਨੀਆਂ ਪਈ ਹੋਈ ਹੈ -

***ਧਾਰਨਾ - ਅੱਲਾਹ ਵਾਹਿਗੁਰੂ ਹਰੀ ਦਾ ਨਾਮ***
***ਇੱਕ ਹੈ ਭਰਮਾਂ ਵਿੱਚ ਪੈ ਗਈ ਦੁਨੀਆਂ।***
***ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥***
***ਕੋਈ ਸੇਵੈ ਗੁਸਈਆ ਕੋਈ ਅਲਾਹਿ ॥***
***ਅੰਗ - ੮੮੫***

ਨਾਉਂ ਤਾਂ ਉਸੇ ਪਿਆਰੇ ਦਾ ਹੈ ਜਿਹਨੂੰ ਅਸੀਂ ਪਿਆਰ ਕਰਦੇ ਹਾਂ। ਖੁਸ਼ ਹੋ ਜਾਣਾ ਚਾਹੀਦਾ ਹੈ ਕਿ ਇਸਨੇ God ਕਿਹਾ ਹੈ, ਅੱਲਾਹ ਕਿਹਾ ਹੈ, ਖੁਦਾ ਕਿਹਾ ਹੈ, ਇਹਨੇ ਹਰੀ ਕਿਹਾ ਹੈ, ਗੋਪਾਲ ਕਿਹਾ ਹੈ, ਰਾਮ ਕਿਹਾ ਹੈ; ਖੁਸ਼ ਹੋਵੋ। ਮਹਾਰਾਜ ਕਹਿੰਦੇ, ਫੇਰ ਸੱਚ ਦੀ ਪਛਾਣ ਹੁੰਦੀ ਹੈ। ਨਾਉਂ ਸੁਣਦੇ ਸਾਰ ਮਨ ਵਿੱਚ ਖੁਸ਼ੀ ਆ ਜਾਏ ਕਿ ਫਾਰਸੀ 'ਚ ਬੋਲਿਆ ਹੈ, ਇੰਗਲਿਸ਼ 'ਚ ਬੋਲਿਆ ਹੈ ਮੇਰੇ ਪਿਆਰੇ ਦਾ ਨਾਉਂ। ਕਹਿੰਦੇ, ਪਿਆਰਿਆ! ਇਸ ਗੱਲ ਦਾ ਭਰਮ ਨਾ ਕਰ। ਜੀਵਨ ਦੀ ਸਾਇਕੋਲੋਜੀ ਕੀ ਹੈ, ਜੀਵਨ ਦੀ ਸੇਧ ਇੱਕੋ ਹੀ ਹੈ, ਯਮ ਓਹੀ ਨੇ, ਨੇਮ ਓਹੀ ਨੇ, ਰਹਿਤਾਂ ਓਹੀ ਨੇ; ਪ੍ਰਮੇਸ਼ਰ ਨੂੰ ਮਿਲਣ ਦੀਆਂ, ਦੂਜੀ ਰਹਿਤ ਨਹੀਂ ਕੋਈ ਵੀ ਹੈ। ਸੋ ਹੁਣ ਬਚਨ ਕਰ ਦਿੱਤਾ। ਨਾਲ ਦੇ ਵੀ ਹੈਰਾਨ ਹੋਏ ਕਿ ਬਾਬਾ ਜੀ! ੯੫ ਸਾਲ ਦੀ ਉਮਰ 'ਤੇ ੮● ਦੀ ਸੁੱਕੀ ਹੋਈ ਬੁੜ੍ਹੀ ਹੈ, ਇਹ ਕੀ ਕਰ ਦਿੱਤਾ। ਹੁਣ ਅਕਾਲ ਪੁਰਖ ਦਾ ਨਿਯਮ ਇਹ ਹੈ -

***ਧਾਰਨਾ - ਭਾਵੇਂ ਚੰਦਰਮਾ ਨਾਸ਼ ਹੋ ਜਾਵੇ,***
***ਸੰਤਾਂ ਦਾ ਬੋਲ ਨਾ ਟਲੇ।***

***ਨਿਸਿ ਬਾਸੁਰ ਨਖਿਅਤ੍ਰ ਬਿਨਾਸੀ***
***ਰਵਿ ਸਸੀਅਰ ਬੇਨਾਧਾ ॥***
***ਗਿਰਿ ਬਸੁਧਾ ਜਲ ਪਵਨ***
***ਜਾਇਗੋ ਇਕਿ ਸਾਧ ਬਚਨ ਅਟਲਾਧਾ ॥***
***ਅੰਡ ਬਿਨਾਸੀ ਜੇਰ ਬਿਨਾਸੀ***
***ਉਤਭੁਜ ਸੇਤ ਬਿਨਾਧਾ ॥***
***ਚਾਰਿ ਬਿਨਾਸੀ ਖਟਹਿ ਬਿਨਾਸੀ***
***ਇਕਿ ਸਾਧ ਬਚਨ ਨਿਹਚਲਾਧਾ ॥ ੨ ॥***
***ਰਾਜ ਬਿਨਾਸੀ ਤਾਮ ਬਿਨਾਸੀ***
***ਸਾਤਕੁ ਭੀ ਬੇਨਾਧਾ ॥***
***ਦ੍ਰਿਸਟਿਮਾਨ ਹੈ ਸਗਲ ਬਿਨਾਸੀ***
***ਇਕਿ ਸਾਧ ਬਚਨ ਆਗਾਧਾ ॥ ਅੰਗ- ੧੨●੪***

ਬਚਨ ਨਾ ਟਲੇਗਾ। ਸੋ ਬਚਨ ਹੋ ਗਿਆ, ਮਹਾਂਪੁਰਸ਼ਾਂ ਦਾ, ਅਭੇਦ ਅਵਸਥਾ ਦੇ ਪੂਰਿਆਂ ਦਾ। ਡਾਕਟਰ ਸੁਣਨ ਤਾਂ ਹੈਰਾਨ ਹੋਣਗੇ ਕਿ ਇਹ ਤਾਂ ਹੋ ਹੀ ਨਹੀਂ ਸਕਦੇ ਕਦੇ। ਅਤਿਕਥਨੀ ਹੈ। ਲੇਕਿਨ ਇਹ ਤਾਂ ਗੱਲਾਂ ਮਾਮੂਲੀ ਨੇ, ਕੁਛ ਵੀ ਨਹੀਂ ਹੈਗੀਆਂ। ਸੰਤਾਂ ਦੀ ਬਹੁਤੀ ਵਡਿਆਈ ਨਹੀਂ ਹੈਗੀ ਕਿ ਇਹ ਗੱਲ ਕਹਿ ਦੇਣੀ ਤੇ ਹੋ ਜਾਣਾ, ਸੰਤਾਂ ਕੋਲ ਤਾਂ ਬਹੁਤ ਵੱਡੀਆਂ-ਵੱਡੀਆਂ ਚੀਜ਼ਾਂ ਹੁੰਦੀਆਂ ਨੇ। ਉਹ ਤਾਂ ਡੁੱਬਦੇ-ਡੁੱਬਦੇ ਨੂੰ ਦਰਗਾਹ 'ਚੋਂ ਵੀ ਬਚਾ ਲੈਂਦੇ ਨੇ। ਦਰਗਾਹ ਦੇ ਵਿੱਚ ਵੀ ਸਹਾਇਤਾ ਕਰਦੇ ਨੇ।

ਸੋ ਸਮਾਂ ਲੰਘਦਾ ਚਲਾ ਗਿਆ। ਇੱਕ ਵਾਰੀ ਮਹਾਂਪੁਰਸ਼ ਇੱਥੇ ਆ ਗਏ ਰਾਮਪੁਰ। ਇੱਥੇ ਗੋਖੇ ਦੀ ਛਪੜੀ ਰਾਤ ਨੂੰ ਸਾਰੀ ਰਾਤ ਬਹਿੰਦੇ ਸੀ। ਅੰਮ੍ਰਿਤ ਵੇਲੇ ਫੇਰ ਜਾ ਕੇ ਬੈਠਿਆ ਕਰਦੇ ਸੀ ਤਾਂ ਪਰ੍ਹੇ ਇੱਕ ਬਰੋਟਾ ਹੈ ਉਹਦੀਆਂ ਜੜ੍ਹਾਂ 'ਚ ਦੋ ਜਣੇ, ਬੈਠੇ ਨੇ, ਕੋਈ ਗੱਲਬਾਤ ਜਿਹੀ ਕਰੀ ਜਾਂਦੇ ਨੇ ਤੇ ਸੰਤ ਮਹਾਰਾਜ ਚਾਰ ਵਜੇ ਉਠਿਆ ਕਰਦੇ ਸੀ, ਛਪੜੀ ਕੋਲ ਟੋਆ ਜਿਹਾ ਬਣਾਇਆ ਹੋਇਆ ਸੀ, ਟੋਏ 'ਚ ਬੈਠ ਕੇ ਬੰਦਗੀ ਕਰਿਆ ਕਰਦੇ ਸੀ, ਉਹ ਜਿੱਥੋਂ ਆਵਾਜ਼ ਆਉਂਦੀ ਸੀ ਉਥੇ ਨੂੰ ਚਲੇ ਗਏ। ਉਥੇ ਗਏ ਤਾਂ ਦੇਖਿਆ, ਕਹਿੰਦੇ ਪ੍ਰੇਮੀਓ! ਕੀ ਗੱਲ, ਐਡੀ ਵੱਡੀ ਰਾਤ ਤੁਸੀਂ ਇੱਥੇ ਬੈਠੇ ਓਂ। ਕਹਿੰਦੇ, ਬਾਬਾ ਜੀ! ਸਾਡੇ ਤੋਂ ਤਾਂ ਬੜੀ ਭੁੱਲ ਹੋਈ, ਤੁਸੀਂ ਇੱਥੇ ਹੀ ਭਜਨ ਕਰਦੇ ਹੁੰਦੇ ਓਂ? ਅਸੀਂ ਤਾਂ ਤੁਹਾਡੇ ਭਜਨ ਵਿੱਚ ਵਿਘਨ ਪਾ ਦਿਤਾ। ਦੋਵੇਂ ਗਰੀਬ ਆਦਮੀ ਤੇ ਘਰਵਾਲੀ ਹੈ ਤੇ ਬੱਚਾ ਹੈ। ਕਹਿਣ ਲੱਗੇ, ਬਾਬਾ ਜੀ! ਸਾਡਾ ਬੱਚਾ ਬਹੁਤ ਸਖਤ ਬੀਮਾਰ ਹੈ, ਅਸੀਂ ਛੇਤੀ ਤੋਂ ਛੇਤੀ ਡਾਕਟਰ ਦੇ ਸਾਹਨੇਵਾਲ ਜਾਣਾ ਚਾਹੁੰਦੇ ਸੀ ਬਈ ਡਾਕਟਰ ਕੋਲ ਸਾਝਰੇ ਚੱਲੀਏ, ਇਹਦੇ ਤਾਂ ਸਾਹ ਬੜੇ ਔਖੇ ਆਉਂਦੇ ਸੀ, ਇੱਥੇ ਆ ਕੇ ਸਾਨੂੰ ਪਤਾ ਨਹੀਂ ਲਗਦਾ ਨਿੱਘ ਸਰੀਰ ਦੀ ਇਹਦੀ ਖਤਮ ਹੋ ਗਈ ਹੈ ਤੇ ਪਰ ਅਸੀਂ ਡਾਕਟਰ ਕੋਲ ਜ਼ਰੂਰ ਜਾਣਾ ਹੈ, ਪਤਾ ਨਹੀਂ ਮਹਾਰਾਜ ਇਹ ਚੜ੍ਹਾਈ ਹੀ ਕਰ ਗਿਆ, ਇੱਕੋ ਇੱਕ ਪੁੱਤਰ ਹੈ ਸਾਡਾ। ਬਾਬਾ ਜੀ ਨੂੰ ਤਰਸ ਆ ਗਿਆ ਕਿ ਭੋਲੇ-ਭਾਲੇ ਬੈਠੇ ਨੇ, ਕਦ ਦਿਨ ਚੜ੍ਹਨਾ ਹੈ, ਕਦ ਡਾਕਟਰ ਨੇ ਮਿਲਣਾ ਹੈ ਤੇ ਇਹ ਪਹਿਲੀ ਰਾਤ ਹੀ ਆ ਗਏ। ਕਹਿੰਦੇ, ਕਿੰਨਾ ਤੜਕਾ ਸੀ ਜਦ ਤੁਸੀਂ ਆਏ ਓਂ? ਕਹਿੰਦੇ, ਬਾਬਾ ਜੀ! ਪਤਾ ਨਹੀਂ

ਅੱਧੀ ਰਾਤ ਸੀ। ਸਾਨੂੰ ਤਾਂ ਇੱਥੇ ਆ ਕੇ ਪਤਾ ਲੱਗਿਆ ਹੈ ਕਿ ਰਾਤ ਬਹੁਤ ਵੱਡੀ ਰਹਿੰਦੀ ਹੈ, ਉਥੇ ਨਹੀਂ ਸਾਨੂੰ ਕੋਈ ਥਹੁ ਸੀ, ਅਸੀਂ ਤਾਂ ਬੌਂਦਲੇ ਪਏ ਸੀ ਬੱਚੇ ਦੀ ਬੀਮਾਰੀ 'ਚ।ਮੂੰਹ ਨੰਗਾ ਕਰਿਆ ਕਹਿੰਦੇ ਵਾਹ ਬਈ ਵਾਹ ਇਹ ਤਾਂ ਚੰਗਾ ਭਲਾ ਹੈ। ਜਾਓ ਮੁੜ ਜਾਓ ਘਰ ਨੂੰ। ਬੀਬੀ ਨੇ ਇਸ਼ਾਰਾ ਕਰਿਆ, ਕਹਿੰਦੀ ਬੱਚਾ ਤਾਂ ਹਿਲਣ ਲਗ ਗਿਆ। ਪਹਿਲਾਂ ਤਾਂ ਬਿਲਕੁਲ ਖਤਮ ਹੀ ਹੋਇਆ-ਹੋਇਆ ਸੀ। ਘਰ ਚਲੀ ਗਈ, ਜਾ ਕੇ ਦੇਖਿਆ ਬੱਚਾ ਨੌ-ਬਰ-ਨੌਂ ਹੋ ਗਿਆ। ਇਹ ਮਹਾਂਪੁਰਸ਼ਾਂ ਦੇ ਬਚਨ ਹੁੰਦੇ ਨੇ ਸਾਧਸੰਗਤ ਜੀ! ਪਰ ਮਹਿੰਗੇ ਮਿਲਦੇ ਨੇ, ਸਸਤੇ ਨਹੀਂ, ਕਿਤੇ ਦਿਆਲੂ ਹੋ ਜਾਣ, ਐਉਂ ਵੀ ਵਰਤਾ ਦਿਆ ਕਰਦੇ ਨੇ।

ਸੋ ਸਮਾਂ ਲੰਘਦਾ ਗਿਆ, ਜਦੋਂ ਸਾਲ ਤੋਂ ਬਾਅਦ ਦੁਬਾਰਾ ਗਏ ਉਥੇ ਪਤਾ ਲਗ ਗਿਆ ਉਨ੍ਹਾਂ ਨੂੰ ਕਿ ਆ ਰਹੇ ਨੇ, ਉਸ ਵੇਲੇ ਪਠਾਣ ਨਿਜ਼ੁੱਲਾ ਖਾਨ, ਅਜੀਮ ਖਾਨ ਵੀ ਨਾਲ ਤੇ ਪਠਾਣ ਹੀ ਪਠਾਣ ਇਕੱਠੇ ਕਰੇ ਹੋਏ ਨੇ, ਬੇਅੰਤ; ਢੋਲ ਵੱਜ ਰਿਹਾ ਹੈ ਤੇ ਭੰਗੜਾ ਪੈ ਰਿਹਾ ਹੈ। ਬਾਬਾ ਜੀ ਆ ਰਹੇ ਨੇ। ਅਪਣੇ ਸੀਸ ਤੇ ਟੋਕਰਾ ਰੱਖਿਆ ਹੋਇਆ ਹੈ ਅਨਾਰਾਂ ਦਾ। ਮੂਹਰੇ ਚਲਿਆ ਗਿਆ ਰਸਤੇ 'ਚ, ਹਾਰ ਹੀ ਹਾਰ ਪਾ ਦਿੱਤੇ। ਬਾਬਾ! ਤੂੰ ਤਾਂ ਉਹ ਗੱਲ ਕਰ ਦਿੱਤੀ ਕਿ ਪ੍ਰਗਟ ਕਰ ਦਿੱਤਾ, ਗੁਰੂ ਨਾਨਕ ਦਾ ਦਾਸ ਭੇਜ ਦਿੱਤਾ। ਮੈਂ ਥੱਕ ਗਿਆ ਸੀ ਮੰਨਤਾਂ ਮੰਨ-ਮੰਨ ਕੇ ਸਭ ਪੀਰਾਂ ਫਕੀਰਾਂ ਨੂੰ। ਲਿਆ ਕੇ ਆਪਣਾ ਪੁੱਤਰ ਚਰਨਾਂ 'ਚ ਪਾ ਦਿੱਤਾ। ਆਹ ਤੁਹਾਡਾ ਬਖਸ਼ਿਆ ਹੋਇਆ ਹੈ। ਮਹਾਂਪੁਰਸ਼ਾਂ ਨੇ ਨਾਉਂ ਰੱਖ ਦਿੱਤਾ। ਸੋ ਇਸ ਤਰ੍ਹਾਂ -

***ਜੋ ਹਰਿ ਦਾਸਨ ਕੀ ਉਸਤਤਿ ਹੈ***
***ਸਾ ਹਰਿ ਕੀ ਵਡਿਆਈ ॥ ਅੰਗ - ੬੫੨***

ਉਹ ਵਡਿਆਈ ਸੰਤਾਂ ਦੀ ਹੁੰਦੀ ਹੈ, ਕਿੰਨੀ ਕੁ ਵਡਿਆਈ ਕਰੀ ਜਾਈਏ। ਚਾਹੇ ਜ਼ਿੰਦਗੀ ਭਰ ਕਰੀ ਜਾਓ, ਸੰਤਾਂ ਦੀ ਵਡਿਆਈ ਨਹੀਂ ਖਤਮ ਹੋਇਆ ਕਰਦੀ। ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਨੂੰ ਗਿਆਂ ਨੂੰ ਕਿੰਨੇ ਸਾਲ ਹੋ ਗਏ, ਗੱਲਾਂ ਹੀ ਨਹੀਂ ਮੁੱਕਦੀਆਂ। ਜਦ ਅਸੀਂ ਦੋ ਇਕੱਠੇ ਹੋਵਾਂਗੇ, ਗੱਲਾਂ ਓਹੀ ਨੇ, ਰੋਜ਼ ਕਰਦੇ ਹਾਂ, ਰੋਜ਼ ਨਵੀਆਂ ਨੇ, ਰੋਜ਼ ਨਵਾਂ ਅਸਰ ਪੈਂਦਾ ਹੈ। ਨਿਤ ਨਵੀਆਂ ਬਾਤਾਂ ਨੇ ਓਹੀ।

ਸੋ ਅੱਜ ਆਪ ਦੁਰਾਹੇ ਗਏ ਹੋਏ ਨੇ ਉਥੇ ਕਿਸ਼ੋਰੀ ਲਾਲ ਉਹਦੇ ਪੁੱਤਰ ਨਹੀਂ ਸੀ ਹੁੰਦਾ, ਉਸਨੂੰ ਵੀ ਬਚਨ ਦਿੱਤਾ ਤੇ ਉਸਦੇ ਪੁੱਤਰ ਹੋਇਆ। ਉਹਨੇ ਆਪਣੇ ਘਰ 'ਚ ਅਖੰਡਪਾਠ ਕਰਾਇਆ। ਭੋਗ ਦੇ ਸਮੇਂ ਮਹਾਂਪੁਰਸ਼ ਜਾਂਦੇ ਨੇ ਉਸ ਨੇ ਕਾਰ ਭੇਜੀ, ਕਹਿੰਦੇ ਭਾਈ! ਕਾਰ ਦੀ ਕੀ ਲੋੜ ਹੈ, ਆਹ ਦੋ ਡਿੰਘਾਂ 'ਤੇ ਤਾਂ ਦੁਰਾਹਾ ਹੈ ਰਾਮਪੁਰ ਤੋਂ। ਅਸੀਂ ਆਏ, ਤੁਸੀਂ ਕਾਰ ਲੈ ਜਾਓ। ਸੋਹਲ ਨਹੀਂ ਹੋਇਆ ਕਰਦੇ ਸੰਤ, ਬੜੇ ਕਰੜੇ ਸੀਗੇ। ਹੁਣ ਤਾਂ ਸਾਰੇ ਹੀ ਕਹਿੰਦੇ ਨੇ ਕਿ ਘਰ 'ਚੋਂ ਹੀ ਸਾਨੂੰ ਕਾਰ 'ਚ ਲੈ ਕੇ ਜਾਓ। ਜੇ ਨਾ ਹੋਵੇ ਅਗਲੇ ਕੋਲ ਫੇਰ ਕੀ ਕਰੇ। ਟੈਕਸੀ ਵਾਲੇ ਨੂੰ ਵੀ ਪਤਾ ਲਗ ਜਾਂਦਾ ਹੈ ਕਿ ਇਹਨੇ ਸੰਤਾਂ ਨੂੰ ਲਿਆਉਣਾ ਹੈ ਮੰਗ ਲਓ ਜਿੰਨੇ ਪੈਸੇ ਮੰਗਣੇ ਹੈ।

ਸੋ ਸਿੱਧੇ ਹੀ ਆਪ ਹੋ ਲਏ ਤੇ ਦੁਰਾਹੇ ਪਹੁੰਚ ਗਏ।ਉਹਦੇ ਘਰ ਚਲੇ ਗਏ ਤੇ ਭੋਗ ਪੈ ਗਿਆ। ਉਸ ਵੇਲੇ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਨੂੰ ਇਸ਼ਾਰਾ ਕਰਿਆ, ਵੱਡੇ ਮਹਾਂਪੁਰਸ਼ਾਂ (ਸੰਤ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ) ਨੇ, ਕਹਿੰਦੇ ਤੁਸੀਂ ਆਹ ਸ਼ਬਦ ਪੜ੍ਹੋ।

***ਧਾਰਨਾ - ਧਨ ਜੋਬਨ ਫੁੱਲਾਂ ਦੀਆਂ ਬਾੜੀਆਂ,***
***ਖਿੜੀਆਂ ਨਾ ਸਦਾ ਰਹਿੰਦੀਆਂ।***
***ਧਨੁ ਜੋਬਨੁ ਅਰੁ ਫੁਲੜਾ***
***ਨਾਠੀਅੜੇ ਦਿਨ ਚਾਰਿ ॥***
***ਪਬਣਿ ਕੇਰੇ ਪਤ ਜਿਉ***
***ਢਲਿ ਢੁਲਿ ਜੁੰਮਣਹਾਰ ॥***
***ਰੰਗੁ ਮਾਣਿ ਲੈ ਪਿਆਰਿਆ***
***ਜਾ ਜੋਬਨੁ ਨਉ ਹੁਲਾ ॥***
***ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥***
***ਅੰਗ - ੨੩***

ਮਹਾਰਾਜ ਜੀ ਕਹਿੰਦੇ (ਸੰਤ ਈਸ਼ਰ ਸਿੰਘ ਜੀ) ਫੇਰ ਸਾਨੂੰ ਉਸੇ ਵੇਲੇ ਇਸ਼ਾਰਾ ਕਰਕੇ ਆਹ ਸ਼ਬਦ ਪੜ੍ਹਾ ਦਿੱਤਾ।

***ਧਾਰਨਾ - ਦਿਨ ਥੋੜ੍ਹੇ ਰਹਿ ਗਏ,***
***ਭਇਆ ਪੁਰਾਣਾ ਚੋਲਾ ਜੀ।***
***ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥***
***ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥***
***ਅੰਗ - ੨੩***

ਇਸ ਤਰ੍ਹਾਂ ਦੇ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਕਹਿਣ ਲੱਗੇ ਕਿ ਸਾਡੇ ਤੋਂ ਕਈ ਸ਼ਬਦ ਪੜ੍ਹਾਏ। ਅਸੀਂ ਕਿਹਾ ਕਿ ਅੱਜ ਦੱਸ-ਦੱਸ ਕੇ ਕਿਉਂ ਪੜ੍ਹਾ ਰਹੇ, ਕੋਈ ਪਤਾ ਨਹੀਂ ਲੱਗਿਆ ਇਸ ਗੱਲ ਦਾ ਕਿ ਅੱਜ ਮਹਾਂਪੁਰਸ਼ ਕਿਉਂ ਦੱਸ ਕੇ ਪੜ੍ਹਾ ਰਹੇ ਨੇ। ਉਥੇ ਇੱਕ ਵੇਦਾਂਤੀ ਬੈਠਾ ਸੀ ਭਾਗ ਸਿੰਘ। ਦੀਵਾਨ ਦੀ ਸਮਾਪਤੀ ਹੋਈ, ਮਹਾਂਪੁਰਸ਼ਾਂ ਕੋਲ ਆ ਗਿਆ। ਕਹਿੰਦਾ, ਮਹਾਰਾਜ! ਤੁਸੀਂ ਅਭੇਦ ਅਵਸਥਾ ਦੇ ਸ਼ਬਦ ਪੜ੍ਹਿਆ ਕਰੋ? ਕਿਉਂਕਿ ਤੁਹਾਡੀ ਅਵਸਥਾ ਇਹ ਨਹੀਂ ਹੈ, ਵੈਰਾਗ ਦੇ ਸ਼ਬਦ ਪੜ੍ਹਨ ਦੀ ਤੇ ਐਸੇ ਵੈਰਾਗ ਦੇ ਸ਼ਬਦ ਕਿਉਂ ਪੜ੍ਹਦੇ ਓਂ? ਕਹਿੰਦੇ, ਭਾਗ ਸਿੰਆਂ! ਪਰਸੋਂ ਨੂੰ ਪਤਾ ਲਗ ਜਾਏਗਾ ਕਿ ਕਿਉਂ ਪੜ੍ਹਦੇ ਹਾਂ। ਉਥੋਂ ਆਏ ਆ ਕੇ ਜੈਲਦਾਰ ਨੂੰ ਬੁਲਾ ਲਿਆ। ਬਹੁਤ ਵਿਸ਼ਵਾਸ਼ੀ ਸੀ ਤੇ ਆਪ ਨੇ ਲੱਕੜੀ ਦਾ ਬਕਸਾ ਬਣਵਾ ਲਿਆ। ਕਹਿੰਦੇ ਲੈ ਜੈਲਦਾਰ, ਭੇਤ ਨਾ ਕਿਸੇ ਨੂੰ ਦੇਈਂ ਤੇ ਡੱਬਾ ਬੁੱਕ ਕਰਾ ਦੇ ਹੋਤੀ ਮਰਦਾਨ ਦਾ ਤੇ ਜੋ ਮੇਰੇ ਨਾਲ ਵਾਇਦਾ ਕਰਿਆ ਹੈ, ਉਥੋਂ ਲਿਆਏ ਸੀ, ਵਾਪਸ ਸਾਨੂੰ, ਉਹ ਵਾਅਦਾ ਹੁਣ ਪੂਰਾ ਕਰਨ ਦਾ ਸਮਾਂ ਆ ਗਿਆ, ਭੇਤ ਨਾ ਕਿਸੇ ਨੂੰ ਦੇਈਂ, ਆਪ ਰਾਮਪੁਰ ਦੇ ਪਿੰਡ ਲੰਘ ਕੇ ਉਥੇ ਬਹੁਤ ਬੜਾ ਚਲ੍ਹਾ ਸੀ, ਉਥੇ ਸਾਰਾ ਪਿੰਡ ਬੁਲਾ ਲਿਆ। ਕਹਿੰਦੇ ਲਓ ਬਈ ਪ੍ਰੇਮੀਓ! ਉਥੇ ਕਿੱਡਾ ਚਲ੍ਹਾ ਹੈ। ਬਲਦਾਂ ਨੂੰ ਕਿੰਨੀ ਤਕਲੀਫ ਹੁੰਦੀ ਹੈ, ਉਹ ਬੇਜ਼ੁਬਾਨ ਜਿਹੜੇ ਜਾਨਵਰ ਨੇ, ਅਸੀਸਾਂ ਦਿੰਦੇ ਨੇ ਕਿ ਦੁਰਅਸੀਸਾਂ ਦਿੰਦੇ ਨੇ, ਲਿਆਓ ਗੱਡੇ ਜੋੜ ਕੇ ਅੱਜ ਆਹ ਭਰ ਕੇ ਹਿੱਲਣਾ ਹੈ। ਸਵੇਰ ਤੋਂ ਭਰਨ ਲਗ ਗਏ ਸ਼ਾਮ ਹੋ ਗਈ, ਚਲ੍ਹਾ ਭਰਾ ਦਿੱਤਾ, ਰਸਤਾ ਬਣ ਗਿਆ, ਕਹਿੰਦੇ ਗੁਰੂ ਕੀਆਂ ਸੰਗਤਾਂ ਆਉਂਦੀਆਂ ਨੇ ਕਿੰਨੀ ਤਕਲੀਫ ਹੈ। ਉਥੇ ਚਲੇ ਗਏ, ਥੋੜ੍ਹੀ ਦੇਰ ਬਾਅਦ ਮੰਜੀ 'ਤੇ ਬੈਠ ਕੇ, ਸੰਤ

ਮਹਾਰਾਜ ਜੀ ਕਹਿਣ ਲੱਗੇ ਕਿ ਅਸੀਂ ਪੁੱਛਿਆ ਕਿ ਕੀ ਗੱਲ? ਕਹਿੰਦੇ, ਆਹ ਧਰਨ ਜਿਹੀ ਲਗਦੀ ਹੈ ਸਾਨੂੰ। ਦੂਸਰਾ ਦਿਨ ਹੋਇਆ ਕਹਿੰਦੇ, ਮੰਜਾ ਸਾਡਾ ਖੁਲ੍ਹੇ ਥਾਉਂ ਡਾਹਿਓ ਅੱਜ। ਅੱਧੀ ਰਾਤ ਹੋਈ ਆਪ ਨੇ (ਸੰਤ ਅਤਰ ਸਿੰਘ ਜੀ ਰੇਰੂ ਸਾਹਿਬ) ਅੰਮ੍ਰਿਤ ਵੇਲੇ ਸਰੀਰ ਛੱਡ ਦਿੱਤਾ।

ਮਹਾਂਪੁਰਸ਼ ਕਿਤੇ ਜਾਇਆ ਨਹੀਂ ਕਰਦੇ। ਐਸ ਤਰ੍ਹਾਂ ਹੀ ਹੁੰਦਾ ਹੈ ਉਨ੍ਹਾਂ ਦਾ -

***ਧਾਰਨਾ - ਲਹਿਰ ਮਿਲ ਗਈ ਸਾਗਰ ਵਿਚੋਂ***
***ਉਠ ਕੇ, ਜੋਤੀ ਨਾਲ ਜੋਤ ਰਲ ਗਈ।***
***ਜਿਉ ਜਲ ਮਹਿ ਜਲੁ ਆਇ ਖਟਾਨਾ ॥***
***ਤਿਉ ਜੋਤੀ ਸੰਗਿ ਜੋਤਿ ਸਮਾਨਾ ॥***
***ਮਿਟਿ ਗਏ ਗਵਨ ਪਾਏ ਬਿਸ੍ਰਾਮ ॥***
***ਨਾਨਕ ਪ੍ਰਭ ਕੈ ਸਦ ਕੁਰਬਾਨ ॥***
***ਅੰਗ - ੨੭੮***

ਸਮੁੰਦਰ ਦੀਆਂ ਲਹਿਰਾਂ ਉਠਦੀਆਂ ਨੇ, ਬੜਾ ਸਫਰ ਕਰਦੀਆਂ ਨੇ, ਹਜ਼ਾਰਾਂ ਮੀਲ ਦਾ ਸਫਰ ਕਰਦੀਆਂ ਤੁਰੀਆਂ ਆਉਂਦੀਆਂ ਨੇ। ਕੰਢੇ 'ਤੇ ਆ ਕੇ ਟਕਰਾਉਂਦੀਆਂ ਨੇ, ਉਸ ਤੋਂ ਬਾਅਦ ਜਾਂਦੀਆਂ ਕਿੱਥੇ ਨੇ ਸਮੁੰਦਰ 'ਚ ਰਲ ਜਾਂਦੀਆਂ ਨੇ।

***ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥***
***ਕਤਹਿ ਗਇਓ ਉਹੁ ਕਤ ਤੇ ਆਇਓ ॥ ੧***
***॥ ਜਲ ਤੇ ਊਠਹਿ ਅਨਿਕ ਤਰੰਗਾ ॥***
***ਕਨਿਕ ਭੂਖਨ ਕੀਨੇ ਬਹੁ ਰੰਗਾ ॥***
***ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥***
***ਫਲ ਪਾਕੇ ਤੇ ਏਕੰਕਾਰਾ ॥ ੨ ॥***
***ਸਹਸ ਘਟਾ ਮਹਿ ਏਕੁ ਆਕਾਸੁ ॥***
***ਘਟ ਫੂਟੇ ਤੇ ਓਹੀ ਪ੍ਰਗਾਸੁ ॥ ਅੰਗ - ੭੩੬***

ਸੋ ਇਸ ਤਰ੍ਹਾਂ ਐਸੇ ਮਹਾਂਪੁਰਸ਼ਾਂ ਬਾਰੇ ਆਤਮ ਬ੍ਰਹਮਲੀਨ ਕਹਿੰਦੇ ਨੇ। ਵੱਖਰੇ ਨਹੀਂ ਰਹਿੰਦੇ ਮਹਾਂਪੁਰਸ਼ ਲੀਨ ਹੋ ਜਾਇਆ ਕਰਦੇ ਨੇ, ਪ੍ਰਮੇਸ਼ਰ ਦਾ ਰੂਪ ਬਣ ਜਾਇਆ ਕਰਦੇ ਨੇ, ਵੱਖਰੇ ਨਹੀਂ ਹੋਇਆ ਕਰਦੇ। ਸੋ ਐਸੇ ਜੋ ਮਹਾਂਪੁਰਸ਼ ਨੇ ਇਹ ਨਾ ਤਾਂ ਦਿਖਾਵੇ ਨਾਲ ਬਣਿਆ ਕਰਦੇ ਨੇ, ਨਾ ਪਬਲੀਸਿਟੀ ਨਾਲ ਬਣਿਆ ਕਰਦੇ ਨੇ, ਇਨ੍ਹਾਂ ਦੀ ਤਾਂ ਰਹਿਤ ਹੋਇਆ ਕਰਦੀ ਹੈ, ਬਾਣਾ ਹੋਇਆ ਕਰਦਾ ਹੈ। ਕਈ ਬਾਣੇ 'ਤੇ ਕਹਿੰਦੇ ਨੇ ਕਿ ਜੀ ਫੇਰ ਲੰਮਾ ਚੋਲਾ ਹੋਵੇ, ਗਿਟਿਆ ਤਕ ਦਾ ਚੋਲਾ ਹੋਵੇ? ਨਹੀਂ ਇਹ ਬਾਣਾ ਨਹੀਂ ਸੰਤਾਂ ਦਾ, ਸੰਤਾਂ ਦਾ ਬਾਣਾ ਹੈ -

***ਆਠ ਪਹਰ ਨਿਕਟਿ ਕਰਿ ਜਾਨੈ ॥***
***ਪ੍ਰਭ ਕਾ ਕੀਆ ਮੀਠਾ ਮਾਨੈ ॥***
***ਏਕੁ ਨਾਮੁ ਸੰਤਨ ਆਧਾਰੁ ॥***
***ਹੋਇ ਰਹੇ ਸਭ ਕੀ ਪਗ ਛਾਰੁ ॥ ੧ ॥***
***ਸੰਤ ਰਹਤ ਸੁਨਹੁ ਮੇਰੇ ਭਾਈ ॥***
***ਉਆ ਕੀ ਮਹਿਮਾ ਕਥਨੁ ਨ ਜਾਈ ॥ ੧ ॥***
***ਵਰਤਣਿ ਜਾ ਕੈ ਕੇਵਲ ਨਾਮ ॥ ਅੰਗ- ੩੯੨***

ਕਦੇ ਉਥੇ ਰਾਜਸੀ ਗੱਲਾਂ ਨਹੀਂ ਹੋਣਗੀਆਂ, ਕਦੇ ਦੁਨਿਆਵੀ ਗੱਲਾਂ ਨਹੀਂ ਹੋਣਗੀਆਂ, ਜਦ ਗੱਲ ਹੋਏਗੀ, ਨਾਮ ਦੀ ਹੋਏਗੀ, ਬੰਦਗੀ ਦੀ ਹੋਏਗੀ, ਭਜਨ ਦੀ ਹੋਏਗੀ। ਨਾਮ ਦੀਆਂ ਹੀ ਗੱਲਾਂ ਕਰਨਗੇ।

***ਅਨਦ ਰੂਪ ਕੀਰਤਨੁ ਬਿਸ੍ਰਾਮ ॥***
***ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ ॥ ਅੰਗ-੩੯੨***

ਚਾਹੇ ਮਿੱਤਰ ਆ ਜਾਏ, ਚਾਹੇ ਸ਼ਤਰੂ ਆ ਜਾਏ। ਹੁਣੇ ਪਹਿਲਾਂ ਦੀਵਾਨ ਵਿੱਚ ਦੱਸ ਰਹੇ ਸੀ ਕਿ ਕਤਲ ਕਰਕੇ ਆ ਜਾਏ ਤਾਂ ਵੀ ਲੰਗਰ ਤਿਆਰ ਹੈ, ਮਿੱਤਰ ਆ ਜਾਵੇ ਤਾਂ ਵੀ ਉਸੇ ਪੰਗਤ 'ਚ ਬਿਠਾ ਦੇਣਾ ਹੈ। ਜੇ ਨਾਮ ਦੀ ਸੋਝੀ ਦੇਣੀ ਹੈ ਦੋਹਾਂ ਨੂੰ ਦੇਣੀ ਹੈ। ਜਿਹੜਾ ਸ਼ਤਰੂ ਹੈ ਇਹ ਨਹੀਂ ਕਹਿਣਾ ਕਿ ਇਹ ਸ਼ਤਰੂ ਹੈ, ਕਿਉਂਕਿ ਉਨ੍ਹਾਂ ਦਾ ਇਹ ਹੈ ਹੀ ਨਹੀਂ -

***ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥***
***ਤਿਸ ਕੈ ਭਾਣੈ ਕੋਇ ਨ ਭੂਲਾ***
***ਜਿਨਿ ਸਗਲੋ ਬ੍ਰਹਮੁ ਪਛਾਤਾ ॥ ਅੰਗ - ੬੧੦***

ਜਿਹਨੇ ਸਾਰਿਆਂ ਦੇ ਅੰਦਰ ਇੱਕੋ ਪ੍ਰਮੇਸ਼ਰ ਦੀ ਜੋਤੀ ਤੱਕ ਲਈ, ਹੁਣ ਦੂਜਾ ਤਾਂ ਕੋਈ ਰਿਹਾ ਹੀ ਨਾ। ਆਪੇ ਹੀ ਆਪ ਹੋ ਗਿਆ ਸਾਰਿਆਂ ਦੇ ਅੰਦਰ। ਸੋ ਇਸ ਕਰਕੇ ਮਿਤ੍ਰ ਸ਼ਤ੍ਰ ਨਹੀਂ-

***ਬਿਸਰਿ ਗਈ ਸਭ ਤਾਤਿ ਪਰਾਈ ॥***
***ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥***
***ਰਹਾਉ ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ ॥***
***ਅੰਗ - ੧੨੯੯***
***ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ ॥***
***ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥ ੨ ॥***
***ਕੋਟਿ ਕੋਟਿ ਅਘ ਕਾਟਨਹਾਰਾ ॥***
***ਦੂਖ ਦੂਰਿ ਕਰਨ ਜੀਅ ਕੇ ਦਾਤਾਰਾ ॥***
***ਸੂਰਬੀਰ ਬਚਨ ਕੇ ਬਲੀ ॥***
***ਕਉਲਾ ਬਪੁਰੀ ਸੰਤੀ ਛਲੀ ॥ ਅੰਗ - ੩੯੨***

ਬਚਨ ਕੀਤਾ ਹੋਇਆ ਅਣਥਾ ਨਹੀਂ ਜਾਂਦਾ।

ਸੰਤ ਮਹਾਰਾਜ ਈਸ਼ਰ ਸਿੰਘ ਜੀ ਰਾੜਾ ਸਾਹਿਬ, ਆਪ ਹਾਪੜ ਗਏ ਹੋਏ ਨੇ। ਇਥੇ ਗੁਰਦੇਵ ਸਿੰਘ ਉਹਨੀ ਆਏ ਹੋਏ ਸੀ, ਉਥੇ ਇੱਕ ਮੁੰਡਾ ਚੰਗਾ ਜੁਆਨ, ਸਿਰ ਹਿਲਾਈ ਜਾਂਦਾ ਹੈ ਬਾਹਰ, ਉਥੇ ਬਹੁਤ ਸਾਰੇ ਬਾਹਰ ਖੜ੍ਹੇ ਨੇ ਨੇ ਪ੍ਰੇਮੀ ਤੇ ਮੈਂ ਚਲਿਆ ਗਿਆ। ਮੈਂ ਕਿਹਾ ਕਿ ਇਹ ਕੀ ਹੋ ਰਿਹਾ ਹੈ ਤਮਾਸ਼ਾ। ਕਹਿਣ ਲੱਗੇ ਕਿ ਜੀ ਕੋਈ ਪ੍ਰੇਤ ਆਇਆ ਹੋਇਆ ਹੈ, ਬੋਲਦਾ ਹੈ। ਮੈਂ ਕਿਹਾ ਇਹ ਗੱਲ ਕੀ ਕਦੇ ਹੁੰਦੀ ਹੈ, ਮੈਂ ਤਾਂ ਭੂਤ ਪ੍ਰੇਤ ਕਦੇ ਮੰਨਦਾ ਹੀ ਨਹੀਂ ਹਾਂ। ਕਹਿਣ ਲੱਗੇ ਕਿ ਆ ਜਾਓ ਤੁਹਾਡੀ ਗੱਲ ਕਰਾ ਦਿੰਦੇ ਹਾਂ। ਉਥੇ ਜਾ ਕੇ ਉਹਨੂੰ ਕਿਹਾ ਕਿ ਗੱਲ ਕਰ ਲਓ, ਸਰਦਾਰ ਨਾਲ। ਕਿਉਂਕਿ ਸੰਤ ਤਾਂ ਮੈਨੂੰ ਉਈਂ ਕਹਿਣ ਲੱਗ ਗਏ। ਮੈਂ ਤਾਂ ਘਰਬਾਰੀ ਬੰਦਾ ਹਾਂ, ਬਾਲ-ਬੱਚਿਆਂ 'ਚ। ਸੰਤ ਨਹੀਂ, ਸੰਤ ਤਾਂ ਐਵੇਂ ਵਾਧੂ ਦੀ ਉਪਾਧੀ ਪਾਈ ਹੋਈ, ਮੈਂ ਬਥੇਰਾ ਟਲਦਾ ਹਾਂ ਫੇਰ ਨਹੀਂ ਹਟਦੇ ਕਹਿਣ ਤੋਂ। ਸੋ ਉਥੇ ਮੈਂ ਉਹਨੂੰ ਕਿਹਾ

ਕਿ ਗੱਲ ਕਰਾਓ। ਕਹਿੰਦੇ ਸਰਦਾਰ ਤੁਹਾਡੇ ਨਾਲ ਗੱਲ ਕਰਨੀ ਚਾਹੁੰਦਾ ਹੈ। ਕਹਿੰਦਾ, ਮੈਂ ਸਰਦਾਰ ਤੋਂ ਮੁਰੱਬੇ ਲੈਣੇ ਕਿ ਮੈਂ ਗੱਲ ਕਰਾਂ। ਮੇਰੇ ਮੂੰਹੋਂ ਨਿਕਲ ਗਿਆ ਕਿ ਮੈਂ ਤੇਰੀ ਮਹਾਰਾਜ ਜੀ ਨਾਲ ਮੁਲਾਕਾਤ ਕਰਾ ਦਊਂ, ਕਿੰਨੇ ਦਿਨ ਦਾ ਤੂੰ ਬੈਠਾ ਹੈਂ ਤੂੰ ਇੱਥੇ। ਕਹਿਣ ਲੱਗਿਆ, ਕਰਾ ਦਓਂਗੇ। ਮੈਂ ਕਿਹਾ ਹਾਂ। ਮੇਰੇ ਨਾਲ ਗੱਲਾਂ ਕਰਨ ਲੱਗ ਗਿਆ। ਪੁੱਛਣ ਲੱਗ ਗਿਆ ਮੇਰੇ ਤੋਂ ਗੱਲਾਂ। ਮੈਂ ਕਿਹਾ, ਚੰਗਾ ਪਹਿਲਾਂ ਤੇਰੀ ਮੁਲਾਕਾਤ ਹੀ ਕਰਾਈਏ। ਮੈਂ ਮਹਾਰਾਜ ਜੀ ਨੂੰ ਜਾ ਕੇ ਕਿਹਾ। ਮਹਾਰਾਜ ਜੀ ਭੂਤਾਂ ਵਾਲਿਆਂ ਨਾਲ ਨਹੀਂ ਸੀ ਗੱਲ ਕਰਦੇ। ਜੇ ਕੋਈ ਆ ਜਾਣਾ, ਗੱਲ ਹੀ ਨਾ ਕਰਨੀ ਉਨ੍ਹਾਂ ਨੇ। ਮੈਂ ਕਿਹਾ ਮਹਾਰਾਜ ਜੀ! ਇਸ ਤਰ੍ਹਾਂ ਦੇ ਨਾਲ ਇੱਕ ਰੂਹ ਹੈ। ਮਹਾਰਾਜ ਜੀ ਕਹਿੰਦੇ ਨਾ-ਨਾ, ਇੱਥੇ ਤਾਂ ਬੜੀਆਂ ਖੇਲ੍ਹਣ ਲਗ ਜਾਣਗੀਆਂ, ਜੇ ਆਪਾਂ ਇੱਕ ਨੂੰ ਠੀਕ ਕਰ ਦਿੱਤਾ। ਨਾਮ ਜਪਾਈਏ ਕਿ ਭੂਤਾਂ ਵਾਲਿਆਂ ਨੂੰ ਸਾਂਭੀਏ।

ਇਵੇਂ ਜਿਵੇਂ ਹੀ ਹੈ ਸਾਧਸੰਗਤ ਜੀ! ਮੇਰੇ ਕੋਲ ਬਹੁਤ ਆਉਂਦੇ ਨੇ ਕਿ ਜੀ ਹਵਾ ਹੈ। ਮੈਂ ਕਿਹਾ ਕਿ ਮੈਂ ਹਵਾ ਨੂੰ ਕੀ ਕਰਾਂ। ਮੈਂ ਕੋਈ ਚਿਲ੍ਹੇ ਕੱਟੇ ਹੋਏ ਨੇ। ਤੂੰ ਜਪੁਜੀ ਸਾਹਿਬ ਦਾ ਪਾਠ ਕਰ ਲੈ, ੨੫ ਪਾਠ ਕਰ ਲੈ, ਫੇਰ ਕਹਿੰਦੇ ਨੇ ਕੀ ਜੀ ਅਸੀਂ ਅਨਪੜ੍ਹ ਹਾਂ। ਮੈਂ ਕਿਹਾ ਕਿ ਜੇ ਅਨਪੜ੍ਹ ਹੈਂ ਤੂੰ ਮੂਲਮੰਤਰ ਪੜ੍ਹੀ ਜਾਹ, ਕਹਿੰਦਾ ਹੈ ਯਾਦ ਨਹੀਂ ਹੁੰਦਾ। ਜੇ ਤੇਰੇ ਤੋਂ ਕੁਛ ਨਹੀਂ ਹੁੰਦਾ ਨਾ ਤੂੰ ਸਵੇਰ ਤੋਂ ਲਗ ਜਾਇਆ ਕਰ, ਸੂਰਜ ਛਿਪੇ ਤੱਕ ਜਦ ਤਾਈਂ ਨੀਂਦ ਨਹੀਂ ਆਉਂਦੀ, ਵਾਹਿਗੁਰੂ-ਵਾਹਿਗੁਰੂ ਕਰੀ ਜਾਈਂ ਕਿਸੇ ਨਾਲ ਨਾ ਗੱਲ ਕਰੀਂ। ਜੇ ਦੌਰਾ ਪੈ ਗਿਆ ਤਾਂ ਮੈਨੂੰ ਫੜ ਲਈਂ ਆ ਕੇ। ਗੁਰੂ ਨਾਨਕ ਸਾਹਿਬ ਦੇ ਚਰਨ ਆਪਣੇ ਹਿਰਦੇ 'ਚ ਵਸਾ ਲਈਂ। ਜਦ ਤੇਰੇ ਅੰਦਰ ਗੁਰੂ ਨਾਨਕ ਨੇ ਫੇਰ ਭੂਤ ਤਕੜਾ ਹੈ ਕਿ ਗੁਰੂ ਨਾਨਕ ਤਕੜਾ ਹੈ, ਗੁਰੂ ਨਾਨਕ ਨੂੰ ਤਾਂ ਵਸਾਉਣਾ ਨਹੀਂ ਜਿਹੜਾ ਅੰਗ ਸੰਗ ਵਿਆਪਕ ਹੈ, ਭੂਤ ਜਿਹੜਾ ਬਾਹਰ ਹੈ ਕਦੇ ਆਉਂਦਾ ਹੈ, ਕਦੇ ਜਾਂਦਾ ਹੈ, ਉਹਨੂੰ ਵਸਾਉਂਦਾ ਹੈਂ। ਬਾਣੀ ਕਹਿੰਦੇ ਹੈ ਕਿ ਗੁਰੂ ਨਾਨਕ ਹਰੇਕ ਦੇ ਨਾਲ ਰਹਿੰਦਾ ਹੈ -

***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥***
***ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥***
***ਅੰਗ - ੩੯੪***

ਗੁਰੂ ਨੂੰ ਜੇ ਭੁਲਿਆਂ ਹੈਂ ਫੇਰ ਤਾਂ ਭੂਤ ਪ੍ਰੇਤ ਆਉਣੇ ਹੀ ਹੋਏ ਭਾਈ। ਫੇਰ ਕਮਜ਼ੋਰੀਆਂ ਵੀ ਆਉਣੀਆਂ ਨੇ, ਫੇਰ ਵਿਘਨ ਵੀ ਆਉਣੇ ਨੇ, ਜੇ ਪ੍ਰਭੂ ਨੂੰ ਯਾਦ ਰੱਖੇਂ, ਸਾਰੇ ਵਿਘਨ ਦੂਰ ਹੋ ਜਾਣਗੇ। ਸੰਤਾਂ ਕੋਲ ਕੋਈ ਮੰਤਰ ਜੰਤਰ ਨਹੀਂ ਹੁੰਦੇ, ਉਹ ਸਿਰਫ ਨਾਮ ਦੇ ਲੜ ਲਾਉਂਦੇ ਨੇ ਕਿ ਚੱਲ ਕਿਵੇਂ ਲੱਗ ਜਾਵੇ। ਲੇਕਿਨ ਸੰਸਾਰ ਨਹੀਂ ਲਗਿਆ ਕਰਦਾ। ਆਪਣਾ ਮਤਲਬ ਕੱਢ ਕੇ ਰਾਹ ਪੈਂਦਾ ਹੈ।

ਸੋ ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ) ਕਹਿੰਦੇ, ਨਾ ਇਹ ਗੱਲ ਤਾਂ ਨਹੀਂ ਆਪਾਂ ਕਰਨੀ, ਇੱਥੇ ਤਾਂ ਬੇਅੰਤ ਆ ਜਾਣਗੇ। ਮੈਂ ਕਿਹਾ, ਨਹੀਂ ਮਹਾਰਾਜ! ਕ੍ਰਿਪਾ ਕਰੋ ਆਪ। ਮੈਂ ਕਿਹਾ ਮਹਾਰਾਜ! ਇਹਨੇ ਮੈਨੂੰ ਦੱਸਿਆ ਹੈ ਕਿ ਮੈਂ ਪੀਰ ਸੀਗਾ। ਈਰਾਨ 'ਚੋਂ ਆਇਆ ਸੀ ਮੈਂ ਤੇ ਮੇਰੀ ਮਾਨਤਾ ਸੀ ਬਹੁਤ ਇੱਥੇ। ਮੇਰੇ ਚੇਲੇ ਚਾਟੜੇ ਬਹੁਤ ਸੀ ਤੇ ਕ੍ਰਿਪਾ ਕਰੋ ਇਹ ਭਟਕਿਆ ਹੋਇਆ ਕੋਈ ਸਾਧ ਹੈ। ਗਲਤ ਹੋਇਆ ਹੋਇਆ ਬੰਦਾ ਹੈ, ਗੱਲਾਂ ਰੂਹਾਨੀ ਕਰਦਾ ਹੈ। ਮਹਾਰਾਜ ਜੀ ਕਹਿੰਦੇ, ਚੰਗਾ ਤੂੰ ਆਪਣੀ ਜ਼ਿੰਮੇਵਾਰੀ 'ਤੇ ਲਿਆ। ਦੂਸਰੇ ਦਿਨ ਮੈਂ ਫਾਰਮ ਨੂੰ ਜਾਣਾ ਸੀ, ਇਹ ਗੁਰਦੇਵ ਸਿੰਘ ਉਹਨੀਂ ਉਥੇ ਸੀ, ਮਹਾਰਾਜ ਜੀ ਦੇ ਪੇਸ਼ ਕਰ ਦਿੱਤਾ। ਜਿਉਂ ਲੱਗਿਆ, ਰੋਣ ਚੁੱਪ ਹੀ ਨਾ ਕਰੇ। ਮਹਾਰਾਜ ਜੀ ਉੱਠ ਕੇ ਚਲੇ ਗਏ, ਕਹਿੰਦੇ ਸਮਾਂ ਬਰਬਾਦ ਕਰਦਾ ਹੈ। ਉਸ ਦਿਨ ਉਹਦਾ ਫੇਰ ਸਾਰ ਟੇਪ ਕਰਿਆ ਕਿ ਤੂੰ ਕੌਣ ਹੈਂ, ਕਿੱਥੋਂ ਆਇਆ ਹੈ, ਕਿਵੇਂ ਤੂੰ ਪ੍ਰੇਤ ਬਣ ਗਿਆ। ਕਹਿਣ ਲੱਗਿਆ, ਮੈਂ ਇਥੇ ਮੁਗਲ ਖੇੜੀ, ਹਸਨਪੁਰ ਤਹਿਸੀਲ ਦੇ ਅੰਦਰ, ਮੇਰੀ ਇੱਥੇ ਜਿਆਰਤ ਹੈ ਮੈਂ ਉਥੇ ਦਾ ਪੜ੍ਹਿਆ ਲਿਖਿਆ ਉਲ੍ਹਮਾ ਸੀ। ਲੇਕਿਨ ਮੇਰਾ ਚਰਿੱਤਰ ਨਹੀਂ ਸੀ ਚੰਗਾ, ਸਿੱਧੀਆਂ ਮੇਰੇ 'ਚ ਬਹੁਤ ਸੀ। ੩੬ ਸਾਲ ਕਹਿੰਦਾ ਮੈਂ ਤਪ ਕਰਿਆ। ਮੈਨੂੰ ਵੀ ਦਸਦਾ ਸੀ ਕਿ ਮੇਰੇ ਤੋਂ ਲੈ ਲਓ ਜੇ ਕੁਛ ਲੈਣਾ ਹੈ। ਮੈਂ ਤੁਹਾਨੂੰ ਵਿਦਿਆ ਦਿੰਦਾ ਹਾਂ ਗੁਪਤ। ਤੁਸੀਂ ਬੈਠੇ-ਬੈਠੇ ਹੀ ਗੁਪਤ ਹੋ ਜਾਇਆ ਕਰੋਂਗੇ, ਕਿਸੇ ਨੂੰ ਦਿਸਣਾ ਹੀ ਨਹੀਂ। ਜੇ ਕਹੋਂ ਕਿ ਐਨੇ ਹਜ਼ਾਰ ਰੁਪਿਆ ਆ ਜਾਵੇ, ਚਾਹੇ ਜ਼ਮੀਨ ਵੇਚ ਕੇ ਲਿਆਵੇ ਲਿਆ ਕੇ ਰੱਖੂ। ਮੈਨੂੰ ਮੰਤਰ ਦੱਸਣ ਲਗ ਗਿਆ, ਮੈਂ ਕੰਨਾਂ 'ਚ ਉੱਗਲੀਆਂ ਦੇ ਲਈਆਂ। ਕਹਿੰਦਾ, ਤੁਸੀਂ ਤਾਂ ਮੇਰੀ ਗੱਲ ਹੀ ਨਹੀਂ ਸੁਣਦੇ। ਮੈਂ ਕਿਹਾ ਸੁਲੇਮਾਨ! ਤੂੰ ਬਣ ਗਿਆ ਪ੍ਰੇਤ, ਮੈਨੂੰ ਖਬਰੇ ਕੀ ਬਣਾਂ ਦਏਂਗਾ। ਮੈਂ ਤਾਂ ਇਸ ਗੱਲ ਦੇ ਰਾਹ ਹੀ ਨਹੀਂ ਪੈਣਾ। ਸਾਡੇ ਕੋਲ ਤਾਂ ਇੱਕ ਮਹਾਂਮੰਤਰ ਹੈ -

***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥***
***॥ ਜਪੁ ॥***
***ਆਦਿ ਸਚੁ ਜੁਗਾਦਿ ਸਚੁ ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥***

ਕੋਈ ਦੁਨੀਆਂ ਦਾ ਮੰਤਰ ਇਸ ਤੋਂ ਵੱਡਾ ਨਹੀਂ ਹੈ। ਸਾਨੂੰ ਕੀ ਲੋੜ ਹੈ ਕੱਚੇ-ਪਿੱਚੇ ਮੰਤਰ ਸਿੱਖਣ ਦੀ। ਕਿਉਂਕਿ ਇਹ ਮੰਤਰ ਚੌਰਾਸੀ 'ਚ ਲੈ ਜਾਂਦੇ ਨੇ।

ਇੱਕ ਵਾਰੀ ਮੈਨੂੰ ਰਾੜਾ ਸਾਹਿਬ ਇੱਕ ਭਾਈ ਸਾਹਿਬ ਹੋਇਆ ਕਰਦੇ ਸੀ ਗੁਰਬਚਨ ਸਿੰਘ, ਬਹੁਤ ਬੰਦਗੀ ਵਾਲਾ ਸੀ ਉਹ। ਛੇ ਮਹੀਨੇ ਲਈ ਮਹਾਰਾਜ ਜੀ ਨੇ ਭੋਰੇ 'ਚ ਵਾੜ ਦਿਤਾ। ਛੇ ਮਹੀਨੇ ਬੰਦਗੀ ਕਰੀ ਗਿਆ ਲਗਾਤਾਰ। ਸੀ ਬਹੁਤ ਚੰਗਾ। ਉਹਨੂੰ ਮੰਤਰ ਆਉਂਦੇ ਸੀ। ਉਥੇ ਆ ਕੇ ਲੋਕ ਬਲਦ ਲਿਆਉਂਦੇ ਸੀ, ਮਤਾੜੇ ਦੇ, ਉਹਨੇ ਝਾੜ ਦੇਣੇ। ਇੱਕ ਉਹਦੇ ਕੋਲ ਸੱਪ ਦਾ ਸੀ, ਸੱਪ ਲੜਿਆ ਹੋਇਆ ਕੋਈ ਆ ਜਾਵੇ, ਉਹਨੇ ਉਸੇ ਵੇਲੇ ਮੰਤਰ ਜਿਹਾ ਕਰਕੇ ਜਲ ਪਿਲਾ ਦੇਣਾ, ਉਸੇ ਵੇਲੇ ਜ਼ਹਿਰ ਉਤਰ ਜਾਣਾ। ਮੈਨੂੰ ਕਹਿੰਦਾ, ਤੁਸੀਂ ਸਿੱਖ ਲਓ, ਮੈਨੂੰ ਲਿਖਾ ਵੀ ਦਿੱਤੇ ਉਨ੍ਹਾਂ ਕਿ ਆਹ ਲਿਖ ਲੈ, ਬੜੀ ਕੀਮਤੀ ਚੀਜ਼ ਹੈ। ਮੈਨੂੰ ਕਹਿੰਦੇ ਤੁਸੀਂ ਇਹ ਦੀਵਾਲੀ ਰਾਤ ਨੂੰ ਖੂਹ 'ਤੇ ਬੈਠ ਕੇ ਪੜ੍ਹ ਲਿਓ, ਪਰ ਪੜ੍ਹਿਓ ਉਥੇ ਜਿੱਥੇ ਬਰਮੀ ਹੋਵੇ ਸੱਪ ਦੀ ਤੇ ਸੱਪ ਆਏਗਾ, ਡਰਿਓ ਨਾ। ਮੈਂ ਕਿਹਾ, ਚਲੋ ਪਰਉਪਕਾਰ ਦੀ ਗੱਲ ਹੈ।

ਵਾਹਿਗੁਰੂ-ਵਾਹਿਗੁਰੂ ਬਹੁਤਾ ਸੀ, ਮੰਤਰ ਘਟ ਸੀ। ਜਦ ਮੈਂ ਅੱਧੀ ਰਾਤ ਚਲਿਆ ਗਿਆ ਖੂਹ 'ਤੇ, ਦੀਵਾਲੀ ਦੀ ਰਾਤ, ਛੋਟੀ ਜਿਹੀ ਉਮਰ ਸੀ ੧੭-੧੮ ਸਾਲ ਸੀ, ਮੈਂ ਉਥੇ ਗੜ੍ਹਵਾ ਪਾਣੀ ਦਾ ਭਰ ਕੇ, ਬਰਮੀ ਮੈਂ ਦਿਨ ਵਿੱਚ ਢਾਹ ਲਈ, ਉਹ ਕਹਿੰਦਾ ਸੀ ਗਲੀਆਂ ਨਾ ਬੰਦ ਕਰੀਂ, ਮੈਂ ਕਿਹਾ ਚੰਗਾ। ਪਹਿਲਾਂ ਤਾਂ ਮੈਨੂੰ ਖਿਆਲ ਹੋ ਗਿਆ ਕਿ ਵਿਚੋਂ ਹੀ ਸੱਪ ਡੰਗ ਨਾ ਮਾਰੇ, ਪੜ੍ਹਦੇ-ਪੜ੍ਹਦੇ ਦੇ, ਮੰਤਰ ਸਿੱਧ ਕਦ ਹੋਣਾ ਹੈ, ਫੇਰ ਉਹ ਕਹਿੰਦਾ ਸੀ ਸੱਪ ਆਏਗਾ ਡਰੀਂ ਨਾ। ਜਦ ਮੈਂ ਇੱਕ ਵਾਰੀ ਪੜ੍ਹਿਆ, ਮੈਂ ਕਿਹਾ ਮਨਾਂ ਧਿਰਕਾਰ ਹੈ -

***ਧ੍ਰਿਗੁ ਜਿਹਬਾ ਗੁਰ ਸਬਦ ਵਿਣੁ***
***ਹੋਰ ਮੰਤ੍ਰ ਸਿਮਰਣੀ॥***
***ਭਾਈ ਗੁਰਦਾਸ ਜੀ, ਵਾਰ ੨੭/੧੦***

ਮੈਂ ਕਿਹਾ ਮੈਂ ਤਾਂ ਹੋਰ ਮੰਤਰ ਸਿਮਰਨ ਲਗ ਗਿਆ, ਇਹ ਤਾਂ ਮੇਰੀ ਜਿਹਬਾ ਜਿਹੜੀ ਹੈ ਧਿਰਕਾਰਯੋਗ ਹੈ। ਮੰਤਰ ਮੈਂ ਕਹਾਂ, ਅੰਦਰੋਂ ਵਾਹਿਗੁਰੂ-ਵਾਹਿਗੁਰੂ ਆਈ ਜਾਵੇ। ਮੈਂ ਖੂਹ ਦੀ ਮੌਣ 'ਤੇ ਬਹਿ ਗਿਆ ਉਠ ਕੇ, ਮੈਂ ਕਿਹਾ ਛੱਡੋ ਇਨ੍ਹਾਂ ਗੱਲਾਂ ਨੂੰ, ਕੂੜੀਆਂ ਗੱਲਾਂ ਨੇ ਸਾਰੀਆਂ। ਸੋ ਕਹਿਣ ਲੱਗਿਆ, ਤੁਸੀਂ ਮੰਤਰ ਸਿੱਖ ਲਓ, ਮੈਂ ਕਿਹਾ ਸੁਲੇਮਾਨ! ਮੈਂ ਕੋਈ ਮੰਤਰ ਨਹੀਂ ਸਿੱਖਣਾ। ਤੂੰ ਗੱਲ ਕਰ ਮਤਲਬ ਦੀ। ਉਹ ਮਹਾਰਾਜ ਜੀ ਦੇ ਪੇਸ਼ ਕਰ ਦਿੱਤਾ। ਦੂਸਰੇ ਦਿਨ ਮੈਂ ਫਾਰਮ ਤੋਂ ਆਇਆ ਨਾ, ਮੇਰੇ ਆਉਣ ਤੋਂ ਪਹਿਲਾਂ ਮਹਾਰਾਜ ਜੀ ਨਾਲ ਗੱਲ ਕਰੀ ਤਾਂ ਉਥੇ ਚਰਨਜੀਤ ਸਿੰਘ ਸੀ, ਕਹਿੰਦੇ ਇਹਦੇ ਘਰ ਭੇਜ ਦੇਈਏ ਤੈਨੂੰ। ਕੀ ਚਾਹੁੰਦਾ ਹੈ? ਰੋਇਆ ਬਹੁਤ। ਕਹਿੰਦਾ, ਪੀਰ ਜੀ! ਹਜ਼ਾਰ ਸਾਲ ਦੀ ਉਮਰ ਹੋ ਗਈ ਮੇਰੀ ਤੇ ਮੈਂ ਬਹੁਤ ਭਟਕਦਾ ਫਿਰਦਾ ਹਾਂ। ਕ੍ਰਿਪਾ ਕਰੋ, ਮੇਰੇ ਉਪਰ। ਮਹਾਰਾਜ ਕਹਿੰਦਾ, ਚਾਹੁੰਦਾ ਕੀ ਹੈਂ? ਕਹਿੰਦਾ, ਨਜਾਤ ਚਾਹੁੰਦਾ ਹਾਂ। ਕਿਉਂਕਿ ਸੰਤਾਂ 'ਚ ਸਿਫਤ ਹੈ ਸਾਧਸੰਗਤ ਜੀ! ਜੀਉਂਦਿਆਂ ਦੇ ਤਾਂ ਵਾਲੀਵਾਰਿਸ ਸਭ ਹੁੰਦੇ ਨੇ, ਲੇਕਿਨ ਜਿਹੜੇ ਸਾਧੂ ਹੁੰਦੇ ਨੇ ਉਨ੍ਹਾਂ ਦੇ ਬਾਰੇ ਇਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਸੰਤ ਮੋਇਆਂ ਦੀ ਔੜ ਨਿਭਾਉਂਦੇ***
***ਨੇ, ਦੁਨੀਆਂ ਛੱਡੇ ਜੀਉਂਦਿਆਂ ਨੂੰ।***
***ਨਾਨਕ ਕਚੜਿਆ ਸਿਉ ਤੋੜਿ***
***ਢੂਢਿ ਸਜਣ ਸੰਤ ਪਕਿਆ ॥***
***ਓਇ ਜੀਵੰਦੇ ਵਿਛੁੜਹਿ***
***ਓਇ ਮੁਇਆ ਨ ਜਾਹੀ ਛੋੜਿ ॥***
***ਅੰਗ - ੧੧੦੨***

ਸਾਡੇ ਪਿੰਡ ਇੱਕ ਰਾਮ ਗੋਪਾਲ ਲਾਲ ਹੋਇਆ ਹੈ, ਬੜਾ ਚੰਗਾ ਸੀ, ਸਾਡੇ ਖੂਹ ਨਾਲ ਉਹਦਾ ਖੂਹ ਸੀ, ਇੱਕ ਵਾਰੀ ਮੈਂ ਯੂ.ਪੀ. ਫਾਰਮ ਤੋਂ ਆਇਆ ਤੇ ਸੰਤ ਮਹਾਰਾਜ ਜੀ ਦੇ ਦਰਸ਼ਨ ਕਰਕੇ ਪਿੰਡ ਵਲ ਦੀ ਹੋ ਗਿਆ ਕਿ ਪਿੰਡ ਵਲ ਦੀ ਲੰਘ ਚਲਦੇ ਹਾਂ। ਉਥੇ ਬੱਸ ਆਉਣ 'ਚ ਦੇਰ ਸੀ ਤੇ ਮੈਂ ਟਾਹਲੀ ਦੇ ਥੱਲੇ ਖੜ੍ਹਾ ਸੀ। ਉਥੇ ਉਹ ਰਾਮ ਗੋਪਾਲ ਲਾਲਾ ਅਮਰ ਨਾਥ ਵੀ ਮੰਜੀ 'ਤੇ ਪਿਆ ਸੀ, ਤਖਤਪੋਸ਼ ਡਾਹਿਆ ਹੋਇਆ ਉਹਨੇ, ਚੱਕੀ ਸੀ ਉਹਦੀ ਉਥੇ। ਮੈਨੂੰ ਕਹਿੰਦਾ ਕਿੱਥੋਂ ਆਇਆਂ ਹੈਂ? ਮੈਂ ਕਿਹਾ, ਰਾੜਾ ਸਾਹਿਬ ਤੋਂ। ਜਦੋਂ ਮੈਂ ਰਾੜਾ ਸਾਹਿਬ ਦਾ ਨਾਉਂ ਲਿਆ, ਰੋਈ ਜਾਵੇ, ਮੈਂ ਕਿਹਾ ਇਹਨੂੰ ਕੀ ਹੋ ਗਿਆ। ਮੈਂ ਕੋਲ ਜਾ ਕੇ ਬਹਿ ਗਿਆ, ਮੈਂ ਕਿਹਾ ਲਾਲਾ ਜੀ! ਬੜਾ ਵੈਰਾਗ ਆ ਗਿਆ ਤੈਨੂੰ। ਕਹਿੰਦਾ, ਮੇਰੇ ਭਗਵਾਨ ਕੋਲੋਂ ਆਏਂ ਓਂ ਤੁਸੀਂ। ਉਹਦੇ ਸਹੁਰੇ ਸੰਗੋ ਘਣਗਸੀ ਪਿੰਡ, ਮੈਂ ਕਿਹਾ ਬਹੁਤ ਵੈਰਾਗ ਹੈ, ਮੈਂ ਆਪਣੇ ਅੰਦਰ ਝਾਤੀ ਮਾਰੀ, ਅਸੀਂ ਤਾਂ ਨਾਉਂ ਲੈਣ 'ਤੇ ਰੋਂਦੇ ਹੀ ਨਹੀਂ ਹਾਂ। ਸਾਨੂੰ ਤਾਂ ਕੋਈ ਨਹੀਂ ਵੈਰਾਗ ਆਉਂਦਾ, ਮੈਂ ਹੁਣ ਉਥੋਂ ਆਇਆ ਹਾਂ ਮੇਰੇ 'ਤੇ ਹੁਣ ਵੀ ਅਸਰ ਨਹੀਂ ਹੋਇਆ, ਮੈਂ ਤਾਂ ਭਲਾ ਚੰਗਾ ਹਾਂ, ਇਹ ਰੋ ਰਿਹਾ ਹੈ। ਉਹਨੂੰ ਚੁੱਪ ਕਰਾਇਆ, ਚੁੱਪ ਕਰਾ ਕੇ ਕਿਹਾ ਕਿ ਸੇਠ ਜੀ! ਕੀ ਗੱਲ ਹੈ? ਮੈਂ ਕਿਹਾ, ਤੂੰ ਭਗਵਾਨ ਕਿਵੇਂ ਕਹਿਣ ਲੱਗ ਗਿਆ ਉਨ੍ਹਾਂ ਨੂੰ। ਕਹਿੰਦਾ ਮੈਂ ਤਾਂ ਨਾ ਰਾਮ ਨੂੰ ਮੰਨਦਾ ਹਾਂ, ਨਾ ਕ੍ਰਿਸ਼ਨ ਨੂੰ ਮੰਨਦਾ ਹਾਂ, ਨਾ ਕਿਸੇ ਹੋਰ ਨੂੰ ਮੰਨਦਾ ਹਾਂ, ਮੈਂ ਤਾਂ ਉਨ੍ਹਾਂ ਨੂੰ ਹੀ ਮੰਨਦਾ ਹਾਂ। ਮੈਂ ਕਿਹਾ ਗੱਲ ਕੀ ਹੋਈ? ਕਹਿੰਦਾ, ਗੱਲ ਇਹ ਹੋਈ, ਮੈਂ ਬੀਮਾਰ ਹੋ ਗਿਆ, ਬੀਮਾਰ ਹੋ ਕੇ ਮੈਂ ਮਰ ਗਿਆ। ਮਰਿਆ ਤਾਂ ਕਹਿੰਦਾ ਰੱਬ ਦਾ ਨਾਉਂ ਨਹੀਂ ਸੀ ਕਦੇ ਲਿਆ। ਕਦੇ ਦਾਨ ਨਹੀਂ ਸੀ ਕੀਤਾ, ਕਹਿੰਦਾ ਜਮਦੂਤ ਆ ਗਏ ਲੈਣ। ਮੈਂ ਤਾਂ ਡਰ ਗਿਆ ਬਹੁਤ, ਕਹਿੰਦਾ ਮੈਨੂੰ ਫੜ ਲਿਆ ਜਮਦੂਤਾਂ ਨੇ 'ਤੇ ਐਧਰ ਮੈਨੂੰ ਘਰਦਿਆਂ ਨੇ ਚੁੱਕ ਕੇ ਭੁੰਝੇ ਲਾਹ ਦਿੱਤਾ ਕਿ ਮਰ ਗਿਆ ਇਹ ਤਾਂ ਥੱਲੇ ਲਾਹ ਲਓ ਤੇ ਓਧਰਲੇ ਪਾਸੇ ਮੈਂ ਬਹੁਤ ਧਿਆਇਆ, ਕਦੇ ਕਿਸੇ ਨੂੰ ਧਿਆਉਂਦਾ ਹਾਂ, ਕਦੇ ਕਿਸੇ ਨੂੰ। ਕੋਈ ਨਹੀਂ ਆਉਂਦਾ। ਕਹਿੰਦਾ ਫੇਰ ਮੇਰੇ ਧਿਆਨ 'ਚ ਆ ਗਿਆ ਕਿ ਮੈਂ ਜਦ ਜਾਂਦਾ ਹੁੰਦਾ ਸੀ, ਮਹਾਂਪੁਰਸ਼ ਬੈਠੇ ਹੁੰਦੇ ਸੀ ਕੁਰਸੀ 'ਤੇ। ਮੈਂ ਵੀ ਕਦੇ-ਕਦੇ ਨਮਸ਼ਕਾਰ ਕਰ ਲੈਂਦਾ ਸੀ, ਮੈਂ ਉਨ੍ਹਾਂ ਨੂੰ ਧਿਆਇਆ, ਮੈਂ ਕਿਹਾ, ਮਹਾਂਪੁਰਸ਼ੋ! ਤੁਹਾਡਾ ਸਤਿਸੰਗ ਨਹੀਂ ਸੁਣਿਆ, ਕਦੇ ਮੈਂ ਤੁਹਾਡੇ ਨਾਲ ਨੇੜੇ ਦਾ ਸੰਪਰਕ ਪੈਦਾ ਨਹੀਂ ਕਰਿਆ, ਕ੍ਰਿਪਾ ਕਰੋ, ਮੇਰੀ ਲਾਜ ਰੱਖੋ, ਐਨੀਓ ਰੱਖ ਲਓ ਮੈਂ ਤੁਹਾਡੇ ਦਰਸ਼ਨ ਕਰਕੇ ਜਾਂਦਾ ਹੁੰਦਾ ਸੀ ਤੇ ਮੈਂ ਸਾਧ ਦੇ ਦਰਸ਼ਨ ਦਾ ਬਹੁਤ ਵੱਡਾ ਮਹਾਤਮ ਸੁਣਿਆ ਹੋਇਆ ਹੈ। ਗੀਤਾ ਵਿੱਚ ਵੀ ਆਉਂਦਾ ਹੈ, ਕਹਿੰਦਾ ਮੇਰੀ ਹੈਰਾਨੀ ਦੀ ਹੱਦ ਨਾ ਰਹੀ, ਉਸੇ ਵੇਲੇ ਆ ਕੇ ਪ੍ਰਗਟ ਹੋ ਗਏ। ਜਮਦੂਤਾਂ ਨੂੰ ਕਹਿਣ ਲੱਗੇ ਕਿ ਤੁਸੀਂ ਇਹਨੂੰ ਕਿਉਂ ਫੜਿਆ ਹੈ? ਉਹ ਕਹਿੰਦੇ ਇਹਦੀ ਉਮਰ ਪੂਰੀ ਹੋ ਗਈ। ਮਹਾਰਾਜ ਜੀ ਕਹਿੰਦੇ ਛੱਡੋ ਇਹਨੂੰ, ਇਹਦੇ ਤਾਂ ਅਜੇ ਛੇ-ਸੱਤ ਸਾਲ ਹੋਰ ਰਹਿੰਦੇ ਨੇ। ਕਹਿੰਦਾ, ਮੈਂ ਉਥੇ ਸਾਰੀਓ ਜ਼ਮੀਨ ਸਣੇ ਬਾਗ ਭੇਟਾ ਕਰ ਦਿੱਤੀ ਸਾਰੀ। ਭੇਟਾ ਕਰਕੇ ਇਕ ਦਮ ਮੇਰੇ ਵਿੱਚ ਰੂਹ ਪਾ ਦਿੱਤੀ, ਰੂਹ ਪੈਂਦੇ ਸਾਰ ਮੇਰੇ ਨੇਤਰ ਖੁਲ੍ਹ ਗਏ ਤੇ ਮੈਂ ਉਠ ਕੇ ਬਹਿ ਗਿਆ। ਧਾਹਾਂ ਰੋਣਾ ਪਿਆ ਹੋਇਆ ਬੰਦ ਹੋ ਗਿਆ। ਕਹਿੰਦੇ ਜੀਉਂਦਾ ਹੋ ਗਿਆ, ਦੇਖੋ-ਦੇਖੋ ਘਰਵਾਲੀ ਆਈ ਮੇਰੀ, ਕਹਿਣ ਲੱਗੀ ਜੀਉਂਦੇ ਹੋ ਗਏ ਤੁਸੀਂ, ਬਹੁਤ ਚੰਗਾ ਹੋ ਗਿਆ। ਮੈਂ ਕਿਹਾ ਜੀਉਂਦਾ ਤਾਂ ਹੋ ਗਿਆ, ਪਰ ਹੁਣ ਗੱਲ ਸੁਣ ਲੈ ਮੈਂ ਅਰਥੀ ਤੋਂ ਨਹੀਂ ਉਠਣਾ, ਜਦ ਤਕ ਤੂੰ ਮੇਰੀ ਗੱਲ ਨਾਲ ਹਾਂ ਨਹੀਂ ਕਰਦੀ, ਨਹੀਂ ਤਾਂ ਮੈਂ ਇਸ ਤੋਂ ਮਰਿਆ ਹੀ ਚੰਗਾ ਹਾਂ। ਕਹਿੰਦੀ ਕੀ ਹੋ ਗਿਆ? ਮੈਂ ਕਿਹਾ, ਮੈਨੂੰ ਰਾੜੇ ਵਾਲੇ ਮਹਾਂਪੁਰਸ਼ਾਂ ਨੇ ਜਮਦੂਤਾਂ ਤੋਂ ਛੁਡਾਇਆ ਹੈ ਤੇ ਮੈਂ ਸਾਰੀ ਜਾਇਦਾਦ ਉਨ੍ਹਾਂ ਦੇ ਨਾਉਂ ਲਾ ਆਇਆ। ਇੱਕ ਲੜਕੀ ਹੀ ਸੀ ਲੜਕਾ ਨਹੀਂ ਸੀ ਉਨ੍ਹਾਂ ਦੇ। ਉਹ ਕਹਿੰਦੀ, ਤੂੰ ਚਾਹੀਦਾ ਹੈਂ ਜਾਇਦਾਦ ਵਾਰੇ ਨਾ ਤੂੰ ਹੁਣ ਸੋਚ। ਕਹਿੰਦਾ, ਸਵਾ

ਮਹੀਨੇ ਤੋਂ ਬਾਅਦ ਮੈਂ ਤੁਰਨ ਲਗ ਗਿਆ। ਮੈਂ ਮਹਾਰਾਜ ਜੀ ਕੋਲ ਗਿਆ, ਬੜਾ ਮੇਰੇ ਮਨ 'ਚ ਵੈਰਾਗ ਕਿ ਮੈਨੂੰ ਉਥੋਂ ਛੁਡਾ ਲਿਆ ਜਿੱਥੋਂ ਕੋਈ ਨਹੀਂ ਛੁਡਾ ਸਕਦਾ। ਕਿਉਂਕਿ ਗੁਰਬਾਣੀ 'ਚ ਐਸਾ ਹੁਕਮ ਹੈ -

***ਓਥੈ ਹਥੁ ਨ ਅਪੜੈ ਕੂਕ ਨ***
***ਸੁਣੀਐ ਪੁਕਾਰ ॥***
***ਓਥੈ ਸਤਿਗੁਰੁ ਬੇਲੀ ਹੋਵੈ***
***ਕਢਿ ਲਏ ਅੰਤੀ ਵਾਰ ॥ ਅੰਗ - ੧੨੮੧***

ਕਿਸੇ ਦਾ ਹੱਥ ਨਹੀਂ ਉਥੇ ਪਹੁੰਚਦਾ। ਜੇ ਪਹੁੰਚਦਾ ਹੈ ਤਾਂ ਮਹਾਂਪੁਰਸ਼ਾਂ ਦਾ ਪਹੁੰਚਦਾ ਹੈ। ਸੰਤ ਬਾਬਾ ਸਾਹਿਬ ਸਿੰਘ ਜੀ ਊਨੇ ਸਾਹਿਬ ਵਾਲੇ ਇਸੇ ਸੰਪਰਦਾ 'ਚੋਂ ਨੇ, ਆਪ ਨੇ ਸੁਣਿਆ ਹੈ ਉਨ੍ਹਾਂ ਦੇ ਬਾਰੇ ਸਾਰਾ। ਆਪ ਦੇ ਲਾਂਗਰੀ ਜਿਹੜੇ ਸ੍ਰੀ ਮਾਨ ਸੀ ਉਨ੍ਹਾਂ ਦੀ ਮਾਤਾ ਚੜ੍ਹਾਈ ਕਰ ਗਈ। ਸਵੇਰੇ ਆ ਕੇ ਕਹਿੰਦੇ ਬਾਬਾ ਜੀ! ਆਪਣੇ ਭਾਗ ਸਿੰਘ ਦੀ ਮਾਤਾ ਚੜ੍ਹਾਈ ਕਰ ਗਈ, ਕ੍ਰਿਪਾ ਕਰੋ, ਆਪਣੀ ਸੰਗਤ ਦਾ ਸਰੀਰ ਹੈ, ਆਪ ਕ੍ਰਿਪਾ ਕਰੋ। ਬਾਬਾ ਜੀ ਅੰਤਰ ਧਿਆਨ ਹੋਏ। ਸਾਰਾ ਦੇਖ ਲਿਆ, ਕਿਉਂਕਿ ਮਹਾਂਪੁਰਸ਼ ਜਿਹੜੇ ਸਚਖੰਡ ਤਕ ਜਾਂਦੇ ਨੇ, ਕਰਮਖੰਡ ਤਾਂ ਹੈ ਹੀ ਨੇੜੇ। ਪਹਿਲਾਂ ਕਰਮਖੰਡ ਆਉਂਦਾ ਹੈ ਜਿੱਥੇ ਧਰਮਰਾਜ ਦਾ ਮੰਡਲ ਹੁੰਦਾ ਹੈ। ਫੇਰ ਗਿਆਨਖੰਡ ਆਉਂਦਾ ਹੈ ਜਿੱਥੇ ਸਾਰੀ ਸ੍ਰਿਸ਼ਟੀ ਸੂਖਸ਼ਮ ਬਣਦੀ ਹੈ, ਫੇਰ ਸਰਮਖੰਡ ਆਉਂਦਾ ਹੈ, ਜਿੱਥੇ ਪ੍ਰਮੇਸ਼ਰ ਦੇ ਰਸਤੇ ਤੋਂ ਮਾਇਆ ਤੋਂ ਉੱਤੇ ਹੋ ਕੇ ਜੀਵ ਫੇਰ ਉਪਰ ਨੂੰ ਚਲਦਾ ਹੈ, ਫੇਰ ਕਰਮਖੰਡ ਆਉਂਦਾ ਹੈ ਫੇਰ ਸਚਖੰਡ ਆਉਂਦਾ ਹੈ, ਬਾਬਾ ਜੀ ਨੇ ਧਰਮਖੰਡ 'ਚ ਨਿਗ੍ਹਾ ਮਾਰੀ ਤੇ ਨਾਲ ਹੈਰਾਨ ਹੋਏ ਕਿ ਇਹਨੂੰ ਕਿਉਂ ਲੈ ਕੇ ਆਏ ਨੇ। ਇਹ ਤਾਂ ਗੁਰੂ ਨਾਨਕ ਪਾਤਸ਼ਾਹ ਦੀ ਹੈ, ਧਰਮਰਾਜ ਨੂੰ ਤਾਂ ਹੁਕਮ -

***ਧਰਮ ਰਾਇ ਨੋ ਹੁਕਮੁ ਹੈ***
***ਬਹਿ ਸਚਾ ਧਰਮੁ ਬੀਚਾਰਿ ॥***
***ਦੂਜੈ ਭਾਇ ਦੁਸਟੁ ਆਤਮਾ***
***ਓਹੁ ਤੇਰੀ ਸਰਕਾਰ ॥ ਅੰਗ - ੩੮***

ਜਿਹੜੇ ਦਵੈਤ ਵਿੱਚ ਵਸਦੇ ਲੋਕ ਨੇ, ਇਹ ਤੇਰੇ ਕੋਲ ਆਉਣੇ ਨੇ, ਗੁਰੂ ਦੇ ਸਿੱਖ ਤਾਂ ਤੇਰੇ ਕੋਲ ਆਉਣੇ ਹੀ ਨਹੀਂ। ਜਿਹੜੇ ਗੁਰੂ ਵਾਲੇ ਨੇ ਇਨ੍ਹਾਂ ਨੇ ਗੁਰੂ ਕੋਲ ਜਾਣਾ ਹੈ। ਅਰ ਲੈਣ ਆਉਂਦਾ ਹੈ ਗੁਰੂ ਐਸੀ ਬਾਤ ਨਹੀਂ ਹੈ।


ਸਾਡੇ ਫਾਰਮ ਦੇ ਨਾਲ ਕਰਨਲ ਲਾਲ ਸਿੰਘ ਦਾ ਫਾਰਮ ਸੀ। ਬਹੁਤ ਸਾਰੇ ਪਟਿਆਲੇ 'ਚ ਨੌਕਰੀ ਕਰਨ ਵਾਲੇ ਜਾਣਦੇ ਨੇ ਉਨ੍ਹਾਂ ਨੇ। ਉਹ ਸਾਡੇ ਜੋ ਤਰਾਈ ਸਿੱਖ ਮਿਸ਼ਨ ਬਣਾਇਆ ਹੋਇਆ ਸੀ, ਉਹਦੇ 'ਚ ਉਹ ਕਾਫੀ ਸਹਿਯੋਗ ਦਿੰਦੇ ਸੀ। ਜਦੋਂ ਮਹਾਰਾਜ ਜੀ ਗਏ, ਉਸ ਵੇਲੇ ਉਨ੍ਹਾਂ ਨੇ ਸਾਨੂੰ ਬਹੁਤ ਸਹਿਯੋਗ ਦਿਤਾ, ਸਹਿਯੋਗੀ ਹੋਣ ਕਰਕੇ ਕਾਫੀ ਨੇੜਤਾ ਸੀ। ਉਨ੍ਹਾਂ ਨਾਲ ਪ੍ਰੋਗਰਾਮ ਬਣਾਇਆ ਕਿ ਆਪਾਂ ਆਹ ਜਾਟਵਾਂ ਦੇ ਅੰਦਰ ਯੂ.ਪੀ. ਦੇ ਲੋਕਾਂ 'ਚ ਪ੍ਰਚਾਰ ਕਰੀਏ, ਗੁਰੂ ਨਾਨਕ ਦਾ ਕੋਈ ਨਹੀਂ ਇੱਥੇ ਸੰਦੇਸ਼ਾ ਦੇਣ ਵਾਲਾ। ਪੈਸੇ ਲੈ ਕੇ ਤਾਂ ਪ੍ਰਚਾਰ ਕਰਾਉਂਦੇ ਨੇ, ਪੈਸੇ ਦੇ ਪ੍ਰਚਾਰਕ ਨੇ, ਕੀ ਆ ਕੇ ਦਸਣਾ ਹੈ। ਉਹਨੇ ਤਾਂ ਪੈਸੇ ਜਿਥੋਂ ਜ਼ਿਆਦਾ ਮਿਲਣੇ ਨੇ ਉਥੇ ਜਾਣਾ ਹੈ। ਪ੍ਰੋਗਰਾਮ ਬਣਾ ਲਿਆ ਪਰ ਕੁਦਰਤ ਨੇ ਉਹਨੂੰ ਹਾਰਟ ਅਟੈਕ ਕਰਾ ਦਿਤਾ, ਬੜਾ ਇਲਾਜ ਕਰਿਆ, ਛੇ ਡਾਕਟਰ ਸੀ ਘਰ ਦੇ। ਮੌਤ ਦਾ ਇਲਾਜ ਕੋਈ ਨਹੀਂ ਕਰ ਸਕਦਾ। ਮਲਿੰਗਟਨ ਹਾਸਪੀਟਲ 'ਚ ਚਲੇ ਗਏ ਦਿੱਲੀ ਤੇ ਜਿਸ ਵਕਤ ਉਨ੍ਹਾਂ ਦਾ ਮਿਰਤਕ ਸਰੀਰ ਲੈ ਕੇ ਆਏ, ਤਾਂ ਉਨ੍ਹਾਂ ਦੇ ਲੜਕੇ ਸੀ ਉਸ ਵੇਲੇ ਬਰਗੇਡੀਅਰ ਸੀ, ਮੇਜਰ ਜਨਰਲ ਬਣ ਗਏ ਸੀ ਰਜਿੰਦਰ ਸਿੰਘ, ਦੂਸਰਾ ਲੜਕਾ ਸੀ ਏਅਰ ਕਾਮੋਡੋਰ ਹਰਮਿੰਦਰ ਸਿੰਘ; ਮੇਰੇ ਕੋਲ ਆ ਗਏ ਕਹਿਣ ਲੱਗੇ ਅੰਕਲ ਜੀ! ਤੁਸੀਂ ਇਨ੍ਹਾਂ ਦੇ ਸਰੀਰ ਨੂੰ ਹੱਥ ਲਾਓ। ਇਨ੍ਹਾਂ ਦੀ ਰੂਹ ਨੂੰ ਸ਼ਾਂਤੀ ਆਏਗੀ? ਮੈਂ ਕਿਹਾ ਕਿਉਂ? ਕਹਿੰਦੇ, ਤੁਹਾਨੂੰ ਯਾਦ ਕਰਦੇ ਸੀ, ਅੰਤ ਸਮੇਂ। ਮੈਂ ਕਿਹਾ, ਅੱਛਾ! ਤੁਸੀਂ ਮੈਨੂੰ ਐਉਂ ਦੱਸੋ ਇਨ੍ਹਾਂ ਦਾ ਅੰਤ ਸਮਾਂ ਕਿਵੇਂ ਆਇਆ, ਕਿਉਂਕਿ ਇਨ੍ਹਾਂ ਨੇ ਨਾਨਕ ਮਤਾ ਸਾਹਿਬ ਦੀ ਸੇਵਾ ਕਰੀ ਹੈ, ਮਹਾਂਪੁਰਸ਼ਾਂ ਦੀ ਬਹੁਤ ਸੇਵਾ ਕਰੀ ਹੈ। ਮਹਾਂਪੁਰਸ਼ ਪ੍ਰਸੰਨ ਸੀਗੇ ਇਹਦੇ ਉੱਤੇ। ਕਹਿਣ ਲੱਗੇ, ਅੰਕਲ ਜੀ! ਅਸੀਂ ਸਾਰੇ ਖੜ੍ਹੇ ਸੀ ਹਸਪਤਾਲ 'ਚ, ਇਹ ਚੁੱਪ ਕਰ ਗਏ, ਕਹਿੰਦੇ ਸਾਡੇ ਚਾਚਾ ਜੀ! ਡਾਕਟਰ ਮੁਨਸ਼ੀ ਸਿੰਘ, ਉਹ ਕਹਿਣ ਲੱਗੇ, ਲਾਲ ਸਿੰਘਾ! ਸਾਨੂੰ ਪਛਾਣਦਾ ਹੈਂ। ਕਹਿੰਦੇ, ਨੇਤਰ ਖੋਲ੍ਹ ਕੇ ਸਾਡੇ ਸਾਰਿਆਂ ਦੇ ਨਾਉਂ ਲੈ ਦਿੱਤੇ ਕਿ ਆਹ ਫਲਾਣਾ ਖੜ੍ਹਾ ਹੈ, ਆਪ ਫਲਾਣਾ ਖੜ੍ਹਾ ਹੈ। ਕਹਿੰਦੇ ਤੂੰ ਚੁੱਪ ਕਰ ਗਿਆ, ਕਹਿੰਦੇ ਕਿ ਮੇਰੇ ਮਨ 'ਚ ਕੋਈ ਬਹੁਤ ਅਨੰਦ ਆ ਰਿਹਾ ਹੈ, ਮੈਨੂੰ ਬਹੁਤ ਸਵਾਦ ਆ ਰਿਹਾ ਹੈ ਅੰਦਰੋਂ ਹੀ ਜਿਹੜਾ ਕਦੇ ਦੇਖਿਆ ਹੀ ਨਹੀਂ। ਮੈਨੂੰ ਬੁਲਾਓ ਨਾ, ਮੇਰਾ ਉਹ ਰਸ ਟੁੱਟਦਾ ਹੈ। ਕਹਿੰਦੇ, ਅਸੀਂ ਖੜ੍ਹੇ ਰਹੇ, ਜਦ ੧੫-੨● ਮਿੰਟ ਹੋਏ, ਨੇਤਰ ਖੋਲ੍ਹ ਲਏ ਕਹਿੰਦੇ ਲਓ ਬਈ ਔਹ ਆ ਗਏ, ਗੁਰੂ ਨਾਨਕ ਸਾਹਿਬ! ਬੋਲ ਗੁਰੂ ਨਾਨਕ ਦੇਵ ਕੀ ਜੈ-ਬੋਲ ਗੁਰੂ ਅੰਗਦ ਸਾਹਿਬ ਕੀ ਜੈ, ਦੱਸਾਂ ਪਾਤਸ਼ਾਹੀਆਂ ਦੀ ਜੈ ਬੁਲਾ ਕੇ, ਕਹਿੰਦੇ ਹੱਸਣ, ਖੁਸ਼ ਤੇ ਸਾਨੂੰ ਫਤਹਿ ਬੁਲਾ ਦਿਤਾ, 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਕਹਿੰਦੇ ਲਓ ਬਈ ਮੈਂ ਤਾਂ ਚੱਲਿਆ ਹੁਣ, ਗੁਰੂ ਨਾਨਕ ਸਾਹਿਬ ਮੈਨੂੰ ਲੈਣ ਆ ਗਏ। ਕਹਿੰਦੇ, ਯੋਗੀਆਂ ਵਾਂਗਣ ਸਰੀਰ ਛੱਡ ਦਿੱਤਾ, ਕਰਨਲ ਨੇ ਤੇ ਲੈਣ ਕੌਣ ਆਏ ਗੁਰੂ ਨਾਨਕ ਸਾਹਿਬ ਕਿਉਂਕਿ ਨਾਨਕ ਮਤੇ ਦੀ ਸੇਵਾ ਕਰੀ ਸੀ। ਰੀਠਾ ਸਾਹਿਬ ਦੀ ਸੇਵਾ ਕਰੀ ਸੀ ਉਨ੍ਹਾਂ ਨੇ ਤੇ ੩੧ ਵਿੱਘੇ ਜ਼ਮੀਨ ਆਲੇ ਦੁਆਲੇ ਦੀ ਮੁੱਲ ਲੈ ਕੇ ਦਿੱਤੀ, ਉਥੇ ਖੜ੍ਹਨ ਨੂੰ ਸੰਗਤਾਂ ਨੂੰ ਥਾਉਂ ਨਹੀਂ ਸੀਗਾ। ਪਹਾੜੀਆਂ ਨੇ ਪਾਣੀ ਛੱਡ ਦਿੱਤਾ ਰਾਤ ਨੂੰ ਕਿਤੇ ਬੈਠਣ ਨੂੰ ਸਾਨੂੰ ਥਾਉਂ ਨਾ ਲੱਭੇ। ਬਾਗੇਸ਼ਰ ਦਾ ਗੁਰਦੁਆਰਾ ਗੁੰਮ ਹੁੰਦਾ ਕਢਾਇਆ, ਅਲਮੋੜੇ ਦਾ ਕਢਾਇਆ, ਜਿਹੜਾ ਸੇਵਾ ਕਰਦਾ ਹੈ ਉਹਦੀ ਸੇਵਾ ਬਿਰਥੀ ਨਹੀਂ ਜਾਇਆ ਕਰਦੀ। ਗੁਰੂ ਨਾਨਕ ਲੈਣ ਆਏ ਨਾ ਫੇਰ, ਨਿਭਾ ਦਿੱਤੀ ਫੇਰ ਗੁਰੂ ਨਾਨਕ ਪਾਤਸ਼ਾਹ ਨੇ।

ਸੋ ਭਾਗ ਸਿੰਘ ਦੀ ਮਾਤਾ ਜਦ ਦਰਗਾਹ 'ਚ ਗਈ, ਤਾਂ ਬਾਬਾ ਜੀ ਕਹਿੰਦੇ ਠਹਿਰੋ! ਉਹ ਆ ਜਾਏਗੀ, ਗਲਤੀ ਨਾਲ ਲੈ ਗਏ ਨੇ। ਉਥੇ ਜਦ ਧਰਮਰਾਜ ਦੇ ਪੇਸ਼ ਕਰੀ, ਧਰਮਰਾਜ ਕਹਿੰਦਾ ਇਹ ਤਾਂ ਗੁਰੂ ਨਾਨਕ ਦੀ ਹੈ ਭਾਈ, ਇਹਨੂੰ ਕਿਉਂ ਲੈ ਕੇ ਆਇਆ ਹੈਂ, ਆਪਣੀਆਂ ਕਿਤਾਬਾਂ 'ਚ ਤਾਂ ਇਹਦਾ ਨਾਉਂ ਹੀ ਨਹੀਂ ਹੈ। ਜਾਓ ਵਾਪਸ ਕਰੋ। ਉਹ ਮਾਤਾ ਜਦੋਂ ਜੀਉਂਦੀ ਹੋ ਗਈ, ਬਾਬਾ ਜੀ! ਕੋਲ ਲੈਂ ਆਏ। ਕਹਿੰਦੇ, ਸੁਣਾ ਮਾਤਾ! ਕਿਵੇਂ ਹੋਈ? ਕਹਿੰਦੀ, ਬਾਬਾ ਜੀ! ਉਹ ਤਾਂ ਬਹੁਤ ਪਛਤਾਏ ਮੈਨੂੰ ਲਿਜਾ ਕੇ।

(ਬਾਕੀ ਪੰਨਾ 37 'ਤੇ)


Guru Gobind Singh Vidya Mandir Senior Secondary School
Ratwara Sahib
Impressions
Message
"Action speaks louder than words."
It's not surprising, GGSVM Sr. Sec. School, has established a strong presence amongst the educational institutes of the surrounding areas. The secret of our success is largely due to our focus on the provision of excellent facilities and quality education. Many people ask me to provide reasons why G.G.S.V.M is doing so well, though there are many reasons that has contributed to its progress, but it is mainly due to an open forum and good order within the school that has resulted in open discussions with parents to make aware of their wards performance & capabilities. The atmosphere in the school is that of comfort and ease where all can actively voice their opinions and learn to take on new challenges of life..
M/s Leena Verma
Principal
Sant Mata Ranjeet Kaur ji
Chairperson Trust Ratwara Sahib
Sant Baba Harpal Singh ji

# Introduction



Guru Gobind Singh Vidya Mandir Sr. Sec. School, Ratwara Sahib was established by His Holiness Baba Waryam Singhji Maharaj and honourable Mata Ranjit Kaur Ji. It was inaugurated on 8th April, 2001 from class Nursery to V. School has been upgraded by adding one class every year. It is an English medium Co-educational school affiliated to CBSE, New Delhi. School has a hug four-storey building in the lap of nature. School campus is spread in 10 acres with lush green lawns and spacious play ground. The main aim of the school is to uplift the rural children and to provide excellent educational facilities with modern equipments to facilitate learning process . School is accountable to foster superior values in students to acquire dynamic personalities to make them professionals & respectable citizens of our country.

Under the guidance of our chairperson of School Sant Mata Ranjit Kaur ji, His Holiness Sant Baba Waryam Singh ji, Sant Baba Harpal Singh ji and director of school Kulwant Singh Gill School has been able to achieve significant milestones year after year.

# A Glimpse of Our Achievements

2008 was an action packed year with incredible achievements with students fairing exceptionally well in the field of Sports, Arts & co- curricular activities.

**March**

'Aks' a stage show was conceptualized & staged to showcase the potential of our students in the field of singing, dancing & acting. The participants were applauded by the NRI's and they heartly thanked the management and the principal for full filling the dreams of Baba ji.



**April**

April resulted in around 400 new admissions due to ardent efforts by the Principal, Staff & Higher authorities over a period of time to strengthen School's standing.

**May**

1. Director of school S. Kulwant Singh Gill was honoured with lifetime achievement 'Punjab Ratan Award'. He is an untiring worker, a man of great vision, with high levels of





administrative and organizing abilities.

2. Principal Ms. Leena Verma was honored with 'Red Cross Award' on world Red Cross day 8th may by governor general Sir R.J. Rodrigues.

**June**

A grand moment when CM of Punjab S. Parkash Singh Badal visited school on the occasion of Birthday of our Holy Chairperson Sant Mata Ranjit Kaurji, and gave away awards to the toppers of Class 10th & +2 .

**July**

7 Students of G.G.S.V.M Ratwara Sahib represented Punjab in International Table Soccer Championship held at Malaysia.

**August**



1 Director of School S. Kulwant Singh Gill was honored by 'Rajiv Gandhi memorable' Award at Delhi.

2. Students contributed Rs. 15000/- for the help of cancer Patients to Global Cancer Association at Chandigarh.

**September**

Our Shining Star, Harkirat Kaur of Class Xth Participated is Junior National Level wt. lifting championship at Chattisgarh and attained 5th position. She always brings laurels to the school.



# Academics

**Academics are the main area of focus of the school curriculum.**

The school's class X and XII result is the CBSE Board Exam of 2008 was outstanding. Five students got above 90% in English and Punjabi. One of the student's Kulveer Singh got 95% marks in business studies in +2 (Commerce)

To strengthen academics the following steps have been taken;

- More stress is laid on learning by doing.
- Seminars are conducted to improve the teaching skills of the teachers.
- Recently a seminar was conducted by Professionals.
- Proper time is given for revision before very examination.
- Radical changes in teaching patterns and classroom interaction with emphasis on experimental teaching and project work.
- Personality Development Program and Career Counseling Workshop are introduced.
- Worksheets, Assignments are given regularly.
- Moral Education is provided to inculcate the moral values and to build up strong character.

# Admission

The school functioning got a new pace by the blessing of Sant Baba Hapal Singh and the combined efforts of Managing Committee, Director, Principal and the Staff. Their main motive was to improve the strength, infrastructure and level of Education of the institution. This was not an easy task but the optimistic thought process made it easy some of the steps which were taken for enrolling the students and increasing the strength are.

1. A stall was put up during Jayanti Devi fair, Pamphlets were distributed and on the spot registrations were done. This resulted in good publicity to the school.

2. An admission counter was put up in the shopping festival at Parade Ground Sector 17, Chandigarh. The stall was inaugurated by his Excellency Governor of Punjab. Lakhs of people visited. The stall was put up simultaneously in Leisure Valley and Rose Garden.

3. Three days stall was put up at Rose Garden Sec 16, Chandigarh during Rose Festival.

4. Door to door canvassing was done by the teachers and principal.

5. Canvassing was done for three days at Mukatsar during Maghi Mela on 13th, 14th & 15th January for publicity and on the spot Registration was done.

6. Meeting with all the Sarpanches and Members of Block Samiti was conducted by Principal. It created a sense of Belongingness in the general public of the area and they gave very good response.

7. Parent orientation programme was conducted in the school. This also encouraged the parents to be a part of canvassing and admission campaign.

8. 4 days stall was put up at Pinjore Garden during Baisakhi festival.

9. 2 days canvassing was done at Haripur for publicity.

10. Our staff stayed for 4 days at Gurudwara near Kurali for the publicity through stall.

# Sensational Malaysia




"Dreams do come true
Desires are actually fulfilled
Be a part of G.G.S.V.M. Ratwara Sahib
And experience joy n thrill."

A 7-student(all boys) team went to Malaysia for International Table soccer championship from 17th July to 20th July and came out with flying colours holding 7th position. Our respected principal Ms. Leena Verma and responsible staff member Ms. Surjit Kaur also accompanied the students.

It was a great experience especially because our children got the opportunity to cherish the cultural exchange with foreign students. The students and teachers of foreign schools who came to Malaysia also appreciated the initiative taken by the G.G.S.V.M. Ratwara Sahib Management for sending the children on a foreign tour at such an early age.

**What a lucky lot of children they are !**

Our Malaysia tour was an unforgettable experience and we feel so lucky to get such golden opportunity at this young age. It was great fun like we had entered a new world.

*Savya Verma, Abhishek Kaushal, Himatjit Singh, Anhud Gupta, Sukhwinder Singh*

# Twinkling events

## "I am proud to be an Indian"

On Aug 15 – the most special day for very Indian, the school administration decided to celebrate it with full vigour and vitality. Sardar Manpreet Singh Badal was present at the function to inspire and encourage the young ones. Our class V, VI and VII students presented a dance on the Social Evil - Female Foeticide to make people aware that girl is no less than a boy child. This stupendous performance was appreciated heartily by everyone present and Mr Badal was totally impressed with the creativity and passionate efforts of the whole



## Special Days

8th April is celebrated as foundation day of the school with great enthuiasm.

17th June, the B'day of His Holiness Ji is celebrated with great zeal every year. Our students give stage performance (Shabad Speeches, Poems etc) and Band Performance.

On 8th August Biji's B'day is celebrated by reciting poems & Shabads in the Samagam at Ratwara Sahib.

## Red Cross Rally

**- A Plausible campaign of Awareness**




G.G.S.V.M. Ratwara Sahib celebrated the Red Cross Day with remarkable participation of students who took part in Quiz and Painting Competition organized by Red Cross Society and brought laurels to the school by holding high rank in every competition.

## Inter state youth exchange programme

G.G.S.V.M. students spent 15 days (28th July 2009 - 11 August 2009) as a part of exchange link with the Himachal Pradesh, Kullu and Rohtang. This programme was sponsored by Ministry of Youth Affairs and sports department, Government of India.

## Celebrating Annual Samagam in Ratwara Sahib





## The Parent-School Co-ordination

G.G.S.V.M often invites the parents to interact and observe the working pattern of our



school. On Sep 26, 2009 parents orientation programme was also organized in the hall which was addressed by our worthy Principal Ms. Leena Varma. She thanked the parents for their help and support in the development of this institute, a dream of our Holy Baba Ji Sant Waryam Singh Ji.

She gave all the credit of this institution's success to the combined efforts of staff as well as parents and asked the students to make this institute proud with their achievements in academics and extra-curricular activities.

## Save Water

Save water week (21-4-2008 to 26-4-2008) was celebrated to make the students understand the importance of water.



## A pleasant Excursion

Perambulation always gives us pleasure and occupies our heart with true happiness. This is what



happened to our young kids when they were taken to Thunder zone on an Excursion. The beauty of Nature along with swings and rides had a sorcery effect on all. Students from class II to class VIII escorted by their teachers enjoyed the world of supposition. Dancing on the tunes of new songs and playing together in the beautiful gardens made then glad and one could see their faces brimming with happiness.

## Multifarious Activities

1. Independence Quiz Competition: - Students of VIII & IX took part in the Independence Inter House Quiz competition organized by S. St. Department.

2. Various festive activities have been organised on festive occasions. Like on 3rd August, the students of pre-primary wing participated in Poem recitation while the students of primary wing took active part in Rakhi-Making.

3. Last but not the least, card making competition for class I to VIII was held to bring out the hidden talent of each student.

4. Participation in PU-Campus function on Dusshera.

5. Award of Honour by Red Cross Society Punjab State Branch.

6 Award of Honour by Punjab University V.C. Mr. R.C. Sobti.

7. Award of Honour by S. Manpreet Singh Badal on the eve of Independence day at Mohali.

8. Our talented team participated in Interschool competition held at Tagore Theatre on the occasion of World Red Cross Day organised by Red Cross Society. Jatinderpal Singh got 1st prize in Quiz Competition and Narinder Jeet Kaur bagged 1st Prize in Painting Competition.

9. Gurbani Kanth Competition was organised in the school campus by Mata Kawla Ji Takshal Amritsar. Many students won prizes and one of our student Amanpreen kaur of +2 (Med) won 'Honda Activa' worth Rs. 45000/- in this competition.

This talented girl Amanpreet Kaur and our school Principal Ms. Leena Varma were honoured by the same trust in the concluding ceremony of the function at Amritsar.

10. Foundation day ..... was celebrated in school with festive ceremonies like Bhog of shri Akhand Path Sahib followed by Langar.

11. 27 August, Bhog of Shri Akanth Path was done for the welfare of Hostlers.

12. Three students participated in





'India Heritage Culture' Written Quiz organized by CBSE.

13. On Independence Day students presented the 'FolK Dance' and 'Band Item'.

Students and Principal were awarded by Vice Chancellor of P.U. Chandigarh Mr. R.C. Sobti

14. On Dushera , school students participated in folk dance and Shabad in Punjabi university and our students and teachers were honoured by V.C. Mr. R.C. Sobti.

## Sports

1. Harkirat Kaur got 7th position at National Level Weight lifting



championship held at Chattisgarh. two of our school girls represented the school in state level weight lifting championship held at Ludhiana and received Bronze and Gold Medals respectively.

2. Harkirat Kaur again brought honour to the school by getting Gold Medal at state level weight lifting championship held at Bharatgarh.

3. Our U-17 school weight lifting team won 1st position.

4. Our U-19 weight lifting team won 1st position.

5. Participation by U-12 Boys football team at District Level.

6. 8 Gold Medals, 14 silver medals and 8 Bronze medals won by students at - Rajiv Gandhi Memorial National Table soccer championship held at DAV School Parwanoo. (H.P)

7. Our U-16 cricket team won 1st Prize in zonal school tournament held at G. Sen. Sec. School Mullahpur.

8. Our school girls bagged 2nd prize in Relay Race at Block Level Rural open Tournament held at Sayalba Majri.

9. Our performance in District level Rural Tournament :- **Volleyball** - 3rd position by Boys, **Kho-Kho** - 3rd position by Girls , **Weight Lifting** - 1st and 2nd by Girls, **Athletics** - 100m. Boys - 3rd prize

9. Participation certificates were given in CBSE Cluster Athletic Meet 2009-10 held at SDP School Sec 32 D, Chandigarh.

Horse Riding

Students are given professional training for horse riding in the campus.

**NSS**

N.S.S. is introduced in the school from this year.

# Cherishable Moments



# School in News




## Our Aim is to reach the stars

GGSVM School has been working immensely for the welfare of students where the aim is to provide 'Quality education'. GGSVM Ratwara Sahib, is a rising star that has just now appeared on the horizon. It aims at providing the best to its students. GGSVM Ratwara Sahib from its infant stage is heading towards the fulfillment of its motto with the passage of time its glory and fame going to rule everyone's heart.

**" The Word is his who does his job with compassion."**

Our Dreams have to be bigger
Our Ambitions higher. And our Efforts Greater
This is the dream of GGSVM for its students.
Come and be a part of it to have the most memorable & exciting student's life.

**Guru Gobind Singh Vidya Mandir Senior Secondary School**
**Ratwara Sahib Distt. Mohal**
**Tel. 0160-2255003, E-mail: ggsvmschool@yahoo.com**

(ਪੰਨਾ 28 ਦੀ ਬਾਕੀ)

ਤੁਹਾਡੀ ਕ੍ਰਿਪਾ ਹੋ ਗਈ ਤੇ ਉਨ੍ਹਾਂ ਨੇ ਤਾਂ ਮੇਰਾ ਸਤਿਕਾਰ ਕਰਿਆ ਤੇ ਕਹਿੰਦੀ ਮੈਂ ਫੇਰ ਕਿਹਾ ਕਿ ਮੈਨੂੰ ਗੁਰੂ ਨਾਨਕ ਦੀ ਦਰਗਾਹ ਤਾਂ ਦਿਖਾ ਦਿਓ ਹੁਣ ਲੈ ਕੇ ਤਾਂ ਆਏ ਓਂ। ਕਹਿੰਦੀ, ਜਦੋਂ ਮੈਨੂੰ ਉਥੇ ਲੈ ਕੇ ਗਏ, ਕਹਿੰਦੇ ਬੀਬੀ! ਤੇਰੇ ਤਾਂ ਅਜੇ ਸੱਤ ਸਾਲ ਰਹਿੰਦੇ ਨੇ, ਤੇਰਾ ਨਾਉਂ ਸਾਡੇ ਰਜਿਸਟਰ 'ਚ ਲਿਖਿਆ ਹੋਇਆ, ਜਿਹੜੇ ਅੰਮ੍ਰਿਤ ਛਕਦੇ ਨੇ ਨਾ ਇਨ੍ਹਾਂ ਦਾ ਨਾਉਂ ਗੁਰੂ ਦੇ ਰਜਿਸਟਰ 'ਚ ਚੜ੍ਹ ਜਾਂਦਾ ਹੈ। ਜੇ ਭਲਾ ਗੁਰੂ ਦੇ ਵਿਚੋਂ ਨਿਕਲਣਾ ਹੈ ਸ਼ਰਾਬ ਦੀ ਬੋਤਲ ਪਿਆਰੀ ਕਰਕੇ, ਫੇਰ ਉਹਦੇ ਨਾਲੋਂ ਮੰਦ ਭਾਗਾਂ ਕੌਣ ਹੈ ਦੁਨੀਆਂ ਦੇ ਅੰਦਰ। ਸੰਸਾਰ 'ਚ ਰਹਿਣਾ ਨਹੀਂ ਜਾਣਾ ਹੈ, ਕਿਉਂ ਵਿਸ਼ੇ-ਵਿਕਾਰਾਂ 'ਚ ਪੈ ਕੇ ਗੁਰੂ ਦੇ ਨਾਉਂ ਕਟਾਉਂਦੇ ਓਂ। ਸੋ ਇਸ ਤਰ੍ਹਾਂ ਦੇ ਨਾਲ ਇਹ ਕਹਿਣ ਲੱਗਿਆ ਕਿ ਫੇਰ ਮੈਂ ਜਦ ਰਾਜ਼ੀ ਹੋ ਗਿਆ, ਕਹਿਣ ਲੱਗਿਆ ਕਿ ਮੈਂ ਸੰਤ ਮਹਾਰਾਜ ਕੋਲ ਗਿਆ। ਜਾ ਕੇ ਬੇਨਤੀ ਕਰੀ ਕਿ ਮਹਾਰਾਜ! ਤੁਸੀਂ ਮੇਰੀ ਦਰਗਾਹ ਦੇ ਵਿੱਚ ਸਹਾਇਤਾ ਕਰੀ ਤੇ ਮੈਂ ਸਾਰੀ ਜ਼ਮੀਨ ਆਪ ਦੇ ਚਰਨਾਂ 'ਚ ਅਰਪਣ ਕਰ ਦਿੱਤੀ। ਮਹਾਰਾਜ ਕਹਿੰਦੇ, ਕਿੰਨੀ ਜ਼ਮੀਨ ਹੈ। ਕਹਿੰਦੇ ਜੀ ੨੫ ਵਿੱਘੇ ਹੈ। ਬਾਗ ਲੱਗਿਆ ਹੋਇਆ। ਮਹਾਰਾਜ ਕਹਿੰਦੇ, ਛੋਟੇ ਸੰਤਾਂ ਨੂੰ (ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਮਿਲੋ। ਛੋਟੇ ਮਹਾਰਾਜ ਜੀ (ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਕੋਲ ਚਲੇ ਗਏ। ਉਹ ਕਹਿੰਦੇ ਲੈ ਬਈ ਲਾਲਾ! ਤੇਰੀ ਗੱਲ ਸੁਣ ਲਈ ਅਸੀਂ ਸਾਰੀ। ਜ਼ਮੀਨ ਤਾਂ ਨਹੀਂ ਸਾਡੇ ਸਿੰਘਾਂ ਨੇ ਵਾਹੁਣੀ ਉਥੇ ਜਾ ਕੇ ਤੇ ਅਸੀਂ ਮੁੱਲ ਪਾ ਦਿੰਦੇ ਹਾਂ, ਜਾਂ ਤੂੰ ਪਾ ਦੇ ਜਾਂ ਅਸੀਂ ਪਾ ਦਿੰਦੇ ਹਾਂ। ਕਹਿੰਦਾ, ਬਾਬਾ ਜੀ! ਤੁਸੀਂਓਂ ਮੁੱਲ ਪਾ ਦਿਓ। ਕਹਿੰਦੇ ਫੇਰ ਐਉਂ ਕਰੋ, ਬੋਲੀ ਨਾ ਫੇਰ ਕਿ ਘੱਟ ਹੈ ਜਾਂ ਜ਼ਿਆਦਾ ਹੈ। ਕਹਿੰਦਾ ਨਹੀਂ। ਕਹਿੰਦੇ ਸਾਰੀ ਤੇਰੀ ਜ਼ਮੀਨ ਦਾ ਮੁੱਲ ੨੫੦੦ ਰੁਪਿਆ, ਸਣੇ ਅੰਬਾਂ ਦੇ ਦਰਖਤਾਂ ਦੇ, ਸਣੇ ਨਿੰਬੂਆਂ ਦੇ, ਸਣੇ ਕੋਠੇ ਦੇ, ਸਭ ਕਾਸੇ ਦੇ। ਚੁੱਪ ਕਰ ਗਿਆ, ਪਹਿਲਾਂ ਕਹਿ ਚੁਕਿਆ ਸੀ। ਜ਼ਮੀਨ ਦਾ ਮੁੱਲ ਤਾਂ ਬੇਅੰਤ ਸੀ, ਸਾਡਾ ਖੂਹ ਲਗਦਾ ਸੀ ਨਾਲ। ਲੱਖਾਂ ਰੁਪਏ ਦੇ ਏਕੜ ਸੀ। ਓਨੇ ਰੁਪਏ ਦੇ ਦਿੱਤੇ ਉਸਨੇ। ਕਹਿੰਦਾ ਹੁਣ ਦੱਸੋ, ਮੈਂ ਹੁਣ ਭਗਵਾਨ ਮੰਨਾਂ ਕੀ ਮੰਨਾਂ। ਜਿਨ੍ਹਾਂ ਨੂੰ ਮੈਂ ਮੰਨਦਾ ਸੀ ਉਨ੍ਹਾਂ ਨੇ ਤਾਂ ਮੈਨੂੰ ਛੁਡਾਇਆ ਨਹੀਂ ਤੇ ਇਨ੍ਹਾਂ ਨੇ ਛੁਡਾ ਦਿੱਤਾ। ਸੋ ਸੰਤ ਮਰਿਆ ਹੋਇਆਂ ਤੇ ਵੀ ਕ੍ਰਿਪਾ ਕਰਦੇ ਨੇ। ਜੂਨੀਆਂ 'ਚ ਪਿਆ ਹੋਇਆਂ ਤੇ ਵੀ ਕ੍ਰਿਪਾ ਕਰਦੇ ਨੇ।

ਜਦੋਂ ਸੰਤ ਮਹਾਰਾਜ ਜੀ ਢੱਕੀ 'ਚ ਜਾ ਕੇ ਬੈਠੇ, ਬਾਬੂ ਜੀ ਤਾਂ ਨਾਲ ਹੀ ਰਹੇ ਨੇ, ਇਨ੍ਹਾਂ ਦੇ ਮੇਰੇ ਨਾਲੋਂ ਜ਼ਿਆਦਾ ਯਾਦ ਨੇ। ਮੈਂ ਤਾਂ ਬਹੁਤ ਸਾਰੇ ਥਾਂ ਭੁੱਲ ਜਾਂਦਾ ਹਾਂ ਇਹ ਭੁੱਲਦੇ ਹੀ ਨਹੀਂ, ਤਰੀਕਾਂ ਵੀ ਦੱਸ ਦਿੰਦੇ ਨੇ, ਕੋਈ ਲਿਖਣ ਵਾਲਾ ਚਾਹੀਦਾ ਹੈ ਇਨ੍ਹਾਂ ਕੋਲ। ਉਥੇ ਮਹਾਰਾਜ ਜੀ ਜਿੱਥੇ ਬੈਠਦੇ ਹੁੰਦੇ, ਮੂਹਰੇ ਇੱਕ ਸੱਪ ਨੇ ਆ ਜਾਣਾ, ਕੋਬਰਾ ਨਾਗ ਰੋਜ਼ ਹੀ ਆ ਜਾਇਆ ਕਰੇ। ਸੇਵਾਦਾਰ ਦੇਖ ਲਿਆ ਕਰਨ। ਉਹ ਮਹਾਰਾਜ ਜੀ ਕੋਲ ਆ ਕੇ ਫਣ ਖਲਾਰ ਕੇ ਖੜ੍ਹਾ ਰਿਹਾ ਕਰੇ। ਇੱਕ ਦਿਨ ਬੇਨਤੀ ਕਰੀ ਕਿ ਮਹਾਰਾਜ ਜੀ! ਆਹ ਸੱਪ ਰੋਜ਼ ਆਉਂਦਾ ਹੈ ਤੁਹਾਡੇ ਕੋਲ। ਕਹਿੰਦੇ ਭਾਈ! ਦੁਖੀ ਹੈ ਇਹ ਨਿਸਤਾਰਾ ਚਾਹੁੰਦਾ ਹੈ ਆਪਣਾ, ਕੋਈ ਨਾ ਇੱਕ ਦੋ ਦਿਨ ਹੋਰ ਨੇ, ਸੰਗਤ ਦੇ ਦਰਸ਼ਨ ਕਰਨ ਦਾ ਫਲ ਇਹਨੂੰ ਪ੍ਰਾਪਤ ਹੋਣ ਵਾਲਾ ਹੀ ਹੇ ਤੇ ਤੀਸਰੇ ਦਿਨ ਕੀ ਦੇਖਦੇ ਨੇ, ਮਹਾਰਾਜ ਜੀ ਦੀ ਜਿਹੜੀ ਝੌਂਪੜੀ ਸੀ, ਝੌਂਪੜੀਆਂ ਪਾਈਆਂ ਹੁੰਦੀਆਂ ਸੀ ਸਿੱਧੀਆਂ ਹੀ ਤੇ ਉਹਦੇ ਪਿੱਛੇ ਸਿੱਧਾ ਸਤੋਰ ਪਿਆ ਮਰਿਆ ਹੋਇਆ ਕਾਲਾ ਨਾਗ। ਕਹਿੰਦੇ, ਮਹਾਰਾਜ! ਉਹ ਤਾਂ ਮਰ ਗਿਆ। ਮਹਾਰਾਜ ਜੀ ਕਹਿੰਦੇ, ਉਧਾਰ ਹੋ ਗਿਆ ਉਸਦਾ, ਜੂਨੀ 'ਚੋਂ ਛੁਟ ਗਿਆ। ਕਹਿੰਦੇ, ਮਹਾਰਾਜ ਜੀ! ਐਉਂ ਵੀ ਦਸ ਦਿਓ ਕੌਣ ਹੈ? ਕਹਿੰਦੇ ਕੀ ਲੈਣਾ ਹੈ ਤੁਸੀਂ ਭੇਤ ਖੋਲ੍ਹ ਕੇ। ਸਿੰਘ ਕਹਿਣ ਲੱਗੇ, ਨਹੀਂ ਮਹਾਰਾਜ ਜੀ ਦੱਸ ਦਿਓ, ਕ੍ਰਿਪਾ ਕਰੋ। ਕਹਿੰਦੇ, ਜਦੋਂ ਗੁਰੂ ਛੇਵੇਂ ਪਾਤਸ਼ਾਹ ਆਏ ਨੇ ਰਾੜੇ ਪਿੰਡ ਵਿੱਚ, ਜਿਹਦੇ ਨਾਉਂ 'ਤੇ ਰਾੜਾ ਸਾਹਿਬ ਬਣਿਆ ਹੈ। ਕਹਿੰਦੇ ਇਹ ਇਥੇ ਦੇ ਇਲਾਕੇ ਦਾ ਚੌਧਰੀ ਸੀ ਬੜਾ ਹੀ ਹੈਂਕੜ ਵਾਲਾ ਚੌਧਰੀ ਸੀ ਤੇ ਗੁਰੂ ਮਹਾਰਾਜ ਦਾ ਜਦ ਪਤਾ ਲੱਗਿਆ ਤਾਂ ਸੰਗਤ ਬੇਅੰਤ ਦਰਸ਼ਨ ਕਰਨ ਆਉਂਦੀ ਹੈ, ਇੱਕ ਦਿਨ ਇਹ ਵੀ ਆ ਗਿਆ ਤੇ ਨਾ ਇਹਨੇ ਨਮਸ਼ਕਾਰ ਕਰੀ ਗੁਰੂ ਮਹਾਰਾਜ ਨੂੰ ਆ ਕੇ, ਨਾ ਬਿਲਕੁਲ ਝੁਕਿਆ। ਸੰਤ ਤਾਂ ਨਹੀਂ ਕਹਿੰਦੇ ਕਿ ਸਾਨੂੰ ਕੋਈ ਝੁਕੋ। ਸੰਤ ਤਾਂ ਕਹਿੰਦੇ ਨਾ ਸਾਨੂੰ ਕੀ ਲੋੜ ਹੈ ਕਿਸੇ ਨੂੰ ਝੁਕਾਉਣ ਦੀ। ਆਪਣੀ ਗਰਜ਼ ਨੂੰ ਬੰਦਾ ਝੁਕਦਾ ਹੈ ਸੰਤਾਂ ਕੋਲ। ਪਰ ਇਹ ਨਾ ਝੁਕਿਆ, ਹੈਂਕੜ ਸੀ ਬਹੁਤ ਜ਼ਿਆਦਾ। ਹੈਂਕੜ ਹੋਣ ਦੇ ਨਾਲ ਮਰਨ ਤੋਂ ਬਾਅਦ ਇਹ ਸੱਪ ਬਣ ਗਿਆ, ਕਿਉਂਕਿ ਇਹਦੀ ਜਾਇਦਾਦ ਦੇ ਵਿੱਚ ਸੁਰਤ ਰਹਿ ਗਈ, ਓਸ ਵੇਲੇ ਦਾ ਇਹ ਦੁਖੀ ਹੁੰਦਾ ਫਿਰਦਾ ਹੈ ਤੇ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਨ ਦਾ ਫਲ ਇਹਨੂੰ ਅਜੇ ਮਿਲਣਾ ਸੀ। ਹੁਣ ਮਿਲ ਗਿਆ। ਹੁਣ ਦੇਹੀ ਛੱਡ ਗਿਆ। ਸੋ ਇਸ ਤਰ੍ਹਾਂ-

***ਨਾਨਕ ਕਚੜਿਆ ਸਿਉ ਤੋੜਿ***
***ਢੂਢਿ ਸਜਣ ਸੰਤ ਪਕਿਆ ॥***
***ਓਇ ਜੀਵੰਦੇ ਵਿਛੁੜਹਿ***
***ਓਇ ਮੁਇਆ ਨ ਜਾਹੀ ਛੋੜਿ ॥***

***ਅੰਗ - ੧੧੦੨***

ਸੋ ਦੁਖ ਦੂਰ ਕਰਦੇ ਨੇ -

***ਧਾਰਨਾ - ਜੀਅ ਕੇ ਦਾਤਾਰੇ ਜੀ,***
***ਦੁੱਖਾਂ ਨੂੰ ਦੂਰ ਕਰਦੇ।***

ਸੌ ਖਰਬ ਪਾਪ ਨੂੰ ਇੱਕ ਨਿਗ੍ਹਾਂ ਦੇ ਨਾਲ ਦੂਰ ਕਰਨ ਵਾਲੇ ਨੇ। ਸੋ ਮੈਂ ਬੇਨਤੀ ਕਰਦਾ ਸੀ ਕਿ ਸੁਲੇਮਾਨ ਆ ਕੇ ਰੋਇਆ ਕਿ ਮੈਨੂੰ ਮਹਾਰਾਜ ਕ੍ਰਿਪਾ ਕਰਕੇ ਇਸ ਸੰਕਟ 'ਚੋਂ ਕੱਢੋ, ਕਿਉਂਕਿ ਮੈਂ ਬੜਾ ਦੁਖੀ ਹੋ ਰਿਹਾ ਹਾਂ, ਹਜ਼ਾਰਾਂ ਸਾਲਾਂ ਦਾ ਦੁਖੀ ਹੋ ਰਿਹਾ ਹਾਂ। ਕੀ ਚਾਹੁੰਦਾ ਹੈਂ ਮਹਾਂਪੁਰਸ਼ਾਂ ਨੇ ਕਿਹਾ? ਕਹਿੰਦਾ ਨਜਾਤ ਚਾਹੁੰਦਾ ਹਾਂ। ਕਿਉਂਕਿ ਬੜੀ ਸਲੀਸ ਫਾਰਸੀ ਅਰ ਉਰਦੂ ਦੇ ਵਿਚਾਲੇ ਦੀ ਜ਼ੁਬਾਨ ਬੋਲਦਾ ਸੀ ਉਹ। ਮੈਂ ਪੜ੍ਹਿਆ ਹੋਇਆ ਸੀ, ਮੈਂ ਸਮਝਦਾ ਸੀ ਕਿ ਇਹ ਕੀ ਚਾਹੁੰਦਾ ਹੈ। ਮਹਾਰਾਜ ਕਹਿੰਦੇ, ਨਜਾਤ ਤਾਂ ਮਨੁੱਖ ਬਣ ਕੇ ਮਿਲਿਆ ਕਰਦੀ ਹੈ। ਉਹ ਤਾਂ ਕਹਿੰਦਾ ਸੀ ਕਿ ਭੂਤ ਤੋਂ ਮੇਰਾ ਖਹਿੜਾ ਛੁਟ ਜਾਏ, ਦਿਆਲੂ ਅੱਗੇ ਵੱਧ ਗਏ, ਸਿਰੇ ਹੀ ਲਾ ਦਿੱਤੀ ਗੱਲ। ਉਹ ਚਲਾਕ ਬੜਾ ਸੀ, ਉਹ ਸਮਝ ਲਿਆ ਕਿ ਮੈਨੂੰ ਮਨੁੱਖ ਬਣਾ ਦੇਣਗੇ। ਕਹਿੰਦਾ ਹਾਂ ਹਜ਼ੂਰ ਮੈਂ ਇਸੇ ਤਰ੍ਹਾਂ ਨਜ਼ਾਤ ਚਾਹੁੰਦਾ ਹਾਂ। ਮਹਾਰਾਜ ਕਹਿੰਦੇ, ਪਹਿਲਾਂ ਤਾਂ ਇਨਸਾਨ ਬਣਨਾ, ਫੇਰ ਕਰਮ ਕਰਨਾ ਹੈ, ਫੇਰ

ਉਪਾਸ਼ਨਾ, ਫੇਰ ਉਸ ਤੋਂ ਬਾਅਦ ਗਿਆਨ ਹੁੰਦਾ ਫੇਰ ਵਿਗਿਆਨ ਹੁੰਦਾ। ਚਾਰ ਅਵਸਥਾਵਾਂ 'ਚੋਂ ਲੰਘੇਂਗਾ ਫੇਰ ਤੈਨੂੰ ਨਜ਼ਾਤ ਪ੍ਰਾਪਤ ਹੋਏਗੀ ਤੇ ਕਹਿੰਦੇ ਤੈਨੂੰ ਚਰਨਜੀਤ ਸਿੰਘ ਦੇ ਘਰ ਭੇਜ ਦੇਈਏ। ਕਹਿੰਦਾ, ਦੇਖ ਆਉਣ ਦਿਓ ਮੈਨੂੰ। ਉਸੇ ਵੇਲੇ ਚਲਿਆ ਗਿਆ, ਕਹਿੰਦਾ ਜੀ ਉਥੇ ਤਾਂ ਕਾਰਾਂ ਹੀ ਬਹੁਤ ਨੇ, ਗੁਰਦੇਵ ਸਿੰਘ ਓਨੀਂ ਬੈਠੇ ਸੀ, ਇਹਨੇ ਐਉਂ ਗਰਦਨ ਕੱਢ ਕੇ ਦੇਖ ਲਿਆ, ਮਹਾਰਾਜ ਜੀ ਨੇ ਦੇਖ ਲਿਆ ਇਹਨੂੰ। ਕਹਿੰਦੇ, ਫੇਰ ਗੁਰਦੇਵ ਸਿੰਆਂ! ਤੇਰੇ ਘਰ ਭੇਜ ਦੇਈਏ, ੧੦-੧੨ ਸਾਲ ਦੀ ਲੜਕੀ ਹੋ ਗਈ ਸੀ, ਬਾਅਦ 'ਚ ਡਾਕਟਰਾਂ ਨੇ ਆਪਰੇਸ਼ਨ ਕਰਕੇ ਕਹਿ ਦਿੱਤਾ ਸੀ ਕਿ ਮੈਡੀਕਲੀ unfit ਹੈ, ਬੱਚਾ ਨਹੀਂ ਹੋ ਸਕਦਾ। ਮੈਡੀਕਲ ਸਾਇੰਸ ਸੰਤਾਂ ਦੇ ਕੋਲ ਨਹੀਂ ਖੜ੍ਹ ਸਕਦੀ, ਦੁਨੀਆਂ ਦੇ ਕੋਲ ਹੁੰਦੀ ਹੈ। ਹੈਰਾਨ ਹੋਵੋਂ ਜੇ ਤੁਹਾਨੂੰ ਗੱਲਾਂ ਦੱਸੀਏ ਐਹੋ ਜਿਹੀਆਂ ਕਿ ਆਹ ਵੀ ਗੱਲਾਂ ਹੋ ਸਕਦੀਆਂ ਨੇ।

ਇੱਥੇ ਆਪਣੇ ਇੱਕ ਬੀਬੀ ਆਈ, ਕਹਿੰਦੀ ਬਾਬਾ ਜੀ! ਮੇਰੀ ਇੱਕ ਅੱਖ ਬੰਦ ਹੋ ਗਈ, ਇਕ ਬੰਦ ਹੋਣ ਵਾਲੀ ਹੈ, ਬਲੱਡ ਪਰੈਸਰ ਮੈਨੂੰ ੨੪੦ ਹੈ, ਸ਼ੂਗਰ ਮੈਂ ਨੂੰ ੨੪੦, ਕਿਡਨੀ ਦੇ ਵਿੱਚ ਪੱਥਰੀ ਹੈ, ਢਿੱਡ ਦੇ ਵਿੱਚ ਰਸੌਲੀ ਹੈ ਤੇ ਰੀੜ੍ਹ ਦੀ ਹੱਡੀ ਕਰੈਕ ਹੋਈ ਹੋਈ ਹੈ। ਡਾਕਟਰਾਂ ਨੇ ਜਵਾਬ ਦੇ ਦਿੱਤਾ ਕਹਿੰਦੇ ਤੇਰੀਆਂ ਨਾੜਾਂ ਪਿਚਕ ਗਈਆਂ ਤੇਰੀਆਂ ਅੱਖਾਂ ਨਹੀਂ ਹੁਣ ਖੁੱਲ੍ਹ ਸਕਦੀਆਂ। ਕਹੀ ਗਈ ਮੈਨੂੰ ਕਹੀ ਗਈ, ਜਦ ਮੈਨੂੰ ਬਹੁਤ ਕਣਤਾਇਆ, ਮੈਂ ਕਿਹਾ ਤੂੰ ਗੁਰਦੁਆਰਾ ਸਾਹਿਬ (ਰਤਵਾੜਾ ਸਾਹਿਬ) ਜਾ ਕੇ ਬਾਣੀ ਪੜ੍ਹ, ਇੱਕ ਸਾਲ ਪੜ੍ਹੀ ਜਾਹ ਫੇਰ ਸਭ ਠੀਕ ਹੋ ਜਾਏਗਾ। ਬਲੱਡ ਪਰੈਸ਼ਰ ਤਾਂ ੧੦ ਦਿਨਾਂ 'ਚ ਸੈਟ ਹੋ ਗਿਆ, ਸ਼ੂਗਰ ਇੱਕ ਮਹੀਨੇ 'ਚ ਠੀਕ ਹੋ ਗਈ, ਜਦੋਂ ਪੀ.ਜੀ.ਆਈ ਦਿਖਾਉਣ ਗਈ, ਕਾਰਡ ਬਣਿਆ ਹੋਇਆ ਸੀ ਉਹਦਾ। ਕਹਿੰਦੇ ਬੀਬੀ ਕੀ ਦਵਾਈ ਲਈ ਹੈ ਤੇਰੀਆਂ ਦੋਵੇਂ ਬੀਮਾਰੀਆਂ ਹਟ ਗਈਆਂ। ਕਹਿੰਦੇ ਦਵਾਈ ਕੀ ਖਾਂਦੀ ਹੈਂ। ਕਹਿੰਦੀ ਰੋਟੀ ਖਾਣ ਤੋਂ ਬਾਅਦ ਗੁੜ ਮਿਲਦਾ ਹੈ, ਵਿਆਹ ਸ਼ਾਦੀ ਹੁੰਦੀ ਹੈ ਲੱਡੂ ਜਲੇਬੀ ਜ਼ਰੂਰ ਇਕ ਮਿਲ ਜਾਂਦੀ ਹੈ ਤੇ ਰੋਜ਼ ਪ੍ਰਸ਼ਾਦ ਮਿਲਦਾ ਹੈ। ਕਹਿੰਦੇ ਇਹਦੇ ਨਾਲ ਵੀ ਸ਼ੂਗਰ ਹਟਦੀ ਹੈ? ਕਹਿੰਦੀ, ਮੈਂ ਤਾਂ ਆਹੀ ਖਾਧਾ ਹੈ, ਹੋਰ ਕੋਈ ਦਵਾਈ ਨਹੀਂ ਖਾਧੀ। ਹੁੰਦੇ-ਹੁੰਦੇ ਨੌਂ ਮਹੀਨੇ ਲੰਘ ਗਏ, ਮੈਂ ਅਮਰੀਕਾ ਨੂੰ ਜਾ ਰਿਹਾ ਸੀ ਤੇ ਮੇਰੇ ਕੋਲ ਕਾਗਜ਼ 'ਚ ਵਲੇਟੀ ਹੋਈ ਪੁੜੀ ਬੰਨ੍ਹੀ ਹੋਈ ਲੈ ਕੇ ਆਈ, ਕਹਿੰਦੀ ਜੀ, ਪੱਥਰੀ ਤਿੰਨ ਟੁਕੜੇ ਹੋ ਕੇ ਨਿਕਲ ਗਈ। ਕਿਡਨੀ ਦੀ ਪੱਥਰੀ ਤਿੰਨ ਟੁਕੜੇ ਹੋ ਕੇ ਕੱਢ ਦਿੱਤੀ ਮਹਾਰਾਜ ਨੇ। ਪਰ ਇਹ ਵੀ ਸੀ ਉਹਦੇ ਵਿੱਚ ਕਿ ਜਦ ਤਕ ਦੋ ਵਜੇ ਉਠ ਕੇ ਪਾਠ ਨਹੀਂ ਸੀ ਕਰਦੀ, ਮੈਂ ਜਦ ਸੱਤ ਵਜੇ ਆਉਣਾ ਉਦੋਂ ਵੀ ਪਾਠ ਕਰ ਹੀ ਰਹੀ ਹੁੰਦੀ ਸੀ। ਬਾਣੀ ਦੀ ਤਾਕਤ ਦਸਦਾ ਹਾਂ ਤੁਹਾਨੂੰ। ਉਸ ਤੋਂ ਬਾਅਦ ਜਦ ਮੈਂ ਗਿਆ, ਤਿੰਨ ਬੀਮਾਰੀਆਂ ਦੂਰ ਹੋ ਗਈਆਂ। ਸ਼ੂਗਰ ਹਟ ਗਈ, ਇੱਕ ਅੱਖ ਦੀ ਨਿਗ੍ਹਾ ਖੁੱਲ੍ਹ ਗਈ, ਬਲੱਡ ਪਰੈਸ਼ਰ ਹਟ ਗਿਆ ਤੇ ਪੱਥਰੀ ਵੀ ਨਿਕਲ ਗਿਆ। ਜਦੋਂ ਮੈਂ ਅਮਰੀਕਾ 'ਚੋਂ ਮੁੜ ਕੇ ਇੰਗਲੈਂਡ ਆਇਆ, ਉਥੇ ਚਿੱਠੀ ਆਈ ਮੈਨੂੰ ਇਹਦੀ, ਕਹਿੰਦੀ ਵੀਰ ਜੀ! ਮੈਂ ਕਾਣੀ ਹੀ ਜਾਉਂਗੀ ਘਰ ਨੂੰ? ਮੈਨੂੰ ਬੜਾ ਤਰਸ ਆਇਆ। ਮੈਂ ਕਿਹਾ ਜਦ ਮਹਾਰਾਜ ਨੇ ਇੱਕ ਅੱਖ ਦੇ ਦਿੱਤੀ ਦੂਜੀ ਵੀ ਦੇ ਦੇਣ। ਮੈਂ ਚਿੱਠੀ ਲਿਖ ਦਿੱਤੀ ਕਿ ਤੂੰ ਜਾਈਂ ਨਾ ਮੇਰੇ ਆਏ ਬਿਨਾਂ। ਇੱਥੇ ਆਇਆ ਤਾਂ ਮੈਨੂੰ ਕਹਿਣ ਲੱਗੀ ਕਿ ਮੇਰੀ ਅੱਖ ਨਹੀਂ ਖੁੱਲ੍ਹੀ। ਮੈਂ ਕਿਹਾ ਤੂੰ ਚਾਰ ਮਹੀਨੇ ਹੋਰ ਰਹਿ। ੧੫ ਕੁ ਦਿਨ 'ਚ ਦੂਜੀ ਅੱਖ ਖੁਲ੍ਹ ਗਈ। ਦੋਵੇਂ ਅੱਖਾਂ ਸਾਬਤ, ਡਾਕਟਰ ਕਹਿੰਦੇ ਸੀ ਤੇਰੀਆਂ ਤਾਂ ਨਾੜਾਂ ਹੀ ਪਿਚਕ ਗਈਆਂ। ਇਹ ਖੁਲ੍ਹਣੀਆਂ ਹੀ ਨਹੀਂ। ਡਾਕਟਰ ਹੁਣ ਹੈਰਾਨ ਨੇ ਇਹ ਨਾੜਾਂ ਕਿਹਨੇ ਖੋਲ੍ਹ ਦਿੱਤੀਆਂ। ਪੱਥਰੀ ਦਾ ਆਪਰੇਸ਼ਨ ਕੀਹਨੇ ਕਰ ਦਿੱਤਾ, ਬਲੱਡ ਸ਼ੂਗਰ ਦੀ ਦਵਾਈ ਕੀਹਨੇ ਦੇ ਦਿੱਤੀ। ਉਹ ਦੋ ਮਹੀਨੇ 'ਚ ਖੁੱਲ੍ਹ ਗਈ। ਜਾ ਕੇ ਟੈਸਟ ਕਰਾਇਆ, ਕਹਿੰਦੀ ਵੀਰ ਜੀ! ਮੇਰੀ ਤਾਂ ਜਿਹੜੀ ਰਸੌਲੀ ਸੀ ਉਹ ਹੈ ਨਹੀਂ ਖਤਮ ਹੀ ਹੋ ਗਈ। ਮੈਂ ਕਿਹਾ, ਫੇਰ ਤਾਂ ਵਧੀਆਂ ਹੋ ਗਿਆ, ਹੁਣ ਤੂੰ ਦੋ ਮਹੀਨੇ ਹੋਰ ਨਾ ਜਾਈਂ। ਕਹਿੰਦੀ, ਰੀੜ੍ਹ ਦੀ ਹੱਡੀ ਚੈਕ ਕਰਾਉਣੀ ਹੈ। ਜਦ ਉੱਥੇ ਕਰਾਈ, ਉਹ ਕਹਿੰਦੇ ਕਰੈਕ ਹੈ ਹੀ ਨਹੀਂ, ਤੇਰੀ ਰੀੜ ਦੀ ਹੱਡੀ ਤਾਂ ਠੀਕ ਹੈ। ਦੋ ਮਹੀਨੇ 'ਚ ਜਦ ਠੀਕ ਹੋਈ ਤਾਂ ਜਦੇ ਘਰ ਦਾ ਮੋਹ ਜਾਗ ਪਿਆ ਕਿ ਚੱਲੀਏ, ਕਹਿੰਦੀ ਮੇਰੀ ਪੋਤੀ ਹੈ ਮੈਂ ਉਹਦਾ ਇਮਤਿਹਾਨ ਦਿਵਾਉਣਾ ਹੈ। ਮੈਂ ਕਿਹਾ ਚੰਗਾ ਜਾਹ। ਐਨਕ ਲਾ ਲਈ, ਡੇਢ ਨੰਬਰ ਦੀ ਲੱਗੀ ਐਨਕ। ਸਾਢੇ ਤਿੰਨ ਨੰਬਰ ਦੀ ਸੀ ਜਦ ਉਹਦੀ ਨਜ਼ਰ ਬੰਦ ਹੋਈ ਸੀ। ਕਹਿੰਦੀ ਡੇਢ ਨੰਬਰ ਲਗ ਗਿਆ, ਮੈਂ ਕਿਹਾ ਬੀਬੀ ਜੇ ਦੋ ਮਹੀਨੇ ਹੋਰ ਰਹਿੰਦੀ, ਗੁਰੂ ਨੇ ਅੱਖਾਂ ਤੈਨੂੰ ਨਵੀਆਂ ਦਿੱਤੀਆਂ ਸੀ, ਤੇਰੇ ਐਨਕ ਵੀ ਨਹੀਂ ਸੀ ਲਗਣੀ। ਬੱਚਿਆਂ ਵਰਗੀਆਂ ਅੱਖਾਂ ਦੇਣੀਆਂ ਸੀ। ਹੁਣ ਇਹਨੂੰ ਡਾਕਟਰ ਕੀ ਕਹਿੰਦੇ ਨੇ, ਪੁੱਛ ਲਓ। ਆਪ ਡਾਕਟਰ ਆਉਂਦੇ ਨੇ ਇੱਥੇ। ਸੋ ਇਹ ਬਾਣੀ ਦੇ ਅੰਦਰ ਬੇਅੰਤ ਸੱਤਿਆ ਹੈ ਇਹਨੂੰ ਕੋਈ ਕਹਿ ਨਹੀਂ ਸਕਦਾ।

ਸੋ ਗੁਰਦੇਵ ਸਿੰਘ ਉਨ੍ਹਾਂ ਨੇ ਮੈਡੀਕਲੀ ਆਪਰੇਸ਼ਨ ਕਰਾ ਲਿਆ ਸੀ, ਉਹ ਕਹਿੰਦੇ ਸੀ ਹੁਣ ਇਹਦੇ ਹੋਰ ਬੱਚਾ ਨਹੀਂ ਹੋਣਾ। ਓਧਰ ਮਹਾਰਾਜ ਜੀ ਕਹਿੰਦੇ ਤੇਰੇ ਘਰ ਭੇਜ ਦੇਈਏ, ਇਹ ਕਹਿੰਦਾ ਹਾਂ ਭੇਜ ਦਿਓ। ਐਨੇ ਨੂੰ ਮੈਂ ਆ ਗਿਆ, ਅਸੀਂ ਰਾਤ ਨੂੰ ਇਕੱਠੇ ਹੀ ਸੌਏ ਸੀ। ਰਾਤ ਨੂੰ ਪਏ ਤਾਂ ਮੰਜਾ ਸਾਡਾ ਨਾਲ-ਨਾਲ ਸੀ। ਇਹ ਉਭੜਵਾਹੇ ਉੱਠੀ ਜਾਵੇ। ਮੈਂ ਕਿਹਾ ਗੁਰਦੇਵ ਸਿੰਆਂ! ਤੂੰ ਅੱਜ ਉਭੜਵਾਹੇ ਕਿਉਂ ਉੱਠੀ ਜਾਂਦਾ ਹੈ। ਕਹਿੰਦਾ, ਪਤਾ ਨਹੀਂ ਮੇਰੇ ਉੱਤੇ ਵਜ਼ਨ ਪੈ ਜਾਂਦਾ ਹੈ। ਜਦ ਅਸੀਂ ਸਵੇਰੇ ਹੀ ਗਏ, ਉਹ ਮੁੰਡਾ ਸਾਨੂੰ ਫੇਰ ਮਿਲ ਗਿਆ ਮੋਹਨ ਸਿੰਘ। ਉਹ ਮੈਨੂੰ ਦੇਖਦੇ ਸਾਰ ਫੇਰ ਆ ਗਿਆ, ਹੱਸਿਆ ਬੜੀ ਜ਼ੋਰ ਦੀ। ਮੈਂ ਕਿਹਾ, ਸੁਲੇਮਾਨ! ਕੀ ਗੱਲ ਹੱਸਦਾ ਹੈਂ? ਕਹਿੰਦਾ, ਰਾਤ ਪਿਤਾ ਜੀ ਕੋ ਨਮਸ਼ਕਾਰ ਕਰਨੇ ਗਿਆ ਸੀ, ਤਿੰਨ ਵਾਰੀ। ਉਠ ਕੇ ਬਹਿ ਜਾਂਦੇ ਸੀ। ਅਖੀਰ ਸਾਧਸੰਗਤ! ਇਹਦੇ ਬਾਰੇ ਬੜੀਆਂ ਗੱਲਾਂ ਨੇ ਸਾਧਸੰਗਤ ਜੀ। ਅਖੀਰ ਕਿੰਨਿਆਂ ਦੇ ਮਨ ਡੋਲ ਗਏ ਕਿ ਜੇ ਲੜਕੀ ਹੋ ਗਈ, ਸਾਰੀ ਸੰਗਤ ਦੇ ਸਾਮ੍ਹਣੇ ਮਹਾਰਾਜ ਨੇ ਕਹਿ ਦਿਤਾ। ਜੇ ਭਲਾ ਪ੍ਰੇਤ ਆਇਆ ਹੀ ਨਾ ਫੇਰ ਕੀ ਹੋਏਗਾ? ਕਈ ਕਹਿਣ ਕਿ ਆਪਾਂ ਨੂੰ ਦਸਣਾ ਚਾਹੀਦਾ ਸੀ ਮਹਾਰਾਜ ਜੀ ਨੂੰ ਕਿ ਇਹਦਾ ਤਾਂ ਆਪਰੇਸ਼ਨ ਹੋਇਆ-ਹੋਇਆ ਹੈ ਬੱਚਾ ਹੋ ਨਹੀਂ ਸਕਦਾ। ਬੜੀ ਗਲਤੀ ਕਰੀ। ਇਕ ਬੰਦਾ ਮੈਨੂੰ ਕਹਿੰਦਾ ਬੜੀ ਪੜਦੇ 'ਚ ਰੱਖਣ ਵਾਲੀ ਗੱਲ ਹੈ ਕਿ ਜੇ ਲੜਕੀ ਹੋ ਗਈ, ਫੇਰ ਕੀ ਕਰਾਂਗੇ ਆਪਾਂ। ਮੈਂ ਕਿਹਾ, ਤੁਹਾਨੂੰ ਵਿਸ਼ਵਾਸ਼ ਹੀ ਨਹੀਂ? ਤੁਸੀਂ ਨਾਲ ਗੜਵੇ ਚੁੱਕੀਂ ਫਿਰਦੇ ਓਂ, ਤੁਸੀਂ ਮਹਾਤਮਾ ਨੂੰ ਸਮਝਦੇ ਕੀ ਓਂ? ਸੰਤਾਂ ਦਾ ਤਾਂ ਬਚਨ ਹੋ ਗਿਆ, ਫੇਰ ਟਲਿਆ ਨਹੀਂ ਕਰਦਾ। ਰੱਬ ਨੂੰ ਫੇਰ ਸਾਰੀ ਕੁਦਰਤ ਬਦਲਣੀ ਪੈਂਦੀ ਹੈ, ਅਖੀਰ ਅੱਜ ਇਹ ਮੈਨੂੰ ਮਿਲੇ ਨੇ ਇਨ੍ਹਾਂ ਨੇ ਦੱਸਿਆ ਕਿ ਲੜਕਾ

ਬੀ.ਏ. 'ਚ ਪੜ੍ਹਦਾ ਹੈ। ਉਹਨੇ ਮੈਨੂੰ ਇੱਕ ਗੱਲ ਕਹੀ ਸੀ ਕਿ ਜਦ ਮੈਂ ਪੰਜ ਸਾਲ ਦਾ ਹੋ ਜਾਵਾਂ, ਤੁਸੀਂ ਮੈਨੂੰ ਇਹ ਸਾਰੀ ਕਹਾਣੀ ਸੁਣਾਉਣਾ। ਮੇਰੇ ਤੋਂ ਪਹਿਲਾਂ ਹੀ ਲੋਕਾਂ ਨੇ ਸੁਣਾ ਦਿੱਤੀ। ਮੈਂ ਤਾਂ ਹਾਲਾਂ ਤੱਕ ਉਹਨੂੰ ਮਿਲਿਆ ਵੀ ਨਹੀਂ। ਸੋ ਇਸ ਤਰ੍ਹਾਂ -

***ਕੋਟਿ ਕੋਟਿ ਅਘ ਕਾਟਨਹਾਰਾ ॥***
***ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ॥***
***ਅੰਗ - ੩੯੨***

ਸੋ ਇਨ੍ਹਾਂ ਦਾ ਕਹਿਆ ਹੋਇਆ ਪ੍ਰਮੇਸ਼ਰ ਮੰਨਦਾ ਹੈ -

***ਧਾਰਨਾ - ਮੰਨੇ ਵਾਹਿਗੁਰੂ ਕੀਤਾ ਆਪਣੇ ਸੰਤਾਂ ਦਾ।***

***ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ***
***ਓਇ ਰਾਮ ਨਾਮ ਰੰਗਿ ਰਾਤੇ ॥***
***ਤਿਨ੍ ਕੀ ਸੋਭਾ ਸਭਨੀ ਥਾਈ***
***ਜਿਨ੍ ਪ੍ਰਭ ਕੇ ਚਰਣ ਪਰਾਤੇ ॥***
***ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ ॥***
***ਭਗਤਾ ਬਣਿ ਆਈ ਪ੍ਰਭ ਅਪਨੇ ਸਿਉ***
***ਜਲਿ ਥਲਿ ਮਹੀਅਲਿ ਸੋਈ ॥ ਅੰਗ - ੭੪੮***

ਅਸੀਂ ਲਾਹੌਰ ਗਏ ਹੋਏ, ਧਰਮਪੁਰੇ ਸ਼ਮਸ਼ਾਨ ਭੂਮੀ 'ਚ ਸਾਡਾ ਡੇਰਾ ਲੱਗਿਆ ਹੋਇਆ ਸੀ। ਉਨ੍ਹਾਂ ਦਿਨਾਂ 'ਚ ਮਹਾਰਾਜ ਜੀ ਦੀ ਸੇਵਾ 'ਚ ਇੰਦਰ ਸਿੰਘ ਹੁੰਦਾ, ਫੇਰ ਬਾਬੂ ਜੀ ਆਏ ਸੀ, ਫੇਰ ਇੱਕ ਹੋਰ ਪ੍ਰੇਮੀ ਰਜਿੰਦਰ ਸਿੰਘ ਆਇਆ ਸੀ ਤਾਂ ਮਹਾਰਾਜ ਜੀ ਦੇ ਮੈਂ ਬਹੁਤਾ ਹੀ ਨੇੜੇ ਰਹਿੰਦਾ ਹੁੰਦਾ, ਜਿੱਥੇ ਉਨ੍ਹਾਂ ਨੇ ਪੈਣਾ ਮੰਜੇ ਦੇ ਕੋਲ ਕਹਿ ਦੇਣਾ ਕਿ ਸਫ 'ਤ ਤੂੰ ਪੈ ਜਾ। ਉਥੇ ਮਹਿੰਦਰ ਸਿੰਘ ਸੀਗਾ, ਮਸਤਾਨਾ ਉਹਨੂੰ ਕਹਿੰਦੇ ਹੁੰਦੇ ਸੀ, ਉਹਦੇ ਓਲਾਦ ਨਹੀਂ ਸੀ ਹੁੰਦੀ। ਬੀਬੀਆਂ ਨੇ ਬੀਬੀ ਨੂੰ ਲਿਆਂਦਾ, ਮਹਾਰਾਜ ਜੀ ਬੜੀ ਮੌਜ ਵਿੱਚ ਬੈਠੇ ਨੇ। ਕਹਿਣ ਲੱਗੀਆਂ, ਮਹਾਰਾਜ ਜੀ! ਬੇਨਤੀ ਹੈ ਕਿ ਇਹਦਾ ਘਰਵਾਲਾ ਸੇਵਾ ਬਹੁਤ ਕਰਦਾ ਹੈ, ਪਰ ਓਲਾਦ ਨਹੀਂ ਹੈ। ਮਹਾਂਪੁਰਸ਼ ਮੌਜ ਵਿੱਚ ਬੈਠੇ ਸੀ, ਉਂਗਲੀ ਖੜ੍ਹੀ ਕਰ ਲਈ। ਕਹਿੰਦੇ ਇੱਕ, ਉਹ ਬੋਲੀਆਂ ਹੀ ਨਾ, ਕਹਿੰਦੇ ਦੋ, ਫੇਰ ਨਾ ਬੋਲੀਆਂ, ਕਹਿੰਦੇ ਤਿੰਨ, ਚਾਰ, ਪੰਜ, ਛੇ, ਜਦ ਸੱਤ ਕਿਹਾ ਕਹਿੰਦੇ ਸੰਭਾਲੇਂਗੀ ਕਿਵੇਂ, ਹੁਣ ਨਾਂਹ ਕਹਿ ਦੇ। ਸੱਤ ਮੁੰਡੇ ਹੋਏ। ਮਹਾਂਪੁਰਸ਼ਾਂ ਨੇ ਕਹਿੰਦੇ ਗਿਣੀ ਜਾਣਾ।

ਇਵੇਂ ਜਿਵੇਂ ਇੱਕ ਬਖਸ਼ੀਸ਼ ਸਿੰਘ ਨੇ, ਅੱਜਕਲ੍ਹ ਲੰਡਨ 'ਚ ਨੇ। ਉਹ ਵੀ ਪੁੱਤਰ ਦੀ ਦਾਤ ਮੰਗਣ ਲਗ ਗਏ। ਮਹਾਰਾਜ ਜੀ ਇੱਕ ਦੋ ਗਿਣਨ ਲਗ ਗਏ, ਸੱਤ 'ਤੇ ਜਾ ਕੇ ਉਹਨੇ ਕਿਹਾ ਬੱਸ ਜੀ, ਬੱਸ ਜੀ ਬਹੁਤ ਨੇ। ਇਹ ਤਾਂ ਸਾਡੇ ਤੋਂ ਮਸਾਂ ਸਾਂਭੇ ਜਾਣੇ ਨੇ। ਕਿਉਂਕਿ ਮਹਾਂਪੁਰਸ਼ਾਂ ਦੀ ਮੌਜ ਹੈ -

***ਕੋਟਿ ਅਪ੍ਰਾਧੀ ਸੰਤਸੰਗਿ ਉਧਰੈ***
***ਜਮੁ ਤਾ ਕੈ ਨੇੜਿ ਨ ਆਵੈ ॥***
***ਜਨਮ ਜਨਮ ਕਾ ਬਿਛੁੜਿਆ ਹੋਵੈ***
***ਤਿਨ੍ ਹਰਿ ਸਿਉ ਆਣਿ ਮਿਲਾਵੈ ॥ ੨ ॥***
***ਮਾਇਆ ਮੋਹ ਭਰਮੁ ਭਉ ਕਾਟੈ***
***ਸੰਤ ਸਰਣਿ ਜੋ ਆਵੈ ॥***
***ਜੇਹਾ ਮਨੋਰਥੁ ਕਰਿ ਆਰਾਧੇ***
***ਸੋ ਸੰਤਨ ਤੇ ਪਾਵੈ ॥***
***ਜਨ ਕੀ ਮਹਿਮਾ ਕੇਤਕ ਬਰਨਉ***
***ਜੋ ਪ੍ਰਭ ਅਪਨੇ ਭਾਣੇ ॥***
***ਕਹੁ ਨਾਨਕ ਜਿਨ ਸਤਿਗੁਰੁ ਭੇਟਿਆ***
***ਸੇ ਸਭ ਤੇ ਭਏ ਨਿਕਾਣੇ ॥ ਅੰਗ - ੭੪੮***

ਸੋ ਇਹ ਚੀਜ਼ਾਂ ਤਾਂ -

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ***
***ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥***
***ਅੰਗ - ੬੪੯***

ਸੰਤਾਂ ਕੋਲ ਵੱਡੀ ਚੀਜ਼ ਜਿਹੜੀ ਹੁੰਦੀ ਹੈ, ਉਹ ਹੁੰਦੀ ਹੈ ਕਿ ਕਰੋੜਾਂ ਜਨਮਾਂ ਤੋਂ ਭਟਕਦੇ ਹੋਏ ਜੀਵਾਂ ਨੂੰ ਇਹਦੇ ਵਿਚੋਂ ਕੱਢ ਦੇਣਾ।

ਇੱਕ ਦਿਨ ਮਹਾਰਾਜ ਜੀ ਅੰਤ ਸਮਾਂ ਜਦੋਂ ਨੇੜੇ ਆ ਗਿਆ, ਤਾਂ ਲੰਡਨ, ਵੂਲਵਰ ਹੈਂਪਟਨ ਵਾਲਿਆਂ ਨੇ ਉਨ੍ਹਾਂ 'ਤੇ ਇੱਕ ਸਵਾਲ ਕਰ ਦਿੱਤਾ ਐਸ ਤਰ੍ਹਾਂ ਦਾ -

***ਧਾਰਨਾ - ਮੈਨੂੰ ਦੱਸਿਓ ਪਿਆਰਿਓ***
***ਅੱਗੇ ਮੇਲਾ ਕਿਵੇਂ ਹੋਵੇ।***

ਸਵਾਲ ਅੰਦਰ ਹੈ ਗੁਰਬਾਣੀ ਦੇ ਅੰਦਰ -

***ਸਭਨਾ ਮਰਣਾ ਆਇਆ ਵੇਛੋੜਾ ਸਭਨਾਹ ॥***
***ਪੁਛਹੁ ਜਾਇ ਸਿਆਣਿਆ ਆਗੈ ਮਿਲਣੁ***
***ਕਿਨਾਹ ॥ ਅੰਗ - ੫੯੫***

ਸਾਰਿਆਂ ਨੇ ਸੰਸਾਰ ਤੋਂ ਜਾਣਾ ਹੈ ਤੇ ਸਾਰਿਆਂ ਦਾ ਵਿਛੋੜਾ ਹੋਣਾ ਹੈ। ਹੁਣ ਜੇ ਪਿਆਰਿਆਂ ਨਾਲ ਹੋਵੇ -

***ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥***
***ਅੰਗ - ੭੨੯***

ਸੱਜਣ ਤਾਂ ਚੱਲੇ ਪਿਆਰਿਆ ਤੇ ਅੱਗੇ ਮੇਲਾ ਕਿਵੇਂ ਹੋਵੇ।

***ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥***
***ਅੰਗ - ੭੨੯***

***ਸਭਨਾ ਮਰਣਾ ਆਇਆ ਵੇਛੋੜਾ ਸਭਨਾਹ ॥***
***ਪੁਛਹੁ ਜਾਇ ਸਿਆਣਿਆ ਆਗੈ ਮਿਲਣੁ***
***ਕਿਨਾਹ ॥ ਅੰਗ - ੫੯੫***

ਜਾ ਕੇ ਪੁਛੋ ਹੁਣ ਸਿਆਣਿਆਂ ਨੂੰ, ਸੰਤਾਂ ਨੂੰ ਪੁਛੋ ਕਿ ਅੱਗੇ ਮੇਲਾ ਵੀ ਹੋ ਜਾਂਦਾ ਹੈ, ਅਸੀਂ ਤਾਂ ਉਨ੍ਹਾਂ ਦੀ ਯਾਦ ਮਨਾ ਰਹੇ ਹਾਂ। ਇਹਦੇ ਵਿੱਚ ਅਸੀਂ ਰੁਲ ਜਾਵਾਂਗੇ ਕਿ ਮਿਲ ਵੀ ਜਾਵਾਂਗੇ। ਮਹਾਂਪੁਰਸ਼ ਕਹਿਣ ਲੱਗੇ, ਦੇਖੋ ਰਸਤਾ ਜਾਂਦਾ ਹੈ, ਸਰੀਰ ਦਾ ਤਾਂ ਨਹੀਂ ਮਿਲਾਪ ਹੋਣਾ, ਇਹ ਤਾਂ ਇੱਥੇ ਹੀ ਤੁਹਾਡੇ ਸਾਮ੍ਹਣੇ ਹੀ ਰਹਿ ਜਾਣਾ ਹੈ। ਲੇਕਿਨ ਇਹਦੇ ਵਿੱਚ ਜੋ ਸ਼ਬਦ ਵਰਤ ਰਿਹਾ ਹੈ, ਉਹਦਾ ਮਿਲਾਪ ਹੋ ਜਾਏਗਾ। ਕਿਉਂਕਿ ਅਸਲ ਚੀਜ਼ ਸ਼ਬਦ ਹੀ ਹੈ ਉਹਨੂੰ ਆਤਮਾ ਕਹਿ ਲਓ, ਸ਼ਬਦ ਕਹਿ ਲਓ ਇੱਕੋ ਹੀ ਗੱਲ ਹੈ ਕਿਉਂਕਿ -

***ਨਿਰੰਕਾਰ ਆਕਾਰੁ ਹੋਇ ਏਕੰਕਾਰੁ***
***ਅਪਾਰੁ ਸਦਾਇਆ॥***
***ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ***
***ਬਣਾਇਆ॥ ਭਾਈ ਗੁਰਦਾਸ ਜੀ, ਵਾਰ ੨੬/੨***

ਜਿੰਨੇ ਆਕਾਰ ਨੇ, ਮਹਾਰਾਜ ਨੇ ਸਭ ਤੋਂ ਪਹਿਲਾਂ '੧' ਪਾਇਆ, ਉਸ ਤੋਂ ਬਾਅਦ 'ਓਅੰਕਾਰ' ਪਾਇਆ। ਹੁਣ ਇਹ ਓਅੰਕਾਰ ਸ਼ਬਦ ਹੈ। ਗੁਰੂ ਦਸਵੇਂ ਪਾਤਸ਼ਾਹ ਲਿਖਦੇ ਨੇ ਕਿ -

***ਪ੍ਰਥਮ ਓਅੰਕਾਰ ਤਿਨ ਕਹਾ***
***ਸੋ ਧੁਨ ਪੂਰ ਜਗਤ ਮੋ ਰਹਾ।***

ਜਿਹੜੀ ਵਾਹਿਗੁਰੂ ਦੀ ਆਵਾਜ਼ ਸੀ ਨਾ ਓਅੰਕਾਰ ਦੀ, ਉਹ ਚੇਤਨ ਆਵਾਜ਼ ਸਭ ਕੁਛ, ਕਿਉਂਕਿ ਰੂਪ ਧਾਰਿਆ ਸ਼ਬਦ

ਦਾ ਅਕਾਲ ਪੁਰਖ ਨੇ। ਇਸ ਦਾ ਪਤਾ ਨਹੀਂ ਲਗਦਾ, ਈਸਾਈ ਲਿਖਦੇ ਨੇ When there was no creation, there was logas. ਸ਼ਬਦ ਦੀ ਓਸ ਵੇਲੇ ਜਦੋਂ ਕੁਛ ਨਹੀਂ ਸੀਗਾ। ਲੇਕਿਨ ਗੁਰੂ ਨਾਨਕ ਕਹਿੰਦੇ ਨਹੀਂ ਜਦੋਂ ਏਕੰਕਾਰ ਅਵਸਥਾ 'ਚੋਂ ਨਿਰੰਕਾਰ ਤੋਂ ਏਕੰਕਾਰ, ਏਕੰਕਾਰ ਤੋਂ ਓਅੰਕਾਰ ਦਾ ਜਦੋਂ ਸਰੂਪ ਧਾਰਿਆ ਤਾਂ ਤਿੰਨੋ ਹੀ ਕਾਇਮ ਸੀਗੇ, ਆਪਣੀ-ਆਪਣੀ ਅਵਸਥਾ 'ਚ, ਇੱਕੋ ਹੀ ਸੀ, ਦੋ ਨਹੀਂ ਸੀ। ਸਮੁੰਦਰ ਉਛਲਿਆ, ਲਹਿਰਾਂ ਉਛਲਣ ਲਗ ਗਈਆਂ, ਲਹਿਰਾਂ ਨੂੰ ਸਮੁੰਦਰ ਤੋਂ ਬਾਹਰ ਕਿਵੇਂ ਕਹੋਂਗੇ। ਕਹਿੰਦੇ, ਓਅੰਕਾਰ ਨੇ ਆਕਾਰ ਬਣਾ ਲਏ, ਅਨੇਕਾਂ ਜਿਵੇਂ ਸਮੁੰਦਰ ਉੱਛਲ ਕੇ ਲਹਿਰਾਂ ਬਣਦੀਆਂ ਨੇ, ਐਉਂ ਕਰੋੜਾਂ ਬ੍ਰਹਿਮੰਡ ਬਣਦੀਆਂ ਨੇ, ਐਉਂ ਕਰੋੜਾਂ ਬ੍ਰਹਿਮੰਡ ਬਣ ਗਏ।

***ਓਅੰਕਾਰਿ ਬ੍ਰਹਮਾ ਉਤਪਤਿ ॥***
***ਓਅੰਕਾਰੁ ਕੀਆ ਜਿਨਿ ਚਿਤਿ ॥***
***ਓਅੰਕਾਰਿ ਸੈਲ ਜੁਗ ਭਏ ॥***
***ਓਅੰਕਾਰਿ ਬੇਦ ਨਿਰਮਏ ॥ ਅੰਗ- ੯੩੦***

ਆਹ ਜਿਹੜੀ ਸਾਰੀ ਪ੍ਰਕ੍ਰਿਤੀ ਹੈ ਉਹ ਓਅੰਕਾਰ ਸ਼ਬਦ ਤੋਂ ਹੋਈ ਹੈ, ਸਾਇੰਸ ਕਹਿੰਦੀ ਹੈ ਕਿ ਇਕ ਵੱਡਾ ਧਮਾਕਾ ਹੋਇਆ ਸੀ, big bang, ਲੇਕਿਨ big bang ਤਾਂ, ਤਾਂ ਹੋਇਆ ਜਦੋਂ ਪ੍ਰਾਕ੍ਰਿਤੀ ਬਣੀ, ਪ੍ਰਾਕ੍ਰਿਤੀ ਤੋਂ ਪਹਿਲਾਂ ਨਿਰੰਕਾਰ ਸ਼ਬਦ ਰੂਪ ਦੇ ਵਿੱਚ ਸੀ, ਉਹ ਸ਼ਬਦ ਰੂਪ ਦੇ ਵਿੱਚ ਜਦੋਂ ਅਸੀਂ ਸ਼ਬਦ ਰੂਪ ਹੋ ਜਾਂਦੇ ਹਾਂ, ਸ਼ਬਦ ਰੂਪ ਹੋ ਕੇ ਮਿਲਾਪ ਹੁੰਦਾ ਹੈ, ਹੁਣ ਕਿਵੇਂ ਹੁੰਦਾ ਹੈ, ਉਥੇ ਸਾਡੀ ਸੁਰਤ ਖਤਮ ਹੋ ਜਾਂਦੀ ਹੈ, ਆਹ ਜਿਹੜੀ ਹਉਮੈ ਦੀ ਸੁਰਤ ਹੈ ਇਹ ਤਾਂ ਖਤਮ ਹੋ ਜਾਂਦੀ ਹੈ। ਇਹਨੂੰ ਤਾਂ ਮਹਾਰਾਜ ਕਹਿੰਦੇ ਨੇ ਕਿ 'ਭੋਲਿਆ ਹਉਮੈ ਸੁਰਤਿ ਵਿਸਾਰ' ਜਿਹੜੀ ਆਤਮਕ ਵਿਸ਼ੈਣੀ ਬੁੱਧੀ ਜਾਗਣੀ ਹੈ ਸਾਡੇ ਅੰਦਰ ਉਹ ਨਹੀਂ ਨਾਸ਼ ਹੋਇਆ ਕਰਦੀ। ਉਹਦਾ ਮਿਲਾਪ ਹੋ ਜਾਂਦਾ ਹੈ, ਮਿਲਾਪ ਕੀ ਹੁੰਦਾ ਹੈ, ਇੱਕੋ ਹੀ ਹੋ ਜਾਂਦੇ ਨੇ।

***ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ ॥***
***ਸੋਈ ਫਿਰਿ ਕੈ ਤੂ ਭਇਆ***
***ਜਾ ਕਉ ਕਹਤਾ ਅਉਰੁ ॥ ਅੰਗ - ੧੩੬੯***

ਸੋ ਮਹਾਰਾਜ ਕਹਿਣ ਲੱਗੇ ਕਿ ਦੇਖੋ, ਰਸਤਾ ਹੈ, ਰਸਤੇ-ਰਸਤੇ ਚਲੇ ਚੱਲੋ, ਫੇਰ ਆ ਜਾਓਂਗੇ। ਮਹਾਰਾਜ ਕਿਵੇਂ ਹੈ? ਕਹਿੰਦੇ ਪਹਿਲਾਂ ਅੰਮ੍ਰਿਤ ਛਕੋ। ਪੰਜ ਪਿਆਰਿਆਂ ਤੋਂ ਨਾਮ ਲਓ। ਪੰਜ ਬਾਣੀਆਂ ਦਾ ਪਾਠ ਕਰੋ। ਜਿੰਨਾਂ ਕਰ ਸਕਦੇ ਓਂ ਵੱਧ ਤੋਂ ਵੱਧ ਕਰੋ, ਫੇਰ ਤੁਸੀਂ ਮੂਲਮੰਤਰ ਦਾ ਪਾਠ ਕਰੋ -

***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ***
***ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥***
***॥ ਜਪੁ ॥***
***ਆਦਿ ਸਚੁ ਜੁਗਾਦਿ ਸਚੁ ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥***

ਇਹ ਮਨ ਨੂੰ ਐਨ ਸਰਲ ਕਰ ਲਓ ਜਿਵੇਂ ਖਾਲ ਮਾਂਜੀਦਾ ਹੈ ਨਾ ਪਾਣੀ ਤੋਰਨ ਵਾਸਤੇ, ਮੂਲਮੰਤਰ ਨਾਲ ਤੇ ਬਾਣੀਆਂ ਦੇ ਨਾਲ ਖਾਲਾ ਮਾਂਜ ਲਓ। ਫੇਰ ਇਹਦੇ 'ਚ ਵਾਹਿਗੁਰੂ ਮੰਤਰ ਦਾ ਜਾਪ ਸ਼ੁਰੂ ਕਰ ਦਿਓ। ਜੇ ਨਹੀਂ ਹੁੰਦਾ ਪਹਿਲਾਂ-ਪਹਿਲਾਂ ਤਾਂ ਮਾਲਾ ਨਾਲ ਸ਼ੁਰੂ ਕਰ ਦਿਓ। ਢਾਈ ਮਾਲਾ ਫੇਰੋ ਗਿਣ ਕੇ, ਇੱਥੇ ਹੀ ਬਸ ਨਾ ਕਰੋ, ਕਿਉਂਕਿ ਇੱਕ ਵਾਰੀ ਮਹਾਤਮਾ ਨੇ ਅਵਾਜ਼ ਦੇ ਦਿੱਤੀ, ਬਈ ਨਮਾਜ਼ ਪੜ੍ਹਨ ਵਾਲੇ ਕਾਫਰ, ਨਾ ਪੜ੍ਹਨ ਵਾਲੇ ਮੋਮਨ। ਬਾਦਸ਼ਾਹ ਦੇ ਪੇਸ਼ ਕਰ ਦਿੱਤਾ ਫਕੀਰ ਨੂੰ ਕਿ ਤੂੰ ਇਹ ਕਿਵੇਂ ਸ਼ਰ੍ਹਾ ਤੋਂ ਉਲਟ ਗੱਲ ਕਹਿੰਦਾ ਹੈਂ।

ਕਹਿੰਦੇ, "ਬਾਦਸ਼ਾਹ! ਤੇਰੇ ਕਿੰਨੇ ਪੁੱਤਰ ਨੇ?"

ਕਹਿੰਦਾ, "ਦੋ।"

ਕਹਿੰਦੇ, "ਵੱਡਾ ਕਿੱਥੇ ਹੈ?"

ਕਹਿੰਦੇ, "ਉਹ ਤਾਂ ਬਾਹਰ ਪ੍ਰਦੇਸ 'ਚ ਹੈ।

ਕਹਿੰਦੇ, "ਛੋਟਾ, ਮੇਰੇ ਕੋਲ ਹੈ।"

ਕਹਿੰਦੇ, "ਬਹੁਤਾ ਯਾਦ ਤੇਰੇ ਕਿਹੜਾ ਰਹਿੰਦਾ ਹੈ ਤੇ ਵੱਡਾ ਪੁੱਤਰ ਤੇਰੇ ਕਿੰਨੀ ਵਾਰ ਯਾਦ ਆਉਂਦਾ ਹੈ?"

ਕਹਿੰਦਾ, "ਵੱਡਾ ਤਾਂ ਦੋ ਚਾਰ ਵਾਰੀ ਯਾਦ ਆਉਂਦਾ ਹੈ। ਛੋਟਾ ਤਾਂ ਮੇਰੇ ਹਰ ਵਕਤ ਹੀ ਯਾਦ ਰਹਿੰਦਾ ਹੈ।"

ਕਹਿੰਦੇ, "ਫੇਰ ਰੱਬ ਜਿਹੜਾ ਪਰੀਪੂਰਨ ਹੈ, ਉਹਨੂੰ ਪੰਜ ਵਾਰੀ ਹੀ ਸਿਰਫ ਯਾਦ ਕਰਦਾ ਹੈਂ ਕਾਫਰ ਹੋਇਆ ਕਿ ਨਾ ਹੋਇਆ?"

ਜਿਹੜਾ ਮੋਮਨ ਹੈ ਉਹ ਹਰ ਵਕਤ ਯਾਦ ਰਖਦਾ ਹੈ ਪ੍ਰਮੇਸ਼ਰ ਨੂੰ। ਸਾਰੇ ਵੇਲੇ ਵਾਹਿਗੁਰੂ ਦੇ ਨਾਮ ਦੇ ਨੇ ਲੇਕਿਨ ਸੁਭਾਅ ਪਾਉਣ ਵਾਸਤੇ ਢਾਈ ਮਾਲਾ ਘੱਟ ਤੋਂ ਘੱਟ ਜ਼ਰੂਰ ਕਰਨੀਆਂ ਚਾਹੀਦੀਆਂ ਨੇ। ਮਾਲਾ ਹੱਥ 'ਚੋਂ ਨਿਕਲ ਜਾਇਆ ਕਰਦੀ ਹੈ, ਅਵਸਥਾ ਆਉਂਦੀ ਹੈ, ਫੇਰ ਨਾਮ ਰਸਨਾ 'ਤੇ ਆ ਜਾਂਦਾ ਹੈ। ਰਸਨਾ ਦੇ ਨਾਮ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕੀਤਾ ਹੈ -

***ਪੂਰੇ ਗੁਰ ਕਾ ਸੁਨਿ ਉਪਦੇਸੁ ॥***
***ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥ ਅੰਗ- ੨੯੫***

ਪਹਿਲੀ ਤਾਂ ਗੱਲ ਇਹ ਹੈ ਵਾਹਿਗੁਰੂ ਨੂੰ ਐਉਂ ਸਮਝੋ ਕਿ ਮੇਰੇ ਨਾਲ ਹੈ, ਹਵਾ ਤੇ ਅਸਮਾਨ ਦਾ ਫਰਕ ਹੈ, ਇਹ ਨਿਰਜਿੰਦ ਚੀਜ਼ਾਂ ਨੇ, ਇਨ੍ਹਾਂ 'ਚ ਜਿੰਦ ਨਹੀਂ ਹੈ, ਸੋਝੀ ਨਹੀਂ ਹੈ, ਵਾਹਿਗੁਰੂ ਸਾਰਾ ਕੁਛ ਜਾਣਦਾ ਹੈ -

***ਘਟ ਘਟ ਕੇ ਅੰਤਰ ਕੀ ਜਾਨਤ॥***
***ਭਲੇ ਬੁਰੇ ਕੀ ਪੀਰ ਪਛਾਨਤ॥***

ਉਹਨੂੰ ਹਾਜ਼ਰ ਰੱਖ ਕੇ ਉਹਦੀ ਹਜ਼ੂਰੀ ਦੇ ਵਿੱਚ ਕਹੋ ਵਾਹਿਗੁਰੂ। ਜਦੋਂ ਨਾਮ ਜਪਦੇ ਹਾਂ ਇਹਦੇ 'ਚ ਭੇਤ ਨੇ ਸਾਧਸੰਗਤ ਜੀ! ਮੈਨੂੰ ਬਾਰ-ਬਾਰ ਪੁਛਦੇ ਨੇ ਆ ਕੇ, ਧਿਆਨ ਨਾਲ ਸੁਣਿਓ ਸਾਧਸੰਗਤ ਜੀ! ਐਨਿਆਂ ਨੂੰ ਮੈਂ ਨਹੀਂ ਦਸ ਸਕਦਾ। ਸੰਗਤ ਵਿੱਚ ਗੱਲ ਦੱਸ ਦੇਣੀ ਹੈ, ਆਪਣੀ-ਆਪਣੀ ਗੱਲ ਫੜ ਲਿਓ ਜਿਹਨੇ ਫੜਨੀ ਹੈ। ਪਹਿਲੀ ਗੱਲ ਤਾਂ ਅਸੀਂ ਮੈਨੂੰ ਪੁੱਛਦੇ ਨੇ ਕਿ ਅਸੀਂ ਬੀਮਾਰ ਹਾਂ, ਮੈਂ ਬੀਮਾਰ ਹਾਂ, ਮੇਰਾ ਕੰਮ ਨਹੀਂ ਚਲਦਾ, ਮੈਨੂੰ ਘਾਟਾ ਪੈਂਦਾ ਹੈ, ਮੇਰੇ ਤਾਂ ਕੰਨ ਥੱਕ ਜਾਂਦੇ ਨੇ ਸੁਣਕੇ। ਬਈ ਜੇ ਬੀਮਾਰ ਹੈਂ ਤਾਂ ੨੫ ਪਾਠ 'ਜਪੁਜੀ ਸਾਹਿਬ' ਦੇ ਸ਼ੁੱਧ ਹੋ ਕੇ ਕਰ ਲਓ, ਰੋਜ਼। ਜਲ ਰੱਖ ਲਓ ਅੱਗੇ, ਅੰਮ੍ਰਿਤ ਬਣਾ ਲਓ।ਜਿਵੇਂ ਅੰਮ੍ਰਿਤ ਪੰਜ ਪਿਆਰੇ ਬਣਾਉਂਦੇ ਨੇ। ਹਰ ਪਾਠ ਤੋਂ ਬਾਅਦ ਕਿਰਪਾਨ ਭੇਟ ਕਰ ਲਓ। 'ਗੁਰੂ ਹਰਿ ਕ੍ਰਿਸ਼ਨ ਧਿਆਇਐ ਜਿਸੁ ਡਿਠੈ ਸਭੁ ਦੁਖ ਜਾਇ।' ਸ਼ਰਧਾ ਦੇ ਨਾਲ ਕਹੋ, ਜਦੋਂ ੨੫ ਪਾਠ ਹੋਣ, ਉਹ ਜਲ ਪੀ ਲਓ ਕਿਉਂਕਿ ਬਾਣੀ ਦੋਵੇਂ ਚੀਜ਼ਾਂ ਨੇ, 'ਸਰਬ ਰੋਗ ਕਉ ਅਉਖਦੁ ਨਾਮ' ਸਾਰੀਆਂ ਬੀਮਾਰੀਆਂ ਦਾ ਇਲਾਜ ਬਾਣੀ ਹੈ, ਜੰਮਣ ਮਰਨ ਦਾ, ਜਮਾਂ ਦਾ ਇਲਾਜ ਵੀ, ਸਰੀਰਕ ਘਾਟਿਆਂ ਦਾ ਵੀ, ਸਰੀਰਕ ਬੀਮਾਰੀਆਂ ਦਾ ਇੱਕੋ ਹੀ ਇਲਾਜ ਹੈ 'ਨਾਮ'। ਇਹ ਕਰਕੇ ਜਲ ਪੀ ਲਿਆ ਕਰੋ, ਜਾਂ ਇੱਕ ਕੋਈ ਸ਼ਬਦ ਗੁਰੂ ਗ੍ਰੰਥ ਸਾਹਿਬ 'ਚੋਂ ਲੈ ਲਓ, 'ਬਿਲਾਵਲੁ ਰਾਗੁ ਦੇ ਵਿਚ' 'ਸੋਰਠਿ ਦੇ ਵਿਚ' ਹੈਗੇ, ਜਿੱਥੇ ਗੁਰੂ ਛੇਵੇਂ ਪਾਤਸ਼ਾਹ ਜਦੋਂ ਰਾਜ਼ੀ ਹੋਏ ਨੇ

ਗੁਰੂ ਪੰਜਵੇਂ ਨੇ ਉਚਾਰਨ ਕਰੇ ਨੇ, ਉਨ੍ਹਾਂ ਨੂੰ ਨਿਹਚੇ ਦੇ ਨਾਲ ਪੜ੍ਹੋ, ਉਹ ਪੜ੍ਹ ਕੇ ਜਲ ਪੀਂਦੇ ਜਾਓ, ਰਾਜ਼ੀ ਹੋ ਜਾਓਂਗੇ। ਮੈਂ ਕੁਛ ਨਹੀਂ ਕਰਦਾ, ਨਾ ਆਪਣੀ ਕੋਈ ਸ਼ਕਤੀ ਦਿੰਦਾ, ਨਾ ਮੇਰੇ 'ਚ ਹੈਗੀ। ਉਹ ਸਿਰਫ ਬਾਣੀ ਦੀ ਮਦਦ ਦੇ ਨਾਲ; ਕਿਉਂਕਿ ਮਨ ਤਕੜਾ ਹੋ ਜਾਵੇ ਰੋਗ ਹਟ ਜਾਂਦੇ ਨੇ। ਮਨ ਮਾੜਾ ਹੋ ਜਾਏ –

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥***

***ਅੰਗ – ੧੩੫***

***ਖਸਮੁ ਵਿਸਾਰਿ ਕੀਏ ਰਸ ਭੋਗ ॥***
***ਤਾਂ ਤਨਿ ਉਠਿ ਖਲੋਏ ਰੋਗ ॥ ਅੰਗ– ੧੨੫੬***

ਪਹਿਲਾਂ ਹੀ ਧਿਆਨ ਦਿਆ ਕਰੋ ਕਿ ਰੱਬ ਨੂੰ ਭੁੱਲਦੇ ਹਾਂ, ਰੋਗੀ ਹੋ ਜਾਵਾਂਗੇ। ਰੋਗੀ ਹੋਵੋ ਹੀ ਨਾ। ਰੱਬ ਨੂੰ ਪਹਿਲਾਂ ਹੀ ਯਾਦ ਰੱਖ। ਰੋਗੀ ਓਹੀ ਹੁੰਦਾ ਹੈ ਜਿਹੜਾ ਪ੍ਰਮੇਸ਼ਰ ਨੂੰ ਭੁੱਲ ਜਾਵੇ। ਜਿਨ੍ਹਾਂ ਨੇ ਭੁਲਾ ਦਿੱਤਾ ਉਹ ਰੋਗੀਆਂ ਦੀ ਲਿਸਟ 'ਚ ਆ ਜਾਂਦਾ ਹੈ। ਕਿਉਂਕਿ ਉਹਦਾ ਪ੍ਰਮੇਸ਼ਰ ਨਾਲੋਂ conection ਟੁੱਟ ਗਿਆ। ਵਾਹਿਗੁਰੂ ਦੇ ਨਾਲ ਸਬੰਧ ਜੋੜ ਲਓ, ਰੋਗ ਨੱਠਣੇ ਸ਼ੁਰੂ ਹੋ ਜਾਣਗੇ, ਨਾ ਸਰੀਰਕ ਰਹੇ ਨਾ ਦੁਨਿਆਵੀ ਰਹੇ, ਨਾ ਆਰਥਿਕ ਰਹੇ, ਕੋਈ ਨਹੀਂ ਰਹਿੰਦਾ। ਸਭ ਹਟ ਜਾਂਦੇ। ਇੱਕ ਗੱਲ ਤਾਂ ਇਹ, ਦੂਸਰੀ ਮੈਂ ਦਸਦਾ ਹਾਂ ਮੈਨੂੰ ਪੁੱਛਦੇ ਨੇ ਕਿ ਬਾਣੀ 'ਚ ਮਨ ਨਹੀਂ ਲਗਦਾ। ਬਾਣੀ 'ਚ ਮਨ ਲਾਉਣ ਦਾ ਤਰੀਕਾ ਇਹ ਹੁੰਦਾ ਹੈ ਕਿ ਸ਼ਰਧਾ ਦੇ ਨਾਲ, ਐਉਂ ਸਮਝੋ ਕਿ ਅਸੀਂ ਹੁਣ ਗੁਰੂ ਨਾਨਕ ਸਾਹਿਬ ਨਾਲ ਗੱਲਾਂ ਕਰਨ ਲੱਗੇ ਹਾਂ। ਲਗਾਂ ਮਾਤਰਾਂ 'ਚ ਧਿਆਨ ਦਿਓ, ਦੇਖ ਕੇ ਪੜ੍ਹੋ ਜਿਹਦਾ ਮਨ ਨਹੀਂ ਲਗਦਾ, ਮਨ ਅੱਖਰਾਂ 'ਚ ਹੀ ਰਹਿ ਜਾਏਗਾ ਬਾਹਰ ਨਹੀਂ ਜਾਏਗਾ। ਫੇਰ ਜਦ ਪ੍ਰੈਕਟਿਸ ਹੋ ਜਾਵੇ ਫੇਰ ਅਰਥਾਂ 'ਚ ਧਿਆਨ ਦਿਓ। 'ਸੁਖਮਨੀ ਸਾਹਿਬ' ਪੜ੍ਹਦੇ ਓਂ, ਅਰਥ ਪੜ੍ਹੋ, ਮਸਤੀ ਚੜ੍ਹ ਜਾਂਦੀ ਹੈ ਆਦਮੀ ਨੂੰ। ਬਾਣੀ ਪੜ੍ਹੋ ਮਸਤੀ ਚੜ੍ਹ ਜਾਂਦੀ ਹੈ। ਉਸ ਤੋਂ ਬਾਅਦ ਫੇਰ ਭਾਵ ਵਿੱਚ ਬਾਣੀ ਪੜ੍ਹੋ, ਭਾਵ ਇਹ ਹੁੰਦਾ ਹੈ ਕਿ ਇੱਕ ਬੱਚਾ ਬਾਹਰ ਗਿਆ ਹੋਇਆ ਹੈ, ਕਿਉਂਕਿ ਬੱਚਾ ਹੀ ਜ਼ਿਆਦਾ ਪਿਆਰਾ ਹੁੰਦਾ ਹੈ, ਉਹਦੀ ਚਿੱਠੀ ਆ ਗਈ ਕਿ ਮੈਂ ਜੀ ਬਹੁਤ ਔਖਾ ਹੈ, ਨਾ ਰੋਟੀ ਨਾ ਪਾਣੀ, ਜਦੋਂ ਮਾਂ ਪੜ੍ਹਨੀ ਹੈ ਤਾਂ ਹੰਝੂ ਆਉਣੇ ਨੇ ਰੋਟੀ ਨਹੀਂ ਖਾਣੀ ਕਿ ਮੇਰੇ ਪੁੱਤਰ ਨੂੰ ਤਾਂ ਰੋਟੀ ਮਿਲਦੀ ਨਹੀਂ, ਮੈਂ ਕਿਉਂ ਖਾਵਾਂ, ਪਿਉ ਨੇ ਨਹੀਂ ਖਾਣੀ। ਇਹਨੂੰ ਭਾਵ ਕਹਿੰਦੇ ਨੇ, ਭਾਵਲੀਨ ਹੋ ਕੇ ਬਾਣੀ ਪੜ੍ਹੋ। ਜਿਹੜੇ ਭਾਵਲੀਨ ਹੋ ਕੇ ਬਾਣੀ ਪੜ੍ਹਦੇ ਨੇ ਜਿਵੇਂ ਸੰਤ ਅਵਤਾਰ ਸਿੰਘ ਜੀ ਧੂਲਕੋਟ ਵਾਲੇ ਕੀਰਤਨ ਕਰਦੇ ਨੇ, ਜਦੋਂ ਆਉਂਦਾ ਹੈ ਨਾ ਵੈਰਾਗ ਦਾ ਸ਼ਬਦ, ਨੇਤਰਾਂ 'ਚੋਂ ਫਟਾਫਟ ਜਲ ਚੱਲਣ ਲਗ ਜਾਂਦਾ ਹੈ ਕਿਉਂਕਿ ਭਾਵਲੀਨ ਹੋ ਜਾਂਦੇ ਨੇ। ਇਸੇ ਤਰ੍ਹਾਂ ਕਈ ਪਾਠੀ ਜਿਹੜੇ ਸ਼ੁੱਧ ਨਿਸ਼ਕਾਮ ਨੇ, ਜਦੋਂ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੇ ਨੇ ਤਾਂ ਨੇਤਰਾਂ 'ਚੋਂ ਜਲ ਚਲ ਪੈਂਦਾ ਹੈ।

ਸੋ ਚਾਰ ਤਰੀਕੇ ਨੇ ਬਾਣੀ ਪੜ੍ਹਨ ਦੇ। ਇਸ ਤੋਂ ਬਾਅਦ ਪਾਣੀ ਪ੍ਰੇਰਦੀ ਹੈ –

***ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥***
***ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥***
***ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥***
***ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥***
***ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥***
***ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥***
***ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥***
***ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥***
***ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥***
***ਸਰਬ ਨਿਧਾਨ ਨਾਨਕ ਹਰਿ ਰੰਗਿ॥***

***ਅੰਗ – ੨੬੨***

ਨਾਮ ਵਲ ਪ੍ਰੇਰਦੀ ਹੈ। ਪੰਜ ਪਿਆਰਿਆਂ ਤੋਂ 'ਵਾਹਿਗੁਰੂ' ਨਾਮ ਸਭ ਨੇ ਲਿਆ ਹੋਇਆ ਹੈ ਅੰਮ੍ਰਿਤਧਾਰੀਆਂ ਨੇ, ਫੇਰ ਵਾਹਿਗੁਰੂ ਦਾ ਜਾਪ ਕਰੋ, ਰਸਨਾ ਦੇ ਨਾਲ ਵਾਹਿਗੁਰੂ–ਵਾਹਿਗੁਰੂ ਕਰੀ ਜਾਓ, ਹਟੋ ਨਾ। ਇਹਦੇ 'ਚ ਕਿਹੜੀ ਜੁਗਤੀ ਹੈ ਤੂੰ ਕਰੀ ਜਾਹ। ਨਾਮ ਨੇ ਆਪੇ ਹੀ ਦਸਣਾ ਹੈ ਤਰੀਕਾ। ਜਦੋਂ ਅਸੀਂ ਕਰਦੇ ਹਾਂ, ਬਾਰ–ਬਾਰ ਕਰਦੇ ਹਾਂ, ਇਹ ਨਾਮ ਸਾਡਾ ਰਸਨਾ 'ਤੇ ਚਲਿਆ ਜਾਂਦਾ ਹੈ, ਫੇਰ ਦਸ ਗੁਣਾਂ ਫਲ ਵਧ ਜਾਂਦਾ ਹੈ, ਦਸ ਮਾਲਾ ਬਾਹਰ ਬੋਲ ਕੇ, ਇਕ ਵਾਰੀ ਰਸਨਾ ਨਾਲ ਕਰ ਲਓ ਬਰਾਬਰ ਹੋ ਜਾਂਦਾ ਹੈ। ਇਹ ਕਰਦੇ–ਕਰਦੇ ਨਾਮ ਕੰਠ 'ਤੇ ਚਲਿਆ ਜਾਂਦਾ ਹੈ, ਫਲ ਹੋਰ ਵਧ ਜਾਂਦਾ ਹੈ। ਕੰਠ ਆਪੇ ਹੀ ਹਿਲੀ ਜਾਂਦਾ ਹੈ। ਆਪਣੇ ਆਪ ਹੀ ਹਰਕਤ 'ਚ ਆਈ ਜਾਏਗਾ, ਇਥੋਂ ਫੇਰ ਹਿਰਦੇ 'ਚ ਚਲਿਆ ਜਾਂਦਾ ਹੈ, ਖਿੱਚ ਪੈਂਦੀ ਹੈ ਨਾਮ ਦੇ ਨਾਲ, ਹਉਕਾ ਆਉਂਦਾ ਹੈ ਨਾਲ ਦੀ ਨਾਲ; ਭਰਿਆ ਹੋਇਆ ਆਉਂਦਾ ਹੈ, ਸਰੀਰ ਐਉਂ ਲਗਦਾ ਹੈ ਜਿਵੇਂ ਕਿਸੇ ਨੇ ਟੀਕਾ ਲਾ ਦਿੱਤਾ ਹੁੰਦਾ ਹੈ, ਅਨੰਦ ਹੀ ਅਨੰਦ ਹੋ ਜਾਂਦਾ ਹੈ। ਇਸ ਤੋਂ ਬਾਅਦ ਨਾਭੀ 'ਚ ਗਹਿਰੀ ਚੁੱਪ ਦਾ 'ਨਾਮ' ਹੁੰਦਾ ਹੈ, ਜਿੱਥੇ ਕੋਈ ਫੁਰਨਾ ਨਹੀਂ ਹੁੰਦਾ। ਨਾਮ ਦੀ ਧੁਨ ਸੁਣਦੀ ਹੈ, ਉਥੋਂ ਸੁਰਤੀ ਉਠ ਕੇ ਆਗਿਆ ਚੱਕਰ 'ਚ ਚਲੀ ਜਾਂਦੀ ਹੈ। ਸੋ ਮਹਾਰਾਜ ਕਹਿੰਦੇ ਭਾਈ, ਪਹਿਲਾਂ ਤੁਸੀਂ –

***ਪੂਰੇ ਗੁਰ ਕਾ ਸੁਨਿ ਉਪਦੇਸੁ ॥***
***ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥***
***ਸਾਸਿ ਸਾਸਿ ਸਿਮਰਹੁ ਗੋਬਿੰਦ ॥***
***ਮਨ ਅੰਤਰ ਕੀ ਉਤਰੈ ਚਿੰਦ ॥***

***ਅੰਗ – ੨੯੫***

ਫੇਰ ਆਗਿਆ ਚੱਕਰ 'ਚ ਚਲਿਆ ਜਾਂਦਾ ਹੈ ਜਿੱਥੇ ਜੀਵ ਆਤਮਾ ਨਿਵਾਸ ਕਰਦੀ ਹੈ, ਜਿੱਥੇ consciousness body ਦੀ store ਹੋ ਕੇ ਇੱਥੇ ਰਹਿੰਦੀ ਹੈ, ਦੋਵੇਂ ਅੱਖਾਂ ਤੇ ਨੱਕ ਦੀ ਜੜ੍ਹ 'ਚ। ਇੱਥੇ ਧਿਆਨ ਦੇ ਵਿੱਚ ਆਉਣਾ ਪੈਂਦਾ ਹੈ, ਨਾਮ ਵੀ ਨਾਲ ਹੈ ਤੇ ਧਿਆਨ ਵੀ ਨਾਲ ਹੈ ਦੋਵੇਂ ਕੰਮ ਕਰਨੇ ਪੈਂਦੇ ਨੇ। ਉਹ ਧਿਆਨ ਦੇ ਬਾਰੇ ਗੁਰੂ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕਰਿਆ ਹੈ –

***ਧਾਰਨਾ – ਧਰੀਏ ਮਨ ਵਿਚ ਧਿਆਨ***
***ਗੁਰਾਂ ਦੀ ਮੂਰਤ ਦਾ।***
***ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥***
***ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥***

***ਅੰਗ – ੮੬੪***

ਗੁਰੂ ਦੀ ਮੂਰਤੀ ਦਾ ਧਿਆਨ ਧਰੋ। ਗੁਰੂ ਦੀ ਮੂਰਤੀ ਕਈ ਕਿਸਮ ਦੀ ਹੈ ਸਾਧਸੰਗਤ ਜੀ! ਇੱਥੇ ਸ਼ੰਕਾਵਾਦੀ ਸ਼ੰਕਾ ਕਰਦਾ ਹੈ ਕਿ ਇਹ ਤਾਂ ਫੇਰ ਬੁੱਤ ਪ੍ਰਸਤੀ ਹੋ ਗਈ। ਬੁੱਤਾਂ ਨੂੰ ਤਾਂ ਅਸੀਂ ਹਰ ਵਕਤ ਪੂਜਦੇ ਹਾਂ, ਇਸਤਰੀ ਦਾ ਧਿਆਨ ਮਨ 'ਚ ਹੈ, ਬੱਚੇ ਦਾ ਧਿਆਨ ਮਨ 'ਚ ਹੈ, ਕਪੜੇ–ਲੀੜੇ ਕੋਠੀਆਂ ਦਾ ਧਿਆਨ ਮਨ ਵਿੱਚ ਹੈ, ਹੋਰ ਕਾਰੋਬਾਰ ਫੈਲਿਆ ਹੋਇਆ ਹੈ ਸਾਰੇ ਦਾ ਧਿਆਨ ਮਨ ਵਿੱਚ ਹੈ, ਜੇ ਧਿਆਨ ਨਾ ਹੋਵੇ ਤਾਂ ਕਾਰੋਬਾਰ ਕਿਵੇਂ ਹੋਵੇ। ਲਿਖਣ ਵਾਲੇ ਦਾ ਲਿਖਣ ਵਿੱਚ ਧਿਆਨ ਹੈ, ਪੜ੍ਹ

ਵਾਲੇ ਦਾ ਪੜ੍ਹਨ ਵਿੱਚ ਧਿਆਨ ਹੈ। ਧਿਆਨ ਨੇ ਤਾਂ ਕਿਤੇ ਨਾ ਕਿਤੇ ਲਗਣਾ ਹੀ ਹੈ ਸੋ ਸਾਰਿਆਂ ਨਾਲੋਂ ਸ੍ਰੇਸ਼ਟ ਧਿਆਨ ਗੁਰੂ ਦੀ ਮੂਰਤ ਹੁੰਦੀ ਹੈ। ਗੁਰੂ ਕੋਈ ਸੁੰਨ ਮੁੰਨ ਨਹੀਂ ਹੈ ਕਿ ਧਿਆਨ ਕਰਿਆ ਕਿ ਉਹਨੂੰ ਪਤਾ ਨਹੀਂ, ਗੁਰੂ ਨੂੰ ਵੀ ਪਤਾ ਹੁੰਦਾ ਹੈ।

ਗੁਰੂ ਸਤਵੇਂ ਪਾਤਸ਼ਾਹ ਮਹਾਰਾਜ ਅੱਜ ਅੰਮ੍ਰਿਤ ਵੇਲੇ ਉੱਠ ਕੇ ਸੰਗਤ 'ਚ ਬੈਠੇ ਨੇ, ਦੂਰ ਤਕ ਦੀਵਾਨ ਭਰਿਆ ਹੋਇਆ ਹੈ ਤੇ ਅਰਦਾਸ ਹੋਈ ਕਿ ਸੱਚੇ ਪਾਤਸ਼ਾਹ! ਲੰਗਰ ਦੇ ਵਿਚ ਚਲੋ, ਲੰਗਰ ਛਕੋ। ਮਹਾਰਾਜ ਜੀ ਬੋਲੇ ਨਹੀਂ, ਉਵੇਂ ਜਿਵੇਂ ਬੈਠੇ ਨੇ। ਇਸੇ ਤਰ੍ਹਾਂ ਬਾਰ੍ਹਾਂ ਵਜ ਗਏ, ਦੋ ਵਜ ਗਏ, ਚਾਰ ਵੱਜ ਗਏ; ਚਾਰ ਵਜੇ ਮਹਾਰਾਜ ਜੀ ਨੇ ਕਿਹਾ ਧੰਨ ਗੁਰਸਿੱਖੀ-ਧੰਨ ਗੁਰਸਿੱਖੀ। ਸਿੱਖਾਂ ਨੇ ਪੁੱਛਿਆ, ਸੱਚੇ ਪਾਤਸ਼ਾਹ! ਅੱਜ ਕੀ ਕੌਤਕ ਵਰਤਾਇਆ ਆਪ ਨੇ? ਕਹਿਣ ਲੱਗੇ ਕਾਬਲ ਦੇ ਵਿੱਚ ਗੋਂਦਾ ਨਾਮ ਦਾ ਸਿੱਖ ਰਹਿੰਦਾ ਹੈ ਸਾਡਾ, ਧਿਆਨ ਵਿੱਚ ਬੈਠਦੇ ਨੇ ਹੀ ਉਹਨੇ ਸਾਡੇ ਦੋਨੋਂ ਚਰਨ ਫੜ ਲਏ ਤੇ ਉਹਨੇ ਹੁਣ ਤਕ ਛੱਡੇ ਹੀ ਨਹੀਂ ਹਨ ਹੁਣ ਦੱਸੋ ਅਸੀਂ ਓਨੀਂ ਦੇਰ ਲੰਗਰ 'ਚ ਕਿਵੇਂ ਜਾ ਸਕਦੇ ਸੀ।

ਤਿੰਨ ਕਿਸਮ ਦਾ ਧਿਆਨ ਹੁੰਦਾ ਹੈ ਇੱਕ ਨੂੰ ਪ੍ਰਤੀਕ ਧਿਆਨ ਕਹਿੰਦੇ, ਇੱਕ ਨੂੰ ਸੰਪਤ ਧਿਆਨ ਕਹਿੰਦੇ ਨੇ, ਇੱਕ ਨੂੰ ਅਹੰਗ੍ਰਹਿ ਧਿਆਨ ਕਹਿੰਦੇ ਨੇ। ਧਿਆਨ ਨਾਲ ਗੱਲ ਸਮਝ ਲਿਓ, ਜਿਨ੍ਹਾਂ ਨੇ ਨਾਮ ਜਪਣਾ ਹੈ। ਆਪਣੀ-ਆਪਣੀ ਅਵਸਥਾ ਵਿੱਚ ਖੜ੍ਹ ਜਾਓ ਜਿੱਥੇ ਕੁ ਕੋਈ ਚਲਿਆ ਹੋਇਆ ਹੈ। ਸੰਪਤ ਧਿਆਨ ਇਹ ਹੁੰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਨੂੰ ਸਾਖਸ਼ਾਤ ਪ੍ਰਮੇਸ਼ਰ ਦਾ ਰੂਪ ਜਾਣ ਕੇ ਸੇਵਾ ਕਰਨੀ। ਸ਼ਬਦ ਦਾ ਧਿਆਨ ਧਰਨਾ, ਅੱਖਰਾਂ ਦਾ ਧਿਆਨ ਨਹੀਂ। ਸ਼ਬਦ ਕਹਿੰਦੇ ਨੇ ਅਵਾਜ਼ ਨੂੰ, ਸ਼ਬਦ ਪੰਜ ਪਿਆਰਿਆਂ ਨੇ ਦੱਸਿਆ ਹੋਇਆ ਹੈ -

ਵਾ..........ਹਿ..........ਗੁ.........ਰੂ
ਵਾ..........ਹਿ..........ਗੁ.........ਰੂ
ਵਾ..........ਹਿ..........ਗੁ.........ਰੂ
ਵਾ..........ਹਿ..........ਗੁ.........ਰੂ

ਇਹਨੂੰ ਸ਼ਬਦ ਕਹਿੰਦੇ ਨੇ, ਆਹ ਜਿਹੜੀ ਅਵਾਜ਼ ਹੈ ਨਾ ਇਹਦਾ ਧਿਆਨ ਧਰਨਾ ਹੈ, ਇਹ ਸ਼ਬਦ ਧਿਆਨ ਕਹਾਇਆ ਕਰਦਾ ਹੈ, ਇਹੀ ਪ੍ਰਵਾਨ ਹੈ ਗੁਰਮਤਿ ਦੇ ਅੰਦਰ। ਕਿਉਂਕਿ ਇਹ ਉਥੇ ਤਕ ਜਾਂਦਾ ਹੈ, ਦਿਬਯ ਗੁਰੂ ਹੈ ਨਾ ਜਿਹੜਾ ਇਹ ਦਿਬਯ ਸਰੂਪ ਧਾਰਨ ਕਰਦਾ ਹੈ, ਜਦੋਂ ਧਿਆਨ ਧਰਦਾ ਹੈ ਕੋਈ। ਗੁਰੂ ਨਾਨਕ ਸਾਹਿਬ ਦਾ ਧਿਆਨ ਧਰਦੇ ਹਾਂ, ਹੌਲੀ-ਹੌਲੀ ਗੁਰੂ ਨਾਨਕ ਸਾਹਿਬ ਦਾ ਧਿਆਨ ਸਾਕਾਰ ਹੋਣਾ ਸ਼ੁਰੂ ਹੋ ਜਾਂਦਾ ਹੈ, ਲਾਈਟ ਬਣ ਜਾਂਦੀ ਹੈ ਉਹਦੀ, ਪ੍ਰਕਾਸ਼ ਆ ਜਾਂਦਾ ਹੈ। ਆਰ ਪਾਰ ਸਾਰਾ ਹੀ ਦਿਸਦਾ, ਵਿੱਚ ਲਾਈਟ ਦਿਸਦੀ ਹੈ ਗੁਰੂ ਨਾਨਕ ਸਾਹਿਬ ਦੀ ਬਣੀ ਹੋਈ। ਆਪ ਉਹਦੇ ਵਿੱਚ ਸਮਾਅ ਜਾਂਦਾ ਹੈ, ਜਿਸ ਦਿਨ ਆਪ ਸਮਾਅ ਜਾਵੇ, ਉਸ ਦਿਨ ਤ੍ਰਿਕੁਟੀ ਟੁੱਟਦੀ ਹੈ, ਧਿਆਤਾ, ਧਿਆਨ, ਧੇਅ ਦੀ ਉਸ ਤੋਂ ਪਹਿਲਾਂ ਨਹੀਂ ਟੁੱਟਿਆ ਕਰਦੀ। ਸੋ ਮਹਾਰਾਜ ਕਹਿੰਦੇ -

***ਸਤਿਗੁਰ ਕੀ ਮੂਰਤਿ ਹਿਰਦੈ ਵਸਾਏ ॥***
***ਜੋ ਇਛੈ ਸੋਈ ਫਲੁ ਪਾਏ ॥ ਅੰਗ - ੬੬੧***

ਦੂਸਰਾ ਹੋਇਆ ਕਰਦਾ ਹੈ ਸੰਪਤ ਧਿਆਨ, ਉਹ ਹੋਇਆ ਕਰਦਾ ਹੈ ਆਪਣੇ ਗੁਰੂ ਨੂੰ ਵਾਹਿਗੁਰੂ ਸਮਝਣਾ, ਘੱਟ ਨਹੀਂ ਸਮਝਣਾ ਵਾਹਿਗੁਰੂ ਤੋਂ। ਜਦੋਂ ਗੁਰੂ ਸਾਹਿਬ ਮਹਾਰਾਜ ਨੇ ਪੁਛਿਆ ਸਾਰਿਆਂ ਤੋਂ, ਭਾਈ ਬਾਲਾ! ਤੁਸੀਂ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਰਹੇ ਓਂ, ਤੁਸੀਂ ਗੁਰੂ ਨਾਨਕ ਨੂੰ ਕੀ ਸਮਝਦੇ ਰਹੇ? ਕਹਿਣ ਲੱਗੇ, ਸੱਚੇ ਪਾਤਸ਼ਾਹ! ਗੁਰੂ ਨਾਨਕ ਤਾਂ ਪੂਰਨ ਸੰਤ ਸੀ। ਕਹਿੰਦੇ ਤੂੰ ਸੰਤ ਹੋਇਆ ਭਾਈ। ਬਾਬਾ ਬੁੱਢਾ ਜੀ ਨੂੰ ਪੁਛਿਆ ਕਿ ਤੁਸੀਂ ਗੁਰੂ ਨਾਨਕ ਨੂੰ ਕੀ ਸਮਝਦੇ ਰਹੇ? ਕਹਿੰਦੇ, ਮਹਾਰਾਜ! ਉਹ ਤਾਂ ਪੂਰਨ ਬ੍ਰਹਮਗਿਆਨੀ ਸੀ। ਕਹਿੰਦੇ ਤੁਸੀਂ ਬ੍ਰਹਮਗਿਆਨੀ ਹੋਏ। ਸਾਰਿਆਂ ਨੂੰ ਪੁਛਿਆ, ਜਦੋਂ ਗੁਰੂ ਮਹਾਰਾਜ ਨੂੰ ਪੁਛਿਆ ਸਿੱਖਾਂ ਨੇ ਕਿ ਆਪ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ ਪਾਤਸ਼ਾਹ। ਆਪ ਇੱਕ ਦਮ ਗੰਭੀਰ ਹੋ ਗਏ, ਕਹਿਣ ਲੱਗੇ ਪ੍ਰੇਮੀਓ! ਉਹ ਤਾਂ ਕਰੋੜਾਂ ਬ੍ਰਹਿਮੰਡਾਂ ਦਾ ਮਾਲਕ ਗੁਰੂ ਨਾਨਕ ਆਪ-

***ਆਪਿ ਨਰਾਇਣੁ ਕਲਾ ਧਾਰਿ***
***ਜਗ ਮਹਿ ਪਰਵਰਿਯਉ ॥ ਅੰਗ - ੧੩੯੫***

ਉਹ ਤਾਂ ਆਪ ਪ੍ਰਮੇਸ਼ਰ ਸੀਗੇ। ਸਾਰੇ ਕਹਿਣ ਲੱਗੇ, ਪਾਤਸ਼ਾਹ! ਤੁਸੀਂ ਤਾਂ ਹੀ ਪ੍ਰਮੇਸ਼ਰ ਬਣ ਗਏ। ਸਾਡੀ ਨੇਸ਼ਟਾ ਘੱਟ ਸੀ। ਚਾਰ ਨੇਸ਼ਟਾ ਹੁੰਦੀਆਂ ਨੇ।

ਮੇਰਾ ਗੁਰੂ ਜਿਹੜਾ ਹੇ ਉਹ ਬਹੁਤ ਚੰਗਾ ਸੰਤ ਹੈ।

ਦੂਸਰੀ ਹੁੰਦੀ ਹੈ ਮੇਰਾ ਗੁਰੂ ਸਾਰੇ ਸੰਤਾਂ ਨਾਲੋਂ ਚੰਗਾ ਸੰਤ ਹੈ।

ਤੀਸਰੀ ਹੁੰਦੀ ਹੈ ਕਿ ਮੇਰਾ ਗੁਰੂ ਜਿਹੜਾ ਹੈ ਉਹ ਤਾਂ ਰੱਬ ਵਰਗਾ ਹੈ।

ਚੌਥੀ ਨੇਸ਼ਟਾ ਹੁੰਦੀ ਹੈ ਕਿ ਮੇਰਾ ਗੁਰੂ ਤਾਂ ਆਪ ਹੀ ਪ੍ਰਮੇਸ਼ਰ ਆਇਆ ਹੋਇਆ ਹੈ। ਜਿਹੋ ਜਿਹੀ ਨੇਸ਼ਟਾ ਕਰੇਗਾ ਉਹੋ ਜਿਹਾ ਫਲ ਹੋਏਗਾ।

ਸੋ ਆਗਿਆ ਚੱਕਰ 'ਚ ਜਦੋਂ ਬਿਰਤੀ ਪਹੁੰਚਦੀ ਹੈ, ਉਥੇ ਅਸੀਂ ਧਿਆਨ ਧਰਦੇ ਹਾਂ। ਧਿਆਨ ਧਰਦੇ-ਧਰਦੇ ਜਦੋਂ ਤ੍ਰਿਕੁਟੀ ਟੁੱਟ ਜਾਂਦੀ ਹੈ ਪਹਿਲੀ, ਧਿਆਤਾ, ਧਿਆਨ, ਧੇਅ ਦੀ। ਫੇਰ ਇਹ ਨਾਮ ਸਾਰੇ ਸਰੀਰ 'ਚ ਰਚਣਾ ਸ਼ੁਰੂ ਹੋ ਜਾਂਦਾ ਹੈ। ਆਹ ਸਰੀਰ ਦੇ ਵਿੱਚ ਸਾਡੇ ਤਿੰਨ ਕਰੋੜ ਰੋਮ ਨੇ, ਨਾਮ ਐਨਾ ਰਚਦਾ ਹੈ, ਸਾਰੇ ਸਰੀਰ ਦੇ ਅੰਦਰ ਝਰਨਾਟਾਂ ਹੋਣੀਆਂ ਸ਼ੁਰੂ ਹੋ ਜਾਂਦੀਆਂ ਨੇ ਤੇ ਰੋਮ-ਰੋਮ ਦੇ ਵਿਚੋਂ ਨਾਮ ਦੀ ਧੁਨੀ ਨਿਕਲਦੀ ਹੈ। ਇੱਕ ਵਾਰੀ ਵਾਹਿਗੁਰੂ ਕਹੋ ਬੈਖਰੀ ਨਾਲ, ਇੱਥੇ ਸਾਢੇ ਤਿੰਨ ਕਰੋੜ ਵਾਰੀ ਆਪੇ ਹੀ ਕਹਿ ਹੋ ਜਾਂਦਾ ਹੈ। ਇਸ ਅਵਸਥਾ ਨੂੰ ਗੁਰੂ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕਰਿਆ ਹੈ -

***ਧਾਰਨਾ - ਰੋਮ ਰੋਮ ਹਰਿ ਧਿਆਵੇ***
***ਗੁਰਮੁਖ ਪਿਆਰੇ ਦਾ।***
***ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥***
***ਨਾਨਕ ਗੁਰਮੁਖਿ ਸਾਚਿ ਸਮਾਵੈ ॥ ਅੰਗ-੯੪੧***

ਇੱਕ ਵਾਰੀ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਇੱਥੇ ਚੰਡੀਗੜ੍ਹ ਆਏ ਹੋਏ ਸੀ, ਇੱਥੇ ਸੇਵਾ ਕਰ ਰਹੇ ਸੀ ਜਥੇਦਾਰ ਮਹਿੰਦਰ ਸਿੰਘ ਓਨੀਂ, ਹੋਰ ਸਾਰੇ ਪ੍ਰੇਮੀ। ਸਾਡਾ ਛੋਟਾ ਕਾਕਾ (ਨ੍ਰਿਪਜੀਤ) ਨਾਲ ਲੰਘ ਗਿਆ ਮੇਰੇ, ਉਥੇ ਜਾ ਕੇ ਉਹਨੇ ਚਰਨਾਂ ਨਾਲ ਮੱਥਾ ਲਾ ਦਿੱਤਾ। ਇੱਕ ਚਰਨ ਨੂੰ ਲਾ ਕੇ, ਫੇਰ ਦੂਜੇ ਨੂੰ ਲਾਇਆ, ਫੇਰ ਪਹਿਲੇ ਨੂੰ ਲਾ ਦਿੱਤਾ, ਮਹਾਰਾਜ ਜੀ ਉਠ ਕੇ ਬੈਠ ਗਏ ਕਹਿੰਦੇ ਕੀ ਕਰੀ ਜਾਨੈ।ਛੋਟਾ ਸੀਗਾ ਅਜੇ ਬਹੁਤਾ ਸੁਰਤ ਵਾਲਾ ਨਹੀਂ ਸੀ। ਬਾਹਰ ਆ ਗਿਆ, ਆ ਕੇ ਆਪਣੀ ਬੀਬੀ ਨੂੰ ਕਹਿੰਦਾ, ਬੀਜੀ! ਮੈਂ ਤਾਂ ਹੈਰਾਨ ਹੋ ਗਿਆ। ਇਹ ਕਹਿੰਦੇ, ਕੀ ਹੋ ਗਿਆ? ਕਹਿੰਦਾ, ਜਦ ਮੇਰਾ ਮੱਥਾ ਲੱਗਿਆ ਨਾ ਮਹਾਰਾਜ ਜੀ ਦੇ ਚਰਨਾਂ ਨਾਲ, ਮੇਰੇ ਅੰਦਰ ਵਾਹਿਗੁਰੂ-ਵਾਹਿਗੁਰੂ ਹੋਵੇ; ਆਵਾਜ਼ ਆਵੇ ਵਾਹਿਗੁਰੂ-ਵਾਹਿਗੁਰੂ ਦੀ। ਦੂਜੇ 'ਤੇ ਲਾਇਆ ਓਧਰੋਂ ਵੀ ਵਾਹਿਗੁਰੂ-ਵਾਹਿਗੁਰੂ ਦੀ

ਆਵਾਜ਼ ਆਵੇ, ਫੇਰ ਲਾਇਆ ਫੇਰ ਵਾਹਿਗੁਰੂ-ਵਾਹਿਗੁਰੂ। ਕਿਉਂਕਿ ਸਾਰਾ ਸਰੀਰ ਨਾਮ ਦੇ ਵਿੱਚ ਰਚ ਜਾਂਦਾ ਹੈ, ਇਸੇ ਕਰਕੇ ਸੰਤਾਂ ਦਾ ਜਿੱਥੇ ਚਰਨ ਲਗ ਜਾਵੇ, ਉਹ ਥਾਂ ਪਵਿੱਤਰ ਹੋ ਜਾਂਦਾ ਹੈ, ਕਿਉਂਕਿ ਨਾਮ ਸ਼ਕਤੀ ਸਾਰੇ ਸਰੀਰ 'ਚ ਪ੍ਰਵੇਸ਼ ਕਰ ਜਾਂਦੀ ਹੈ। ਸੋ ਇੱਥੋਂ ਜਦ ਬਿਰਤੀ ਬਹੁਤ ਟਿਕ ਜਾਂਦੀ ਹੈ ਫੇਰ ਬਾਹਰਲੀਆਂ ਆਵਾਜ਼ਾਂ ਸਾਰੀਆਂ ਹੀ ਨਾਮ ਬਣ ਜਾਂਦੀਆਂ ਨੇ।

*ਧਾਰਨਾ - ਨਾਮ ਹਰੀ ਦਾ ਜਪਦੇ*
*ਸਾਰੇ ਬਣਾਂ ਦੇ ਪੰਖੇਰੂ।*
*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥*
*ਅੰਗ - ੧੨੬੫*
*ਹਰਹਟ ਭੀ ਤੂੰ ਤੂੰ ਕਰਹਿ*
*ਬੋਲਹਿ ਭਲੀ ਬਾਣਿ ॥ ਅੰਗ - ੧੪੨੦*

ਸਾਰੀ ਆਵਾਜ਼ ਬ੍ਰਹਮ ਆਵਾਜ਼ ਹੋ ਜਾਇਆ ਕਰਦੀ ਹੈ। ਇੱਕ ਧੁਨੀ ਲਗਾਤਾਰ ਨਾਮ ਦੀ, ਉਨ੍ਹਾਂ ਦੇ ਅੰਦਰ ਵੀ ਨਾਮ ਹੈ ਸਾਧਸੰਗਤ ਜੀ! -

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥*
*ਅੰਗ - ੨੮੪*

ਸਾਰਿਆਂ ਦੇ ਨਾਲ ਧੁਨੀ ਸਾਂਝੀ ਹੋ ਜਾਂਦੀ ਹੈ, ਜਦੋਂ ਇਹ ਅਵਸਥਾ ਆਉਂਦੀ ਹੈ ਫੇਰ ਕੁਦਰਤ ਦੇ ਅੰਦਰ ਹਵਾ ਵੀ ਨਾਮ ਜਪਦੀ, ਅੱਗ ਵੀ ਨਾਮ ਜਪਦੀ, ਪਉਣ ਵੀ, ਪਾਣੀ ਵੀ, ਧਰਤੀ ਵੀ ਸਭ ਚੀਜ਼ਾਂ ਨਾਮ ਜਪਦੀਆਂ ਨਜ਼ਰ ਆਉਂਦੀਆਂ ਨੇ -

*ਧਾਰਨਾ - ਨਾਮ ਹਰੀ ਦਾ ਜਪਦਾ,*
*ਕਣ ਕਣ ਕੁਦਰਤ ਦਾ।*
*ਸਤਿਨਾਮ ਵਾਹਿਗੁਰੂ,*
*ਅਕਾਲ ਪੁਰਖ ਤੂੰ ਹੀ ਹੈਂ*
*ਨਾਨਕ ਭਜੁ ਹਰਿ ਸਰਣਾਗਤੀ ਮੇਰੀ ਜਿੰਦੁੜੀਏ*
*ਵਡਭਾਗੀ ਨਾਮੁ ਧਿਆਵੈ ਰਾਮ ॥*
*ਅੰਗ - ੫੩੮*
*ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ*
*ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥*
*ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ*
*ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ ॥*
*ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ*
*ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ ॥*
*ਨਾਨਕ ਤੇ ਹਰਿ ਦਰਿ ਪੈਨ੍ਹਾਇਆ ਮੇਰੀ*
*ਜਿੰਦੁੜੀਏ ਜੋ ਗੁਰਮੁਖਿ*
*ਭਗਤਿ ਮਨੁ ਲਾਵੈ ਰਾਮ ॥*
*ਅੰਗ - ੫੪੦*

ਸੋ ਨਾਮ ਐਨਾ ਪ੍ਰਵੇਸ਼ ਕਰ ਜਾਂਦਾ ਹੈ ਕਿ ਨਾਮ ਤੋਂ ਬਿਨਾਂ ਕੁਛ ਸੁਣਦਾ ਹੀ ਨਹੀਂ ਕਿਉਂਕਿ ਨਾਮ ਸ਼ਬਦ ਦੇ ਨਾਲ ਮਿਲ ਜਾਂਦਾ ਹੈ, ਸ਼ਬਦ ਹਰ ਵਕਤ ਬੋਲਦਾ ਹੈ, ਸਭ ਦੇ ਅੰਦਰ ਬੋਲਦਾ ਹੈ। ਆਗਿਆ ਚੱਕਰ ਦੇ ਅੰਦਰ ਪੰਜ ਸ਼ਬਦ ਆਉਣੇ ਸ਼ੁਰੂ ਹੋ ਜਾਂਦੇ ਨੇ। ਲਾਈਟਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਨੇ, ਉਹ ਸ਼ਬਦ ਬਦਲਦੇ-ਬਦਲਦੇ, ਨਾਮ ਜਿਹੜਾ ਅਸਲੀ ਸ਼ਬਦ ਹੈ, ਜੋ ਸਾਰੇ ਪ੍ਰੀਪੂਰਨ ਹੈ ਉਹਦੇ ਵਿੱਚ ਸੁਰਤੀ ਲੈ ਜਾਂਦਾ ਹੈ, ਜਦੋਂ ਉਥੇ ਪਹੁੰਚਦੀ ਹੈ ਤਾਂ ਉਥੇ ਫੇਰ ਮਹਾਰਾਜ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਦਸਵੇਂ ਵਾਸਾ ਪਾਇਆ ਜੀ,*
*ਅਨਹਦ ਸ਼ਬਦ ਵਜੇ ਦਿਨ ਰਾਤੀ।*
*ਨਉ ਦਰ ਠਾਕੇ ਧਾਵਤੁ ਰਹਾਏ ॥*
*ਦਸਵੈ ਨਿਜ ਘਰਿ ਵਾਸਾ ਪਾਏ ॥ ਅੰਗ-੧੨੪*

ਕਿਉਂਕਿ ਨੌਆਂ ਦਰਾਂ ਨੂੰ ਠਾਕ ਦਿੱਤਾ ਮੰਤਰ ਪੜ੍ਹ ਕੇ ਵਾਹਿਗੁਰੂ-ਵਾਹਿਗੁਰੂ। ਹੋਰ ਕੋਈ ਮੰਤਰ ਨਹੀਂ ਜਿਹੜਾ ਇਨ੍ਹਾਂ 'ਤੇ ਚੱਲੇ। ਨਾ ਅੱਖਾਂ ਠਾਕੀਆਂ ਜਾਂਦੀਆਂ ਨੇ, ਨਾ ਕੰਨ ਠਾਕੇ ਜਾਂਦੇ ਨੇ, ਨਾ ਜ਼ੁਬਾਨ ਠਾਕੀ ਜਾਂਦੀ ਹੈ, ਨਾ ਸਪਰਸ਼ ਠਾਕਿਆ ਜਾਂਦਾ ਹੈ। ਨੌ ਦੇ ਨੌ ਦਰਵਾਜ਼ੇ ਠਾਕ ਦਿੱਤੇ ਵਾਹਿਗੁਰੂ-ਵਾਹਿਗੁਰੂ ਕਰਕੇ, ਹੁਣ ਇਨ੍ਹਾਂ ਵਿਚੀਂ ਕੋਈ ਚੋਰ ਨਹੀਂ ਅੰਦਰ ਵੜਦਾ। ਉਥੇ ਨਿਸ਼ਾਨੀ ਕੀ ਹੈ?

*ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ*
*ਗੁਰਮਤੀ ਸਬਦਿ ਸੁਣਾਵਣਿਆ ॥ ਅੰਗ- ੧੨੪*

ਗੁਰੂ ਨੇ ਸੁਣਾ ਦਿੱਤਾ ਕਿਉਂਕਿ ਗੁਰੂ ਹੁੰਦਾ ਹੀ ਓਹੀ ਹੈ ਜੋ -

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਪੰਚ ਸਬਦ ਧੁਨਿਕਾਰ ਧੁਨਿ*
*ਤਹ ਬਾਜੈ ਸਬਦੁ ਨੀਸਾਣੁ ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ*
*॥ ਸੁਖਮਨ ਕੈ ਘਰਿ ਰਾਗੁ ਸੁਨਿ*
*ਸੁੰਨਿ ਮੰਡਲਿ ਲਿਵ ਲਾਇ ॥ ਅੰਗ - ੧੨੯੧*

ਦਸਵੇਂ ਦੁਆਰੇ 'ਚ ਲਿਵ ਲਾ ਕੇ ਸੁਖਮਨਾ ਨਾੜੀ 'ਚ ਸੁਰਤੀ ਨੂੰ ਲਿਜਾ ਕੇ ਰਾਗ ਸੁਣ, ਉਥੇ ਦਾ cosmic music ਸੁਣ। ਜਿਹੜਾ ਰੱਬ ਦੇ ਦਰਬਾਰ 'ਚ ਹੋ ਰਿਹਾ ਹੈ। 'ਸੋ ਸ਼ਬਦ' ਉਹਨੂੰ ਕਹਿੰਦੇ ਨੇ -

*ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ*
*ਦਸਵਾ ਦੁਆਰੁ ਪਾਇਆ ॥*
*ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ*
*ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥*
*ਅੰਗ - ੪੪੧*

ਸਹਿਜ ਧੁਨ ਹੈ ਉਥੇ, ਹੁਣ consatration ਦੀ ਲੋੜ ਨਹੀਂ, ਆਪੇ ਹੀ ਉਪਜ ਗਈ। ਜੋ ਸ਼ਬਦ ਪਹਿਲੇ ਦਿਨ ਅਕਾਲ ਪੁਰਖ ਦੇ ਮੁਖ ਤੋਂ ਹੋਇਆ ਸੀ -

*ਪ੍ਰਥਮ ਓਅੰਕਾਰ ਤਿਨ ਕਹਾ*
*ਸੋ ਧੁਨ ਪੂਰ ਜਗਤ ਮਹਿ ਰਹਾ।*

ਬੜੇ ਸ਼ਬਦ ਆਉਂਦੇ ਨੇ, ਕਿਤੇ ਸੋਹੰ ਆਉਂਦਾ ਹੈ, ਕਿਤੇ ਓਅੰ ਆਉਂਦਾ ਹੈ; ਬੜੇ ਸ਼ਬਦ ਆਉਂਦੇ ਨੇ, ਉਨ੍ਹਾਂ ਸ਼ਬਦਾਂ ਤੋਂ ਬਾਅਦ ਓਅੰਕਾਰ ਸ਼ਬਦ ਆਉਂਦਾ ਹੈ, ਧੁਨ ਆਉਂਦੀ ਹੈ ਇਸਦੀ ਲਗਾਤਾਰ। ਉਹ ਧੁਨ ਮਹਾਰਾਜ ਕਹਿੰਦੇ ਉਥੇ ਸੁਣਦੀ ਹੈ।

*ਤਹ ਅਨੇਕ ਵਾਜੇ ਸਦਾ ਅਨਦੁ ਹੈ*
*ਸਚੇ ਰਹਿਆ ਸਮਾਏ ॥*
*ਇਉ ਕਹੈ ਨਾਨਕੁ ਸਤਿਗੁਰਿ ਮਿਲਿਐ*

*ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥*
*ਅੰਗ - ੪੪੧*

ਉਹਨੂੰ ਕਹਿੰਦੇ ਨੇ ਕਿ -

*ਸੁਖਮਨ ਕੈ ਘਰਿ ਰਾਗੁ ਸੁਨਿ*
*ਸੁੰਨਿ ਮੰਡਲਿ ਲਿਵ ਲਾਇ ॥*
*ਅਕਥ ਕਥਾ ਬੀਚਾਰੀਐ*
*ਮਨਸਾ ਮਨਹਿ ਸਮਾਇ ॥ ਅੰਗ - ੧੨੯੧*

ਆਹ ਜਿਹੜੀਆਂ ਮਨ ਦੀਆਂ ਵਾਸ਼ਨਾਵਾਂ ਨੇ, ਮਨੋ ਨਾਸ਼, ਵਾਸ਼ਨਾ ਖ੍ਹੈ, ਤੱਤ ਗਿਆਨ; ਉਥੇ ਤ੍ਰਿਕੁਟੀ ਦੂਸਰੀ ਖਤਮ ਹੋ ਜਾਂਦੀ ਹੈ, ਜਿਹਨੂੰ ਗਿਆਤਾ ਗਿਆਨ ਦੀ ਕਹਿੰਦੇ ਨੇ। ਵਿਵੇਕ ਮੰਡਲ ਦੇ ਵਿੱਚ ਦਾਖਲਾ ਮਿਲ ਜਾਂਦਾ ਹੈ, ਜਿਥੇ ਜਾ ਕੇ ਪ੍ਰਮੇਸ਼ਰ ਨਜ਼ਰ ਆਉਂਦਾ ਹੈ। ਸੋ ਉਹ ਚੀਜ਼ ਪ੍ਰਾਪਤ ਹੋ ਜਾਂਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਬੇਨਤੀ ਕੀਤੀ ਸੀ ਕਿ ਇਥੇ ਆ ਕੇ ਅਗਲੀ ਤ੍ਰਿਕੁਟੀ ਗਿਆਤਾ ਗਿਆਨ ਦੀ ਟੁੱਟ ਕੇ ਦੋ ਸਮਾਧੀਆਂ ਲੰਘ ਜਾਂਦਾ ਹੈ। ਸਾ ਵਿਕਲਪ ਤੇ ਨਿਰਵਿਕਲਪ, ਉਸ ਤੋਂ ਬਾਅਦ ਸਹਜਿ ਦੇ ਵਿੱਚ ਦਾਖਲਾ ਮਿਲ ਜਾਂਦਾ ਹੈ -

*ਧਾਰਨਾ - ਸਹਜਿ ਸਮਾਧ ਲਗੀ ਲਿਵ ਅੰਤਰ*
*ਸੋ ਰਸ ਸੋਈ ਜਾਨੈ।*

ਸਹਜਿ ਸਮਾਧ ਪੰਜਵੀ ਸਮਾਧੀ ਹੁੰਦੀ ਹੈ, ਇੱਕ ਸਾ-ਵਿਕਲਪ ਸ਼ਬਦ ਸਮੇਤ, ਇੱਕ ਨਿਰਵਿਕਲਪ ਧੇਅ ਸਮੇਤ, ਇੱਕ ਹੋਇਆ ਕਰਦੀ ਧੇਅ ਤੋਂ ਬਗੈਰ, ਪੰਜਵੀ ਹੋਇਆ ਕਰਦੀ ਹੈ, ਸਹਜ ਸਮਾਧ।

*ਗੁਰਮੁਖਿ ਅੰਤਰਿ ਸਹਜੁ ਹੈ*
*ਮਨੁ ਚੜਿਆ ਦਸਵੈ ਆਕਾਸਿ ॥*
*ਤਿਥੈ ਊਂਘ ਨ ਭੁਖ ਹੈ*
*ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ*
*ਜਿਥੈ ਆਤਮ ਰਾਮ ਪ੍ਰਗਾਸੁ ॥ ਅੰਗ - ੧੪੧੪*

ਉਥੇ ਦਾ ਅਨੁਭਵ ਹੁੰਦਾ ਹੈ -

*ਧਾਰਨਾ - ਤੂੰ ਹੀਂ ਤੂੰ ਹੀਂ ਮੋਹਿਨਾ।*
*ਗੁਰਹਿ ਦਿਖਾਇਓ ਲੋਇਨਾ ॥੧॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੨*

ਜਦ ਤੂੰ ਵਿੱਚ ਚਲਿਆ ਗਿਆ -

*ਕਬੀਰ ਤੂੰ ਤੂੰ ਕਰਤਾ ਤੂ ਹੂਆ*
*ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ*
*ਜਤ ਦੇਖਉ ਤਤ ਤੂ ॥ ਅੰਗ - ੧੩੭੫*

ਹੁਣ ਦੂਜਾ ਮਿਟ ਗਿਆ। ਲਹਿਰ ਸਮੁੰਦਰ 'ਚ ਮਿਲ ਗਈ। ਜਲ ਦੇ ਵਿੱਚ ਜਾ ਕੇ ਜਲ ਬਣ ਗਿਆ। ਮਹਾਰਾਜ ਕਹਿੰਦੇ ਮਿਲਣਾ ਹੈ ਸਾਨੂੰ? ਮਿਲਣਾ ਹੈ ਗੁਰੂ ਨਾਨਕ ਪਾਤਸ਼ਾਹ ਨੂੰ? ਮਿਲਣੈ ਗੁਰੂ ਦਸ਼ਮੇਸ਼ ਪਿਤਾ ਨੂੰ? ਦੇਖੀਂ ਕਿਤੇ ਗਲਤੀ ਖਾ ਜਾਏਂ, ਉਨ੍ਹਾਂ ਨੂੰ ਹੱਦਬੰਦੀਆਂ ਵਾਲੇ ਸਰੀਰ ਨਾ ਸਮਝੀਂ, ਉਹ ਤਾਂ ਨਿਰੰਕਾਰੀ ਜੋਤ ਹੈ। ਉਹ ਇਕੋ ਹੀ ਜੋਤ ਪਹਿਲਾਂ ਸੀ। ਨਾ ਇਥੇ ਕੋਈ ਹੈ ਤੇ ਨਾ ਕਿਸੇ ਨੇ ਹੋਣਾ ਹੈ, ਜੇ ਹੈ ਤਾਂ ਇੱਕੋ ਹੀ ਹੈ।

*ਧਾਰਨਾ - ਏਕੋ ਕਹੀਐ ਨਾਨਕਾ - ੨*
*ਪਿਆਰੇ ਦੂਜਾ ਕਾਹੇ ਕੂ।*
*ਕਤਹੂੰ ਸੁਚੇਤ ਹੋਇਕੈ ਚੇਤਨਾ ਕੋ ਚਾਰ ਕੀਓ*
*ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥*
*ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ*
*ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪ੍ਰੀਤ*
*ਕਹੂੰ ਤਾ ਸਿਉ ਬਿਪ੍ਰੀਤ ਕਹੂੰ ਤ੍ਰਿਗੁਨ ਅਤੀਤ*
*ਕਹੂੰ ਸੁਰਗੁਨ ਸਮੇਤ ਹੋ॥ ਤ੍ਵਪ੍ਰਸਾਦਿ ਕਬਿੱਤ*

ਮਹਾਂਪੁਰਸ਼ ਕਹਿਣ ਲੱਗੇ, ਆ ਜਾਓ ਫੇਰ ਇਸ ਰਸਤੇ-ਰਸਤੇ ਤੁਰ ਕੇ, ਕਿਉਂਕਿ ਜਿੱਥੇ ਸੰਤ ਜਾ ਕੇ ਬਿਰਾਜਦੇ ਨੇ, ਉਹ ਤ੍ਰਿਗੁਣ ਅਤੀਤ ਅਵਸਥਾ, ਵਾਹਿਗੁਰੂ ਦਾ ਆਪਣਾ ਨਿਜ ਦੇਸ਼ ਸੱਚਖੰਡ, ਉਥੇ ਦੋ ਨਹੀਂ ਹੋਇਆ ਕਰਦੇ।

*ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ*
*॥ ਸੋਈ ਫਿਰਿ ਕੈ ਤੂ ਭਇਆ*
*ਜਾ ਕਉ ਕਹਤਾ ਅਉਰੁ ॥ ਅੰਗ - ੧੩੬੯*

ਸੋ ਜਦੋਂ ਇਹ ਅਵਸਥਾ ਹੋ ਜਾਂਦੀ ਹੈ, ਫੇਰ ਮੇਲ ਤਾਂ ਸਦੀਵੀ ਹੋ ਗਿਆ, ਜਿਧਰ ਅੱਖ ਖੋਲ੍ਹ ਕੇ ਦੇਖਦੇ ਹਾਂ ਓਧਰ ਹੀ ਸੰਤ ਮਹਾਰਾਜ ਦਿਸਦੇ ਨੇ, ਦੂਜਾ ਨਹੀਂ ਨਜ਼ਰ ਆਉਂਦਾ। ਇਕੋ ਹੀ ਨਜ਼ਰ ਆਉਂਦਾ ਹੈ ਕਿਉਂਕਿ ਨੇਤਰਾਂ 'ਚ ਫਰਕ ਪੈ ਗਿਆ।

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੨*

ਫੇਰ ਜਿਹਦੀ ਅੱਖ ਖੁਲ੍ਹੀ ਹੋਈ ਹੈ, ਜਦੋਂ ਭਾਈ ਘਨਈਏ ਦੀ ਅੱਖ ਖੁੱਲ੍ਹ ਗਈ ਫੇਰ ਪ੍ਰਮੇਸ਼ਰ ਤੋਂ ਬਗੈਰ ਹੋਰ ਕੋਈ ਦਿਸਦਾ ਹੀ ਨਹੀਂ, ਫੇਰ ਇੱਕੋ ਹੀ ਜੋਤ ਨਜ਼ਰ ਆ ਰਹੀ ਹੈ, ਆਪ ਵੀ ਓਹੀ ਹੈ ਤੇ ਉਹ ਵੀ ਓਹੀ ਹੈ। ਸੋ ਸੰਸਾਰ ਨੂੰ ਨਹੀਂ ਇਸ ਗੱਲ ਦਾ ਪਤਾ, ਕਿਉਂਕਿ ਸੰਸਾਰ ਇੱਕ ਖੇਲ੍ਹ ਦੇ ਵਿੱਚ ਖੇਲ੍ਹ ਰਿਹਾ ਹੈ। ਮਹਾਤਮਾ ਨੂੰ ਜਦ ਤੱਤ ਬਾਤ ਦਾ ਪਤਾ ਲਗਦਾ -

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ ॥ ਅੰਗ - ੬੧੦*

ਵਿਛੋੜਾ ਹੈ ਹਉਮੈ ਦਾ, ਹਉਮੈ ਦੂਰ ਹੋ ਕੇ ਸਦਾ ਹੀ ਮਿਲਨ ਹੋਇਆ ਕਰਦਾ ਹੈ। ਸੋ ਮਹਾਂਪੁਰਸ਼ ਕਿਤੇ ਗਏ ਨਹੀਂ ਹਨ, ਸਾਰਿਆਂ ਦੇ ਨਾਲ, ਜਿਹੜਾ ਪਿਆਰ ਕਰਦਾ ਹੈ। ਇਹ ਗੱਲ ਵਖਰੀ ਹੈ ਕਿ ਉਸ ਸ਼ਕਲ ਨੂੰ ਅਸੀਂ ਭਾਲਦੇ ਹਾਂ, ਉਹ ਸ਼ਬਦ ਰੂਪ ਦੇ ਵਿੱਚ ਹਰੇਕ ਦੇ ਨਾਲ ਨੇ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

♠♠♠♠♠

# ਬਿਜੈ ਸਿੰਘ

***ਭਾਈ ਵੀਰ ਸਿੰਘ ਜੀ***

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ

## ਕਾਂਡ ਸੋਲਵਾਂ

ਹੁਣ ਸੁਣੋਂ ਸਾਡੇ ਬਿਜੈ ਸਿੰਘ ਦੀ ਦਸ਼ਾ ਕੀ ਹੋਈ?

ਇਹ ਤਾਂ ਅਸੀਂ ਦੱਸ ਹੀ ਆਏ ਹਾਂ ਕਿ ਸਿੰਘ ਸਾਰੇ ਬਨਾਂ ਝੱਲਾਂ ਪਰਬਤਾਂ ਵਿਖੇ ਖਿੰਡ ਫੁਟੇ ਗੁਜ਼ਾਰਾ ਕਰ ਰਹੇ ਹਨ, ਅਰ ਬੈਠੇ ਸਮੇਂ ਵੱਲ ਤਕ ਰਹੇ ਸਨ ਕਿ ਕੋਈ ਦਾਉ ਨਿਕਲੇ ਤਾਂ ਦੇਸ਼ ਨੂੰ ਸੰਭਾਲੀਏ? ਇਨ੍ਹਾਂ ਦੇ ਲੁਕ ਜਾਣ ਵਿੱਚ ਪੰਥ ਦੇ ਕਿਰਤੀਆਂ ਜਾਂ ਗਰੀਬਾਂ ਦੀ ਜੋ ਦਲਾਂ ਦੇ ਵਿੱਚ ਨਹੀਂ ਰਿਹਾ ਕਰਦੇ ਸਨ, ਬੜੀ ਦੁਰਦਸ਼ਾ ਹੋਇਆ ਕਰਦੀ ਸੀ। ਜਦ ਉਨਹਾਂ ਪੁਰ ਜ਼ੁਲਮ ਕਹਿਰ ਦੇ ਹੁੰਦੇ ਤਦ ਖਾਲਸੇ ਦੇ ਦਲ ਸਮਾਂ ਤਾੜ ਕੇ ਗੁੱਸਾ ਖਾ ਕੇ ਸ਼ੇਰਾਂ ਵਾਂਗ ਬਨਾਂ ਵਿਚੋਂ ਨਿਕਲ ਪੈਂਦੇ ਸਨ ਅਰ ਵੈਰੀਆਂ ਨਾਲ ਦੋ ਹੱਥ ਕਰ ਜਾਂਦੇ, ਆਪਣਿਆਂ ਨੂੰ ਬਚਾ ਲੈਂਦੇ ਤੇ ਦਰੋਹੀਆਂ ਨੂੰ ਪਛਾੜ ਦਿੰਦੇ। ਹੁਣ ਭੀ ਇਹੋ ਹਾਲ ਹੋਇਆ, ਘਰ ਅਤਿਆਚਾਰਾਂ ਤੇ ਸਿੰਘਣੀਆਂ ਦੇ ਦੁਖੜਿਆਂ ਦੀ ਖਬਰ ਜਦ ਸਿੰਘਾਂ ਵਿਚ ਫੈਲੀ ਅਰ ਬਿਜਲਾ ਸਿੰਘ ਆਦਿਕ ਨੇ ਦਰਦਨਾਕ ਹੋਣੀਆਂ ਦੇ ਸਮਾਚਾਰ ਕਹਿ ਸੁਣਾਏ ਤਦ ਖਾਲਸੇ ਦੇ ਦਿਲਾਂ ਵਿੱਚ ਰੋਹ ਉੱਤਰ ਆਇਆ ਅਰ ਜਗ੍ਹਾ ਇਹ ਉਦਮ ਹੋਇਆ ਕਿ ਇਕ ਵੇਰ ਲਾਹੌਰ ਪਹੁੰਚਣਾ ਚਾਹੀਏ। ਪਰ ਸਭ ਤੋਂ ਪਹਿਲੇ ਕਰੋੜਾਂ ਸਿੰਘ ਦਾ ਜਥਾ ਲਾਹੌਰ ਵਲ ਮੂੰਹ ਧਰ ਕੇ ਐਉਂ ਤੁਰਿਆ, ਜਿੱਕੁਰ ਦਰਿਆ ਦਾ ਹੜ੍ਹ ਤੁਰਦਾ ਹੈ। ਉਧਰੋਂ ਭਾਈ ਬਿਜੈ ਸਿੰਘ ਨੂੰ ਬੀ ਇਹ ਖਬਰ ਮਿਲੀ ਓਰ ਨਾਲ ਜੀ ਸਾਬਰਸ਼ਾਹ ਫਕੀਰ ਦੇ ਛੱਡੇ ਹੋਏ ਸੂੰਹੀਆਂ ਨੇ ਖਬਰ ਲਿਆ ਦੱਸੀ ਕਿ ਸ਼ੀਲ ਕੌਰ ਬੀ ਸਿੰਘਣੀਆਂ ਦੇ ਟੋਲੇ ਵਿੱਚ ਲਾਹੌਰ ਤਸੀਹੇ ਭੋਗ ਰਹੀ ਹੈ। ਹੁਣ ਸਿੰਘ ਹੋਰਾਂ ਪਾਸੋਂ ਸਬਰ ਕਰਨਾ ਕਠਨ ਹੋ ਗਿਆ। ਆਪ ਸਿੰਘਾਂ ਦੇ ਤਿਆਰੇ ਦੀ ਪੱਕੀ ਸੁ ਸੁਣ ਚੁੱਕੇ ਸਨ। ਸਾਬਰਸ਼ਾਹ ਨੂੰ ਵੈਰਾਗ ਵਿੱਚ ਛੱਡ ਕੇ ਸਿੰਘ ਹੋਰੀਂ ਕਰੋੜਾਂ ਸਿੰਘ ਦੇ ਦਲ ਵਿਚ ਆਣ ਰਲੇ। ਦਲ ਵਿੱਚ ਪਹੁੰਚਦੇ ਹੀ ਇਨ੍ਹਾਂ ਦੀ ਬੜੀ ਮਾਨਤਾ ਹੋਈ। ਇਨ੍ਹਾਂ ਦਾ ਜਸ ਤਾਂ ਸਾਰੇ ਵਿੱਦਤ ਹੀ ਸੀ ਅਰ ਸਭ ਸਿੱਖ ਐਸੇ ਅਮੀਰ ਦੇ ਪੁੱਤਰ ਦਾ, ਜਿਹਨੇ ਸਰਬ ਸੁੱਖ ਛੱਡ ਕੇ ਕੰਡਿਆਂ ਦੀ ਸੇਜ ਦੁਖੀਆਂ ਦੇ ਹਿਤ ਕਬੂਲੀ ਸੀ, ਦਰਸਨ ਕਰਨ ਦੇ ਅਭਿਲਾਸੀ ਹੋ ਰਹੇ ਸਨ। ਆਪੋ ਵਿੱਚ ਦੁਵੱਲੀ ਬੜੇ ਪਿਆਰ ਨਾਲ ਮਿਲੇ, ਜਾਣੋਂ ਸੱਕੇ ਵੀਰ ਹੁੰਦੇ ਹਨ। ਅੱਜਕਲ੍ਹ ਸਿੱਖਾਂ ਵਲ ਦੇਖੋ ਕਿ ਕੌਮੀ ਮੁਹੱਬਤ ਦਿਲਾਂ ਵਿਚੋਂ ਕੀਕੂੰ ਘਟ ਰਹੀ ਹੈ। ਸਿੱਖ ਦੇ ਕੋਲੋਂ ਸਿੱਖ ਮੋਢਾ ਖਹਿ ਕੇ ਐਉਂ ਆਕੜਫੂੰ ਲੰਘ ਜਾਂਦਾ ਹੈ ਜਿੱਕੁਰ ਕੋਈ ਸਤਾ-ਓਪਰਾ ਹੁੰਦਾ ਹੈ। ਕਿੱਥੇ ਸਿੱਖ ਨੂੰ ਦੇਖ ਕੇ ਸਿੱਖ ਪ੍ਰਸੰਨ ਹੁੰਦੇ ਸਨ ਅਰ ਬਿਨਾਂ ਵਾਕਫੀ ਫਤਹ ਗਜਾ ਕੇ ਮਿਲਦੇ ਸਨ ਤੇ ਜੋ ਮੁਸ਼ਕਲ ਆ ਬਣੇ ਤਾਂ ਇੱਕ ਦੂਜੇ ਦੀ ਸਹਾਇਤਾ ਕਰਦੇ ਸਨ।

ਗੱਲ ਕੀ ਹੁਣ ਖਾਲਸੇ ਦੇ ਦਲ ਆ ਨਿਕਲੇ, ਸੇਵਾ ਦਾ ਕੰਮ ਅਰ ਕੁਛ ਕੁ ਸਵਾਰਾਂ ਦੀ ਜਥਦਾਰੀ ਬਿਜੈ ਸਿੰਘ ਦੇ ਹੱਥ ਦਿੱਤੀ ਗਈ। ਖਾਲਸਾ ਬੜੇ ਬੜੇ ਬਚਾਵੇਂ ਰਸਤੀਂ ਕੂਚ ਕਰਦਾ ਕਰਦਾ ਇੱਕ ਦਿਨ ਪਹੁ ਫੁਟਾਲੇ ਤੋਂ ਅੱਗੇ ਹੀ ਲਾਹੌਰ ਦੇ ਲਾਗੇ ਜਾ ਪਹੁੰਚਾ ਅਰ ਸਾਰੇ ਦੇ ਸਾਰੇ ਬਿਜਲੀ ਦੀ ਤਰ੍ਹਾਂ ਓਸ ਥਾਵੇਂ ਜਾ ਪਏ ਜਿਥੇ ਸਿੰਘਣੀਆਂ ਦੁਖੜੇ ਭਰ ਰਹੀਆਂ ਸਨ। ਪਹਿਰੇਦਾਰਾਂ ਵਿਚੋਂ ਜਿਨ੍ਹਾਂ ਨੇ ਟਾਕਰਾ ਕੀਤਾ, ਇਸ ਤਰ੍ਹਾਂ ਕੱਟੇ ਗਏ, ਜਿੱਕੁਰ ਗਾਜਰਾਂ ਤੇ ਬਾਕੀ ਦੇ ਤੱਤ ਫੱਟ ਨੱਸ ਗਏ। ਬਿਜੈਮਾਨ ਖਾਲਸੇ ਦੇ ਸਰਦਾਰ ਉਸ ਦਲਾਨ ਵਿਚ ਇੱਕ ਨਿੱਕੀ ਕੰਧ ਢਾਹ ਕੇ ਜਾ ਵੜੇ, ਜੋ ਜ਼ਿਮੀਂ ਦੇ ਅੰਦਰ ਭੋਰੇ ਜਿਹੇ ਵਾਂਗ ਸੀ। ਸਿੰਘਣੀਆਂ ਦੀ ਦਸ਼ਾ ਦੇਖ ਕੇ ਸਭ ਦੀਆਂ ਅੱਖਾਂ ਵਿੱਚ ਲਹੂ ਉਤਰ ਆਇਆ। ਬੱਚਿਆਂ ਦੇ ਟੁਕੜੇ ਖਿਲਰੇ ਹੋਏ, ਬਦਬੋ ਫੈਲੀ ਹੋਈ, ਇਨ੍ਹਾਂ ਵਿਚਾਰੀਆਂ ਦੀਆਂ ਮੁਸ਼ਕਾਂ ਕੱਸੀਆਂ ਹੋਈਆਂ, ਕਈ ਥੰਮ੍ਹਾਂ ਨਾਲ ਜਕੜੀਆਂ ਹੋਈਆਂ ਕਈ ਮੋਈਆਂ ਪਈਆਂ, ਕਈ ਸਿਸਕ ਰਹੀਆਂ ਸਨ। ਕਪੜੇ ਵਿਚਾਰੀਆਂ ਦੇ ਲੀਰਾਂ ਨਾਲੋਂ ਨੀ ਪਰਲੇ ਪਾਰ, ਚਿਹਰੇ ਮਜਨੂੰ ਨਾਲੋਂ ਬੀ ਲਿੱਸੇ, ਪਰ ਜਿੱਕੁਰ ਮੋਏ ਸੱਪ ਦੀ ਬੀ ਮਣੀ ਚਮਤਕ੍ਰਿਤ ਰਹਿੰਦੀ ਹੈ, ਤਿਵੇਂ ਵਾਹਿਗੁਰੂ ਸ਼ਬਦ ਦੀ ਧੁਨਿ ਉਨ੍ਹਾ ਦੇ ਹਿਰਦਿਆਂ ਵਿਚੋਂ ਅਚਰਜ ਪਿਆਰ ਨਾਲ ਲਿਸ਼ਕ ਦੇ ਰਹੀ ਸੀ। ਬਿਜੈ ਸਿੰਘ ਦੀ ਫੁਰਤੀ ਤੇ ਸਾਥੀਆਂ ਦੀ ਚਲਾਕੀ ਨੇ ਝੱਟ ਪਟ ਮੁਸ਼ਕਾ ਕੱਟਣੀਆਂ ਸ਼ੁਰੂ ਕੀਤੀਆਂ। ਸਰਦਾਰ ਕਰੋੜਾਂ ਸਿੰਘ ਹੁਰੀਂ ਆਪਣੇ ਚਾਦਰੇ ਤੇ ਹੋਰਨਾਂ ਸਾਥੀਆਂ ਦੇ ਵਾਧੂ ਕਪੜੇ ਲੈ ਲੈ ਉਨ੍ਹਾਂ ਭੈਣਾਂ ਨੂੰ ਦੇਈ ਜਾ ਰਹੇ ਹਨ, ਜਿਨ੍ਹਾਂ ਦੇ ਕਪੜੇ ਫਟ ਫਟ ਕੇ ਪਿੰਡੇ ਨੂੰ ਲੁਕਾਉਣ ਜੋਗੇ ਬੀ ਨਹੀਂ ਰਹੇ ਹੋਏ। ਪਿਛਲੇ ਜਥੇਦਾਰਾਂ ਦੇ ਇਹ ਪਿਆਰ ਤੇ ਪ੍ਰੇਮ ਭਾਵਨਾਂ ਹੁੰਦੀਆਂ ਸਨ। ਅੱਜਕੱਲ੍ਹ ਤਾਂ ਅਨੇਕਾਂ ਘਰਾਣੇ ਸ਼ਰਾਬ ਆਦਿ ਕੁਕਰਮਾਂ ਦੇ ਸ਼ਿਕਾਰ ਹੋ ਗਏ ਹਨ ਤੇ ਫੈਸ਼ਨਾਂ ਤੇ ਦਿਖਾਵਿਆਂ ਮਗਰ ਲੱਗ ਕੇ ਗਿਰ ਰਹੇ ਹਨ। ਕਈ ਅਯਾਸ਼ੀਆਂ ਵਿੱਚ ਪੈ ਕੇ ਜਗੀਰਾਂ ਤੇ ਵੱਡਿਆਂ ਦੀਆਂ ਕਮਾਈਆਂ ਰੁੜ੍ਹਾ ਰੁੜ੍ਹਾ ਕੇ ਕੰਗਾਲ ਹੋਈ ਜਾਂਦੇ ਹਨ।

ਇਸ ਵੇਲੇ ਸਿੰਘਾਂ ਦੀਆਂ ਅੱਖਾਂ ਦੀ ਪਵਿੱਤਰ ਅਰ ਨੀਵੀਂ ਦ੍ਰਿਸ਼ਟੀ ਸਿੰਘਣੀਆਂ ਦੀ ਸ਼ੁਕਰ ਗੁਜ਼ਾਰੀ ਅਰ ਪ੍ਰਸੰਨਤਾਈ ਦੇਖਣ ਦੇ ਜੋਗ ਸੀ, 'ਸਤਿ ਸ੍ਰੀ ਅਕਾਲ' ਤੇ 'ਵਾਹਿਗੁਰੂ ਜੀ ਕੀ ਫਤੇ' ਤੇ 'ਧਨ ਸਤਿਗੁਰ' ਦੇ ਜੈਕਾਰਾ ਗਜ ਰਹੇ ਸਨ। ਸਾਰਾ ਕਾਰਜ ਫਤੇ ਹੋ ਗਿਆ। ਭਾਵੇਂ ਲਾਹੌਰ ਵਿੱਚ ਮੰਨੂੰ ਦੀ ਮੌਤ, ਮੰਨੂੰ ਦੀ ਫੌਜ ਤੇ ਮੰਨੂੰ ਦੀ ਬੇਗਮ ਤੇ ਉਮਰਾਵਾਂ ਦੇ ਝਗੜੇ ਹੋ ਰਹੇ ਸਨ, ਪਰ ਫੇਰ ਬੀ ਤੁਰਕਾਂ ਦੀ ਪਾਤਸ਼ਾਹੀ ਦੀ ਰਾਜਧਾਨੀ ਦੇ ਪਾਸ ਇਸ ਤਰ੍ਹਾਂ ਪਹੁੰਚ ਕੇ ਕਟਾ-ਵੱਢੀ ਕਰਨੀ ਭਾਰੀ ਦਲੇਰੀ ਦਾ ਕੰਮ ਸੀ ਅਰ ਚਾਰ-ਚੁਫੇਰੇ ਕਰੜੇ ਖਤਰੇ ਨਾਲ ਘਿਰੀ ਹੋਈ ਵਿਉਂਤ ਸੀ। ਇਸ ਲਈ ਬੜੀ ਫੁਰਤੀ ਨਾਲ ਇਕ ਇਕ ਜਣੇ ਨੇ ਇਕ ਇਕ ਭੈਣ ਨੂੰ ਘੋੜੇ ਤੇ ਨਾਲ ਬਿਠਾਲ ਲਿਆ। ਉਸ ਮਕਾਨ ਵਿੱਚ ਬਾਲਕਾਂ ਦੇ ਲੋਥੜੇ ਇਕੱਠੇ ਕਰਕੇ ਤੇ ਮੋਈਆਂ ਨੂੰ ਵਿੱਚ ਰੱਖ

ਕੇ ਲੱਕੜ ਮੋੜੇ ਪਾ ਕੇ ਅੱਗ ਲਾ ਦਿੱਤੀ ਅਰ ਝਟ ਪਟ ਤਿਲਕਦੇ ਹੋਏ। ਦੂਰ ਜਾ ਕੇ ਜੱਥੇ ਨੇ ਇਕ ਬਨ ਵਿੱਚ ਜਾ ਦਮ ਲੀਤਾ। ਰਸਤੇ ਵਿੱਚ ਇਕ ਪਿੰਡ ਵਿਚੋਂ ਰਸਤ ਪਾਣੀ ਲੈ ਗਏ। ਹੁਣ ਇਸ ਬਨ ਵਿੱਚ ਅੱਪੜ ਕੇ ਸਿੰਘਾਂ ਨੇ ਕਮਰ-ਕੱਸੇ ਖੋਲ੍ਹੇ ਅਰ ਰਾਵੀ ਦਰਿਆ ਵਿਚ, ਜੋ ਨਾਲ ਵਹਿ ਰਿਹਾ ਸੀ, ਇਸ਼ਨਾਨ-ਪਾਣੀ ਕੀਤੇ। ਵਿਚਾਰੀਆਂ ਸਿੰਘਣੀਆਂ ਨੂੰ ਮੁੱਦਤਾਂ ਮਗਰੋਂ ਜਲ ਨਸੀਬ ਹੋਇਆ, ਫੇਰ ਲੰਗਰ ਤਿਆਰ ਕੀਤਾ ਗਿਆ। ਪਹਿਲੇ ਸਿੰਘਣੀਆਂ ਨੂੰ ਛਕਾਇਆ ਗਿਆ, ਫੇਰ ਸਭ ਨੇ ਛਕਿਆ। ਜਦ ਸਭੇ ਪ੍ਰਸੰਨ ਹੋ ਗਏ ਤਦ ਸਰਦਾਰ ਕ੍ਰੋੜਾ ਸਿੰਘ ਅਰ ਬਿਜੈ ਸਿੰਘ ਨੇ ਛਕਿਆ, ਕਿਉਂਕਿ ਇਹ ਦੋਵੇਂ ਭਲੇ ਪੁਰਖ ਲੰਗਰ ਵਰਤਾਉਣ ਦੀ ਸੇਵਾ ਕਰ ਰਹੇ ਸਨ। ਕਿਉਂਕਿ ਸਿੱਖੀ ਦੇ ਅਸੂਲਾਂ ਮੂਜਬ ਜਥੇਦਾਰ ਬੀ ਸੇਵਾ ਨੂੰ ਜੀਵਨ ਸਫਲਤਾ ਸਮਝਦਾ ਹੈ। ਹੁਣ ਐਸਾ ਬਾਨ੍ਹਣੂ ਬੰਨਿਝਆ ਗਿਆ, ਜਿਸ ਨਾਲ ਹਰੇਕ ਸਿੰਘਣੀ ਨੂੰ ਉਸ ਦੇ ਪਿੰਡ ਟੱਬਰ ਟੋਰ ਵਿੱਚ ਪਹੁੰਚਾਇਆ ਗਿਆ। ਜਿਸ ਕਿਸੇ ਦੇ ਸਬੰਧੀਆਂ ਵਿਚੋਂ ਕੋਈ ਨਹੀਂ ਸੀ ਰਿਹਾ ਓਹ ਜੱਥੇ ਵਿੱਚ ਹੀ ਸੇਵਾ ਦੇ ਕੰਮ ਪਰ ਰਹੀ, ਅਰ ਆਪਣੇ ਭਰਾਵਾਂ ਦੀ ਬਿਪਤਾ ਵਿੱਚ ਹੱਥ ਵਟਾ ਕੇ ਜਨਮ ਮਰਨ ਸਵਾਰਦੀ ਰਹੀ। ਬਿਜੈ ਸਿੰਘ ਹੋਰਾਂ ਨੂੰ ਸੀਲ ਕੌਰ ਦਾ ਠੀਕ ਠੀਕ ਪਤਾ ਨਾ ਲੱਗਾ। ਇਹ ਤਾਂ ਖਬਰ ਮਿਲ ਗਈ ਸੀ ਕਿ ਮੰਨੂੰ ਉਸ ਨੂੰ ਕੈਦ ਵਿਚੋਂ ਮਹੱਲਾਂ ਵਿੱਚ ਲੈ ਗਿਆ ਸੀ, ਪਰ ਹੁਣ ਸੁਣਿਆਂ ਕਿ ਉਸ ਨੂੰ ਰਾਣੀ ਬਣਾ ਲਿਆ ਸੁ। ਇਸ ਖਬਰ ਨੂੰ ਸੁਣ ਕੇ ਕਿਸੇ ਨੂੰ ਨਿਸ਼ਚਾ ਨਾ ਆਇਆ ਕਿ ਇਹ ਗੱਲ ਸੱਚੀ ਹੋਵੇਗੀ। ਬਿਜੈ ਸਿੰਘ ਨੇ ਤਾਂ ਪੁਕਾਰ ਕੇ ਕਹਿ ਦਿੱਤਾ ਸੀ ਕਿ ਜੇ ਮੇਰੀ ਪਤਨੀ ਜੀਉਂਦੀ ਹੈ ਤਦ ਜ਼ਰੂਰ ਸਤਿ ਧਰਮ-ਸਮੇਤ ਜੀਉਂਦੀ ਹੈ, ਜੋ ਮਰ ਚੁੱਕੀ ਹੈ ਤਦ ਧਰਮ ਨੂੰ ਨਾਲ ਲੈ ਕੇ ਆਈ ਹੈ, ਇਹ ਗੱਲ ਅਸੰਭਵ ਹੈ ਕਿ ਸਿੰਘਣੀ ਧਰਮ ਤਿਆਗ ਕੇ ਜੀਵੇ। ਲੋਕੀਂ ਤਾਂ ਜਿੰਦੇ ਦੇ ਆਸਰੇ ਜੀਉਂਦੇ ਹਨ ਪਰ ਸਿੰਘ ਦੀ ਜਿੰਦ ਧਰਮ ਹੈ, ਏਹ ਧਰਮ ਦੇ ਆਸਰੇ ਜੀਉਂਦੇ ਹਨ, ਜਦ ਮਰਦੇ ਹਨ ਤਦ ਧਰਮ ਨੂੰ ਨਾਲ ਲੈ ਜਾਂਦੇ ਹਨ, ਜੀਉਂਦੇ ਹਨ ਤਦ ਧਰਮ ਨੂੰ ਜਿੰਦ ਬਣਾ ਕੇ ਜੀਉਂਦੇ ਹਨ। ਇਹ ਕਦੀ ਨਹੀਂ ਹੋ ਸਕਦਾ ਕਿ ਧਰਮ ਹਾਰ ਕੇ ਕੋਈ ਸਿੰਘ ਜਾਂ ਸਿੰਘਣੀ ਜੀਉਂਦੀ ਰਹੀ ਹੋਵੇ।

ਇਸ ਦਾ ਕਾਰਨ ਇਹ ਸੀ ਕਿ ਇਹ ਲੋਕ ਨਾਮ ਦੇ ਪਿਆਰੇ ਸਨ; ਬਾਣੀ ਇਨ੍ਹਾਂ ਦਾ ਆਧਾਰ ਸੀ। ਸਤਿਗੁਰਾਂ ਦੇ ਹੁਕਮ ਮੂਜਬ ਬਾਬੇ ਬੰਦੇ ਦੇ ਵੇਲੇ ਤੋਂ ਜਿਵੇਂ ਦਸਮੇਂ ਪਾਤਸ਼ਾਹ ਦੇ ਵੇਲੇ ਸੀ ਤਿਵੇਂ ਸਿੰਘਾਂ ਦੇ ਦਲਾਂ ਵਿੱਚ ਬਾਣੀ ਦੇ ਪਾਠ ਦਾ ਰੋਜ਼ਾਨਾ ਰਵੱਯਾ ਬੜਾ ਪੱਕਾ ਤੁਰਿਆ ਆ ਰਿਹਾ ਸੀ। ਬਾਣੀ ਨੇ ਆਪਣੀ ਰੰਗਣ ਚਾੜ੍ਹਨੀ ਹੀ ਹੋਈ ਸੁੱਚਾ ਤੇ ਉੱਚਾ ਜੀਵਨ, ਕੁਰਬਾਨੀ ਤੇ ਪਿਆਰ ਬਾਣੀ ਨੇ ਭਰ ਹੀ ਦੇਣਾ ਹੋਇਆ -

ਮੀਰ ਮੰਨੂੰ ਦਾ ਮਰਨਾ ਜਾ ਸਾਰੇ ਦੇਸ਼ ਵਿੱਚ ਸੁਣਿਆ ਗਿਆ ਤਦ ਸਿੰਘ ਬਨਾਂ ਵਿਚੋਂ ਨਿਕਲ ਪਏ, ਜਿੱਕੁਰ ਰਾਤ ਬੀਤੀ ਤੇ ਸੂਰਜ ਨਿਕਲ ਪੈਂਦਾ ਹੈ; ਸਾਰੇ ਦੇਸ਼ ਵਿੱਚ ਇੱਕ ਤਰਥੱਲ ਮਚ ਗਿਆ। ਸਿੰਘਾਂ ਪਹਿਲਾਂ ਹੱਥ ਉਨ੍ਹਾਂ ਲੋਕਾਂ ਨੂੰ ਦੰਡ ਦਿੱਤੇ ਜਿਨ੍ਹਾਂ ਨੇ ਸ਼ਹਿਰ ਵਾਸੀ ਸਿੰਘ, ਸਿੰਘਾਂ ਦੇ ਬੱਚੇ ਤੇ ਤੀਵੀਆਂ ਫੜ ਫੜ ਮਾਰੇ ਤੇ ਮਰਵਾਏ ਸਨ, ਯਥਾ -

*ਉਨ ਸਭ ਚੁਗਲੋਂ ਤਾਈਂ ਚੁਨ ਚੁਨ।*
*ਮਾਰਯੋ ਲੂਟਯੋ ਘਰ ਸਿੰਘਨ ਪੁਨ।*
*ਨੂਰ ਦੀਨ ਕੀ ਲੁਟੀ ਸਰਾਇ।*
*ਸਿੰਘ ਕੋਟ ਮਾਰਯੋ ਫਿਰ ਧਾਇ।*
*ਲੂੰਟਯੋ ਸਿੰਘਨ ਨਗਰ ਮਜੀਠਾ।*
*ਮਾਰਯੋ ਜੰਡਿਆਲਾ ਫਿਰ ਨੀਠਾ।*
*ਕਰਮੇ ਛੀਨੇ ਦਾ ਪਰਵਾਰ।*
*ਮਾਰ ਲੂਟ ਕੈ ਕਰਯੋ ਖੁਆਰ।*
*ਰਾਮੇ ਰੰਧਾਵੇ ਦਾ ਗ੍ਰਾਮ।*
*ਘਣੀਆ ਲੂਟਯੋ ਐਨ ਤਮਾਮ।*
*ਸੈਦੇ ਵਾਲੇ ਕਾ ਜਟ ਦਯਾਂਲਾ।*
*ਪੈਂਚ ਨਿਬਾਹੂ ਭੂਰੇ ਵਾਲਾ।*
*ਇਸਮਾਈਲ ਖਾਂ ਥਾ ਮੰਡਯਲੀਆ।*
*ਅਕਾਲ ਦਾਸ ਮਹੰਤ ਹਦਾਲੀਆ।*
*ਰੰਘੜ ਮਾਰੇ ਜਾ ਬੁਤਾਲੀਏ।*
*ਸਿੱਧੇ ਕੀਤੇ ਜੱਟ ਬੁੰਡਾਲੀਏ।*
*ਘੇਰ ਔਲੀਏ ਖਾ ਕੋ ਮਾਰਯ।*
*ਹਸਨਾ ਭੱਟੀ ਜਮ ਘਰ ਬਾਰਯੋ।*
*ਮਾਲ੍ਹ ਪੁਰੀਏ ਗੁਲਾਬੇ ਕੇਰੋ।*
*ਫਗਵਾੜਾ ਭੀ ਲੁਟਯੋ ਬਧੇਰੋ।*
*ਇਤਿਆਦਿਕ ਔਰਨ ਕੇ ਲੋਗ।*
*ਮੁਖਬਰ ਥੇ ਜੋ ਮਾਰਣ ਜੋਗ।*
*ਸੋ ਮਾਰੇ, ਸਾਜਨ ਬਹੁਤ ਪਾਰੇ।*
*ਮਾਰੇ ਪੈਂਚ ਨੁਸ਼ਹਿਰੇ ਵਾਰੇ।*
*ਲਏ ਦੁਸ਼ਮਨੋ ਤੇ ਬਡ ਬਦਲੇ।*
*ਸਿੰਘਨ ਮਾਰ ਮਚਾਯੋ ਗਦਲੇ।*
*(ਪੰਥ ਪ੍ਰਕਾਸ਼ ਟਾਈਪ ਸਫਾ ੭੧੩)*

ਇਸ ਪ੍ਰਕਾਰ ਸਿੱਖਾਂ ਨੇ ਥਾਂ-ਥਾਂ ਆਪਣੇ ਕੈਦੀ ਛੁਡਾਏ, ਅਪਰਾਧੀਆਂ ਨੂੰ ਦੰਡ ਦਿੱਤੇ ਤੇ ਫੇਰ ਦੇਸ਼ ਨੂੰ ਸੰਭਾਲਣ ਵੱਲ ਲੱਗ ਪਏ, ਪਰ ਉਧਰ ਮੁਰਾਦ ਬੇਗਮ ਬੜੀ ਚਲਾਕ ਜਥ੍ਹੇ ਵਾਲੀ ਅਰ ਦਨਾ ਤ੍ਰੀਮਤ ਸੀ। ਉਸ ਨੇ ਪਤੀ ਦੇ ਮਰਦੇ ਹੀ ਸਾਰੇ ਦਰਬਾਰੀਆਂ, ਅਮੀਰਾਂ ਤੇ ਵਜ਼ੀਰਾਂ ਨੂੰ ਆਪਣੇ ਨਾਲ ਗੰਢ ਲਿਆ ਸੀ ਅਰ ਆਪਣੇ ਤਿੰਨ ਵਰ੍ਹੇ ਦੇ ਨਿਆਣੇ ਪੁੱਤਰ ਨੂੰ ਗੱਦੀ ਉਤੇ ਬਿਠਾਲ ਕੇ ਆਪ ਸਰਬਰਾਹ ਬਣ ਕੇ ਰਾਜ ਕਰਨ ਲੱਗ ਗਈ ਇਸ ਨੇ ਆਪਣੇ ਵਕੀਲ ਕਾਬਲ ਦੁਰਾਨੀ ਪਾਤਸ਼ਾਹ ਵੱਲ ਚੋਰੀ ਚੋਰੀ ਘੱਲ ਦਿੱਤੇ ਕਿ ਆਪ ਪੰਜਾਬ ਦੀ ਨਵਾਬੀ ਮੇਰੇ ਪੁੱਤਰ ਦੇ ਹੱਕ ਵਿੱਚ ਮੇਰੀ ਸਰਬਰਾਹੀ ਹੇਠਾਂ ਕਰਾ ਦਿਓ। ਇਸੇ ਤਰ੍ਹਾਂ ਇਸ ਨੇ ਦਿੱਲੀ ਦੇ ਪਾਤਸ਼ਾਹ ਵੱਲ ਚੋਰੀ ਵਕੀਲ ਘੱਲ ਦਿੱਤੇ ਕਿ ਲਾਹੌਰ ਦੀ ਸੂਬੇਦਾਰੀ ਮੇਰੇ ਪੁੱਤਰ ਦੇ ਨਾਮ ਹੀ ਕਰ ਦਿਓ। ਇਉਂ ਦੋਹਾਂ ਪਾਤਸ਼ਾਹਾਂ ਨੇ ਬੇਗਮ ਦੇ ਪੁੱਤਰ 'ਅਮੀਨੁਦੀਨ' ਨੂੰ ਸੂਬੇਦਾਰ ਅਰ ਬੇਗਮ ਨੂੰ ਸਰਬਰਾਹ ਮੰਨ ਕੇ ਖਿਲਅਤ ਤੇ ਪਰਵਾਨੇ ਭਜਾ ਦਿੱਤੇ।

ਕਾਰਨ ਇਹ ਸੀ ਕਿ ਕਾਬਲ ਵਾਲਾ ਲਾਹੌਰ ਨੂੰ ਆਪਣੀ ਰਿਆਸਤ ਅਰ ਦਿੱਲੀ ਵਾਲਾ ਆਪਣੀ ਰਿਆਸਤ ਜਾਣਦੇ ਸਨ। ਸੋ ਪੰਜਾਬ ਦਾ ਰਾਜ ਉਹ ਕਰ ਸਕਦਾ ਸੀ ਜੋ ਦੋਹਾਂ ਨੂੰ ਪ੍ਰਸੰਨ ਰੱਖ ਸਕੇ। ਰਾਜ ਕਾਜ ਸੰਭਾਲ ਕੇ ਬੇਗਮ ਦੇਸ਼ ਦਾ ਬਾਨ੍ਹਣੂ ਬੰਨਣ ਲੱਗੀ। ਸਭ ਤੋਂ ਭਾਰੀ ਦੁੱਖ ਸਿੱਖਾਂ ਦਾ ਸੀ, ਸੋ ਮੋਮਨ ਖਾਂ ਨਾਇਬ ਨੂੰ ਫੌਜਾਂ ਦੇ ਕੇ ਅਮਨ ਕਾਰਜ਼ ਵਾਸਤੇ ਲਾਇਆ ਤੇ ਭਿਖਾਰੀ ਖਾਂ ਨੂੰ - ਜਿਸ ਦੀ ਬਣਵਾਈ ਹੋਈ ਸੁਨਹਿਰੀ ਮਸੀਤ ਇਸ ਵੇਲੇ ਤਕ ਲਾਹੌਰ ਵਿੱਚ ਹੈ - ਵਜ਼ੀਰ ਮੁਕਰਰ ਕੀਤਾ। ਇਹ ਬੜਾ ਭਲਾ, ਸੁੰਦਰ ਅਰ ਚਤੁਰ ਪੁਰਖ ਸੀ, ਇਸ ਦੀ ਸਲਾਹ ਨਾਲ ਬੇਗਮ ਦਾ ਰਾਜ ਪਤੀ ਵਾਂਗ ਹੀ ਤੁਰ ਪਿਆ।

ਸ਼ੀਲ ਕੌਰ ਤੇ ਉਸ ਦਾ ਲਾਲ ਮਹਿਲਾਂ ਵਿਚ ਹੀ ਰਹੇ। ਜਦੋਂ ਮੀਰ ਮੰਨੂੰ ਸ਼ਿਕਾਰ ਗਿਆ ਸੀ ਤਦ ਬੇਗਮ ਨੇ ਪੂਰਾ ਬਾਨ੍ਹਣੂ ਇਸ ਗੱਲ ਦਾ ਬੰਨ੍ਹ ਲਿਆ ਹੋਇਆ ਸੀ ਕਿ ਉਸ ਦੇ ਆਉਣ ਤੋਂ ਮੁਹਰੇ ਹੀ ਮਾਂ ਪੁੱਤਰ ਦਾ ਝਗੜਾ ਪਾਰ ਕਰ ਛੱਡੇ; ਪਰ ਉਧਰੋਂ ਮੰਨੂੰ ਦੇ ਮਰ ਜਾਣ ਦੀ ਖਬਰ ਆ ਗਈ। ਹੁਣ ਬੇਗਮ ਨੂੰ ਆਪਣੀ ਬਨਾਵਟੀ ਭੈਣ ਦਾ ਆਪਣੇ ਪਾਸ ਰਹਿਣਾ ਇਕ ਸੁਖ ਤੇ ਆਸਰਾ ਹੀ ਦਿੱਸਿਆ। ਸ਼ੀਲ ਕੌਰ ਦੀ ਅਕਲ ਤੇ ਭਲਿਆਈ ਉਸ ਨੂੰ ਸਮਝ ਪੈ ਚੁੱਕੀਆਂ ਸਨ ਸੋ ਹੁਣ ਉਸ ਦੀ ਸਲਾਹ ਮਤ ਵਰਤਣ ਲੱਗ ਪਈ। ਉਸ ਦੀ ਸੁਥਰੀ ਅਕਲ ਉਸ ਨੂੰ ਕਈ ਔਕੜਾਂ ਵਿਚ ਐਸੀਆਂ ਸਲਾਹਾਂ ਦਿੰਦੀ ਸੀ ਕਿ ਬੇਗਮ 'ਵਾਹ ਵਾਹ' ਕਰ ਉਠਦੀ ਸੀ। ਇਸ ਤਰ੍ਹਾਂ ਬੇਗਮ ਦੇ ਜੀ ਵਿਚ ਸ਼ੀਲ ਕੌਰ ਦਾ ਸਤਿਕਾਰ ਵਧਿਆ ਅਰ ਉਸ ਦੀ ਸੱਚੀ ਮੁਚੀ ਦੀ ਦਰਦਣ ਹੋ ਗਈ। ਭਿਖਾਰੀ ਖਾਂ ਨੂੰ ਦਰਬਾਰੀ ਕੰਮਾਂ ਤੋਂ ਬਾਅਦ ਬੇਗਮ ਕਈ ਵੇਰੀ ਮਹਿਲਾਂ ਵਿਚ ਸੱਦ ਲਿਆ ਕਰਦੀ ਸੀ, ਤਦ ਸ਼ੀਲ ਕੌਰ ਨੇ ਸਮਝਾਇਆ ਕਿ ਇਸ ਦਾ ਅੰਤ ਬੁਰਾ ਨਿਕਲੇਗਾ ਅਰ ਰਾਜ ਭਾਗ ਨਹੀਂ ਰਹੇਗਾ। ਬੇਗਮ ਨੇ ਇਹ ਗੱਲ ਔਖੇ ਸੌਖੇ ਹੋ ਕੇ ਮੰਨ ਲਈ, ਤਦ ਉਸ ਨੂੰ ਪਤਾ ਲੱਗਾ ਕਿ ਦਰਬਾਰੀ ਬੀ ਇਸ ਗੱਲ ਨੂੰ ਚੰਗਾ ਨਹੀਂ ਸਨ ਜਾਣਦੇ। ਇਸ ਪ੍ਰਕਾਰ ਦੀਆਂ ਉੱਤਮ ਸਲਾਹਾਂ ਨੇ ਸ਼ੀਲ ਕੌਰ ਨੂੰ ਕੈਦ ਵਿੱਚ ਬੀ ਅਮੀਰੀ ਤੇ ਪੁਚਾ ਦਿੱਤਾ। ਪਰ ਸ਼ੋਕ! ਸ਼ੀਲ ਕੌਰ ਕਦੀ ਖਿੜ ਕੇ ਨਹੀਂ ਬੈਠੀ, ਸਦੀਵ ਕੁਮਲਾਈ ਹੋਈ ਰਹਿੰਦੀ। ਪਤੀ ਦਾ ਵਿਯੋਗ ਉਸ ਦੇ ਚਿੱਤ ਪੁਰ ਐਸਾ ਪੱਥਰ ਸੀ, ਜੋ ਹਿਰਦੇ ਨੂੰ ਉਮਗਣ ਨਾ ਦਿੰਦਾ। ਇਹ ਦੁੱਖ ਐਸਾ ਭਾਰਾ ਸੀ ਕਿ ਸ਼ੀਲ ਕੌਰ ਜੇ ਪਰਮੇਸ਼ਰ ਦੀ ਪਿਆਰੀ ਨਾ ਹੁੰਦੀ ਤਾਂ ਜ਼ਰੂਰ ਗਮ ਵਿੱਚ ਘੁਟ ਘੁਟ ਕੇ ਮਰ ਜਾਂਦੀ, ਪਰ ਭਾਣੇ ਮੰਨਣ ਦੇ ਜਤਨ ਨੇ ਉਸ ਦੇ ਸਰੀਰ ਤੇ ਆਤਮਾ ਦਾ ਵਿਯੋਗ ਨਹੀਂ ਹੋਣ ਦਿੱਤਾ। ਜਿੱਕੁਰ ਟਹਿਣੀਓਂ ਟੁੱਟੇ ਫੁੱਲ ਠੰਢ ਮੌਸਮ ਅਰ ਸੀਤਲ ਜਲ ਵਿੱਚ ਰੱਖੇ ਹੋਏ ਕਈ ਕਈ ਦਿਨ ਸੁਕਦੇ ਤਾਂ ਨਹੀਂ, ਪਰ ਟਾਹਣੀ ਵਾਲੇ ਜੋਬਨ ਤੇ ਖਿੜਾਉ ਵਾਲੇ ਵੀ ਨਹੀਂ ਰਹਿੰਦੇ, ਤਿਵੇਂ ਸ਼ੀਲਾ ਨੌਜਵਾਨ, ਪਰ ਸੁਥਰੇ ਮੱਥੇ ਵਾਲੀ, ਚਿੰਤਾਤੁਰ ਪਰ ਰੋਣਹਾਕੀ ਹੋਣ ਤੋਂ ਦੂਰ, ਗਮ ਵਿੱਚ ਕੁੱਠੀ ਹੋਈ, ਪਰ ਕੋਲ ਬੈਠਿਆਂ ਨੂੰ ਢੱਠੀ ਹੋਈ ਨਾ ਲੱਗਣ ਵਾਲੀ ਦਸ਼ਾ ਵਿੱਚ ਰਹਿੰਦੀ ਸੀ। ਬੇਗਮ ਇਸ ਦੁੱਖ ਨੂੰ ਜਾਣਦੀ ਸੀ ਅਰ ਉਪਾਊ ਸੋਚਦੀ ਸੀ ਕਿ ਕਿਵੇਂ ਇਸ ਦਾ ਪਤੀ ਆ ਜਾਵੇ ਤਾਂ ਵਿਚਾਰੀ ਦਾ ਦੁੱਖ ਦੂਰ ਹੋ ਜਾਵੇ ਅਰ ਮੇਰਾ ਸੁੱਖ ਹੋਰ ਵਧ ਜਾਵੇ, ਕਿਉਂਕਿ ਉਸ ਨੂੰ ਅੰਤਰੰਗ ਸਹੇਲੀ ਤੇ ਸੱਚੀ ਦਰਦਣ ਇਸ ਨਾਲੋਂ ਵਧੀਕ ਸਿਆਣੀ ਅਰ ਪਿਆਰ ਵਾਲੀ ਲੱਭਣੀ ਔਖੀ ਸੀ। ਪਹਿਲਾਂ ਤਾਂ ਬੇਗਮ ਨੇ ਝਨਾਂ ਦੇ ਹਾਕਮ ਵਲੋਂ ਪਤਾ ਮੰਗਵਾਇਆ, ਜਿਥੇ ਕਿ ਸਾਬਰ ਸਾਹ ਦੀ ਦੱਸ ਪਈ ਸੀ। ਉਥੋਂ ਪਤਾ ਲੱਗਾ ਕਿ ਬਿਜੈ ਸਿੰਘ ਕਿਤੇ ਜਥਿਆਂ ਵਿੱਚ ਚਲਾ ਗਿਆ ਹੈ, ਇਸ ਲਈ ਬੇਗਮ ਨੇ ਬਿਜੈ ਸਿੰਘ ਦਾ ਹੁਲੀਆ ਤੇ ਅਤਾ ਪਤਾ ਦੇ ਕੇ ਪੰਜ ਸੱਤ ਸੂੰਹੀਏ ਛੱਡ ਦਿੱਤੇ ਜੋ ਸਿੰਘ ਹੁਰਾਂ ਦਾ ਪੂਰਾ-ਪੂਰਾ ਪਤਾ ਕੱਢ ਦੇਣ।

ਇਧਰੋਂ ਸਿੱਖਾਂ ਦੀਆਂ ਮੁੜ ਮੱਲਾਂ ਮਾਰਨ ਦਾ ਬਜ਼ਾਰ ਗਰਮ ਹੋ ਰਿਹਾ ਸੀ, ਜੈਸਾ ਕਿ ਅਸੀਂ ਪਿਛੇ ਕਹਿ ਆਏ ਹਾਂ, ਜਿਸ ਲਈ ਬੇਗਮ ਨੇ ਮੋਮਨ ਖਾਂ ਦੇ ਸਪੁਰਦ ਗਸ਼ਤੀ ਫੌਜ ਕਰਕੇ ਦੇਸ਼ ਵਿੱਚ ਤੋਰੀ ਹੋਈ ਸੀ। ਕਈ ਥਾਈਂ ਮੁੱਠ ਭੇੜਾ ਹੋਈਆਂ, ਕਦੀ ਓਹ ਜਿਤੇ ਤੇ ਕਦੀ ਓਹ, ਛੇਕੜ ਸ਼ੇਖੂਪੁਰ ਕੋਲ ਮੋਮਨ ਖਾਂ ਦੇ ਭੜਕਾਏ ਹੋਏ ਜੱਟਾਂ ਨਾਲ ਸਿੱਖਾਂ ਦੇ ਇਕ ਟੋਲੇ ਦਾ ਟਾਕਰਾ ਹੋ ਗਿਆ, ਜਿਸ ਵਿੱਚ ਪੰਜ ਚਾਰ ਚੰਗੇ ਸਿੰਘ ਸ਼ਹੀਦ ਹੋਏ। ਪਰ ਖਾਲਸੇ ਦੇ ਹੱਲੇ ਅੱਗੇ ਉਹ ਠਹਿਰ ਨਾ ਸਕੇ, ਪੈਰ ਹਿੱਲ ਗਏ ਅਰ ਮੈਦਾਨ ਖਾਲੀ ਛੱਡ ਕੇ ਨੱਸ ਗਏ। ਭਾਈ ਬਿਜੈ ਸਿੰਘ ਇਸ ਜੰਗ ਵਿੱਚ ਅੱਗੇ ਵਧ ਵਧ ਕੇ ਲੜਦਾ ਰਿਹਾ ਸੀ। ਜਦ ਹੱਲਾ ਬੋਲਿਆ ਤਦ ਬੀ ਮੁਹਰੇ ਸੀ, ਉਸ ਘਸਮਾਣ ਵਿੱਚ ਇਕ ਤੁਰਕ ਦੀ ਤਲਵਾਰ ਪੱਟ ਤੇ ਲੱਗੀ, ਇਸ ਮਰਦ ਨੇ ਲੱਤ ਨੂੰ ਬੰਨ੍ਹ ਲਿਆ ਅਰ ਪੀੜ ਨਾ ਜਣਾਈ ਅਰ ਵਧ ਵਧ ਕੇ ਤਲਵਾਰ ਵਾਹੁੰਦਾ ਹੀ ਰਿਹਾ। ਛੇਕੜ ਉਸ ਦਾ ਘੋੜਾ ਘਾਇਲ ਹੋ ਕੇ ਇਕਲਵਾਂਜੇ ਜਿਹੇ ਇੱਕ ਟੋਏ ਵਿੱਚ ਢਹਿ ਪਿਆ। ਇਸ ਟੋਏ ਵਿਚ ਇਕ ਸਿੱਖ ਤੇ ਦੋ ਮੁਸਲਮਾਨ ਲੜਕੇ ਅੱਗੇ ਡਿੱਗ ਪਏ ਸਨ, ਜਿਨ੍ਹਾਂ ਦਾ ਸਮਾਚਾਰ ਇਹ ਸੀ - ਸਿੰਘ ਤਾਂ ਪਹਿਲੇ ਕਈਆਂ ਦਾ ਆਹੂ ਲਾਹ ਚੁੱਕਾ ਸੀ, ਫੇਰ ਦੁਹਾਂ ਤੁਰਕਾਂ ਨੇ ਉਸ ਨੂੰ ਘੇਰ ਲਿਆ। ਤਲਵਾਰਾਂ ਤਿੰਨਾਂ ਦੀਆ ਟੁੱਟ ਜਾਣ ਕਰਕੇ ਹੱਥ ਪਲੱਥੇ ਤੇ ਦਾਉ ਘਾਤ ਦਾ ਘੋਲ ਹੀ ਹੁੰਦਾ ਰਿਹਾ। ਘੁਲਦੇ ਘੁਲਦੇ ਇਹ ਹੋਇਆ ਕਿ ਤਿੰਨੇ ਜਣੇ ਇਕ ਦੂਜੇ ਦੀਆਂ ਟੱਕਰਾਂ ਖਾ ਕੇ ਢਹਿ ਪਏ, ਸਿੰਘ ਜੀ ਤਾਂ ਗੁਰਪੁਰੀ ਸਿਧਾਰੇ ਤੇ ਤੁਰਕ ਦੋਵੇਂ ਰੇਤ ਪਰ ਮੱਛੀ ਵਾਂਗੂੰ ਤਿਲ ਬਿਲ ਕਰਦੇ ਪਏ ਸਨ ਕਿ ਜਦੋਂ ਸਾਡੇ ਸਿੰਘ ਹੁਰੀਂ ਘੋੜੈ ਸਣੇ ਆ ਡਿੱਗੇ। ਡਿੱਗਦੇ ਹੀ ਇਨ੍ਹਾਂ ਦੀ ਵੱਜ ਨੇ ਤੁਰਕਾਂ ਦਾ ਤਾਂ ਦਮ ਪੂਰਾ ਕਰ ਦਿੱਤ ਤੇ ਸਿੰਘ ਹੁਰੀਂ ਬੇਹੋਸ਼ ਹੋ ਗਏ। ਇਸ ਸਮਾਚਾਰ ਨੂੰ ਕਿਸੇ ਨਾ ਡਿੱਠਾ, ਸਿੰਘਾਂ ਦਾ ਟੋਲਾ ਤਾਂ ਤੁਰਕਾਂ ਨੂੰ ਨਸਾ ਭਜਾ ਕੇ ਤੇ ਉਨ੍ਹਾਂ ਦੇ ਗਿਰਾਵਾਂ ਨੂੰ ਜੋਗ ਡੰਡ ਦੇ ਕੇ ਹੋਰ ਪਾਸੇ ਹਰਨ ਹੋ ਗਿਆ ਤੇ ਕਾਹਲੀ ਵਿਚ ਇਸ ਵਿਚਾਰੇ ਦੀ ਕਿਸੇ ਨੂੰ ਸੋਝੀ ਨਾ ਰਹੀ। ਸਾਰੀ ਰਾਤ ਤਿੰਨ ਲੋਥਾਂ ਸਿਰ੍ਹਾਣੇ ਤੇ ਮੋਏ ਘੋੜੇ ਨਾਲ ਲੱਤ ਬੱਧੀ ਹੋਈ ਮੂੰਧੜੇ ਪਿਆ ਸਿੰਘ ਜੀ ਨੂੰ ਬੇਸੁਧੀ ਵਿਚ ਬੀਤ ਗਈ।

ਸਿੱਖਾਂ ਦੇ ਸਾਕੇ, ਘਾਲਾਂ; ਬਹਾਦਰੀਆਂ ਤੇ ਕਸ਼ਟਾਂ ਦੇ ਸਮਾਚਾਰ ਬਹੁਤ ਤਾਂ ਲਿਖੇ ਨਹੀਂ ਗਏ ਪਰ ਜੋ ਰੱਤੀ ਰਵਾਲ ਲਿਖੇ ਵੀ ਗਏ ਸੋ ਸਿੱਖਾਂ ਦੀ ਅਣਗਹਿਲੀ ਕਰ ਕੇ ਲਿਖਤੀ

ਇਤਿਹਾਸਾਂ ਵਿੱਚ ਲੁਕੇ ਪਏ ਹਨ, ਜੋ ਲੱਭਣੇ ਔਖੇ ਹੋ ਰਹੇ ਹਨ, ਇਸ ਲਈ ਸਿੱਖਾਂ ਨੂੰ ਆਪਣੇ ਪਿੱਛੇ ਦੀ ਖਬਰ ਨਹੀਂ ਜਿਸ ਪਰ ਫਖਰ ਕਰਨ। ਅਨਜਾਣੇ ਸਿੱਖ ਭੁਲੇਖੇ ਖਾ ਰਹੇ ਹਨ। ਦੇਖੋ ਇਸ ਵੇਲੇ ਸਿੰਘ ਜੀ ਕੀਕੂੰ ਆਪਣੇ ਜਿੱਗਰ ਦੇ ਲਹੂ ਦੇ ਪਿਆਲੇ ਪੀ ਕੇ ਟੋਇਆਂ ਵਿੱਚ ਲੋਥਾਂ ਦੀ ਸੇਜਾ ਵਿਛਾ ਕੇ ਸੌਂ ਰਹੇ ਹਨ। ਅਮੀਰੀਆਂ ਤੇ ਧਨ ਦੀਆਂ ਬਹਾਰਾਂ ਛੱਡ ਕੇ ਕਿੱਥੇ ਪਏ ਜਿੰਦਾਂ ਨੂੰ ਤੋੜ ਰਹੇ ਹਨ, ਜਿਥੇ ਆਪਣਾ ਯਾ ਪਰਾਇਆ ਕੋਈ ਪਾਸ ਨਹੀਂ ਹੈ। ਕਿਆ ਇਨ੍ਹਾਂ ਸੂਰਮਿਆ ਨੂੰ ਲੁੱਟ ਦਾ ਲਾਲਚ ਘਰਾਂ ਥੀਂ ਕੱਢ ਕੇ ਟੋਇਆਂ ਵਿੱਚ ਖਿੱਚ ਲਿਆਇਆ ਹੈ? ਅਫਸੋਸ! ਸਿੱਖ ਲੋਕ ਇਤਿਹਾਸਕਾਰਾਂ ਦੇ ਪੁਸਤਕ ਪੜ੍ਹੇ ਬਾਝ ਹੀ ਰਾਇਆਂ ਕਾਇਮ ਕਰ ਲੈਂਦੇ ਹਨ। ਜ਼ਰਾ ਐਲਫਿਨਸਟੋਨ ਦੀ ਤਵਾਰੀਖ ਵਿਚ ਬੰਦੇ ਦੀ ਮੌਤ ਅਰ ੭੪੦ ਸਿੱਖਾਂ ਦੀ ਸ਼ਹੀਦੀ ਦਾ ਹਾਲ ਹੀ ਪੜ੍ਹੋ ਤਾਂ ਲੂੰ ਕੰਡੇ ਹੋ ਜਾਂਦੇ ਹਨ। ਕੀ ਇਹ ਲੋਕ ਭੰਗਾਂ ਪੀ ਕੇ ਸੌਂ ਰਹਿੰਦੇ ਸਨ, ਜਾਂ ਆਪਣੇ ਡੌਲਿਆਂ ਦੀ ਅਥੱਕ ਤਾਕਤ ਨਾਲ ਨੌਂ ਸਦੀਆਂ ਦੇ ਜ਼ੁਲਮਾਂ ਦਾ ਖੁਰਾ ਖੋਜ ਮਿਟਾ ਕੇ ਇਸ ਵੇਲੇ ਦੇ ਅਨੁਯਾਈ ਰਾਜ ਦੀ ਮਿੱਟੀ ਉਡਾ ਰਹੇ ਸਨ? ਬੇਸ਼ਕ ਸਿੱਖਾਂ ਨੇ ਤਦੋਂ ਹਿੰਦੁਸਤਾਨ ਤੋਂ ਬਾਹਰ ਕਦਮ ਨਹੀਂ ਪੁਟਿਆ, ਪਰ ਕਦੇ ਕਿਸੇ ਨੇ ਇਹ ਭੀ ਸੋਚਿਆ ਹੈ ਕਿ ਪੰਜਾਬ ਉਸ ਸਮੇਂ ਕੀਹ ਵਸਤੂ ਸੀ? ਅਹਿਮਦਸ਼ਾਹ ਅਬਦਾਲੀ ਵਰਗਾ ਜ਼ਬਰਦਸਤ ਹਮਲੇ ਕਰਨ ਵਾਲਾ ਸਾਹਸੀ ਗੁਆਂਢ ਬੈਠਾ ਸੀ। ਇਸ ਦੇ ਮਾਤਹਿਤ ਬੜੇ ਬੜੇ ਤਕੜੇ ਤਾਕਤਵਰ ਪਠਾਣ ਸਨ। ਅਫਗਾਨਿਸਤਾਨ ਤੇ ਸਰਹੱਦ ਇਸ ਦੇ ਕਬਜ਼ੇ ਵਿਚ ਸਨ। ਲੱਖਾਂ ਫੌਜਾਂ ਅਨੇਕਾਂ ਵਾਰ ਲਿਆ ਕੇ ਇਸ ਨੇ ਦੇਸ਼ ਲੁੱਟਿਆ ਸੀ। ਫੇਰ ਲਾਹੌਰ ਨੂੰ ਛੱਡ ਕੇ ਇਲਾਕੇ-ਇਲਾਕੇ ਪਰ ਜ਼ਬਰਦਸਤ ਹਾਕਮ ਸਨ ਅਰ ਪੱਤਾ ਪੱਤਾ ਸਿੱਖਾਂ ਦਾ ਵੈਰੀ ਸੀ। ਨਾ ਇਲਾਕਾ, ਨਾ ਰਿਆਸਤ, ਨਾ ਖਜ਼ਾਨੇ, ਕੋਈ ਠਾਹਰ ਨਹੀਂ, ਸਹਾਇਤਾ ਨਹੀਂ, ਕੋਈ ਮਿੱਤਰ ਨਹੀਂ, ਮੁਸਲਮਾਨ ਹਿੰਦੂ ਸਭ ਵੈਰੀ, ਇੱਥੋਂ ਤਕ ਕਿ ਘਰ ਦੇ ਸੇਵਕ ਹਿੰਦਾਲੀ ਤੇ ਕਈ ਹੋਰ ਮੁਖਬਰ ਬਣੇ ਹੋਏ। ਐਸੀਆਂ ਡਰਾਉਣੀਆਂ ਹਾਲਤਾਂ ਵਿੱਚ ਜਿਸ ਕੌਮ ਨੇ ਅਟਕ ਤੋਂ ਲੈ ਕੇ ਸਹਾਰਨਪੁਰ ਤਕ, ਮੁਲਤਾਨ ਤੇ ਸਿੰਧ ਤੋਂ ਲੈ ਕੇ ਕਾਂਗੜਾ ਜੰਮੂ ਤੇ ਭਿੰਬਰ ਤਕ ਆਪਣਾ ਸਿੱਕਾ ਜਮਾ ਲਿਆ ਹੋਵੇ ਅਰ ਦਿੱਲੀ, ਪਟੌਦੀ, ਦੁਜਨਾ, ਬੀਕਾਨੇਰ ਤਕ ਹੱਲੇ ਕੀਤੇ ਹੋਣ, ਉਸ ਨੇ ਮਰਹੱਟਿਆਂ ਤੋਂ ਕਿਤੇ ਵੱਧ ਬਹਾਦਰੀ ਦਿਖਲਾਈ ਹੈ, ਜਿਨ੍ਹਾਂ ਪਾਸ ਪਹਾੜੀ ਕਿਲ੍ਹੇ ਪਹਾੜਾਂ ਵਿਚ ਲੁਕਣ ਦੀ ਥਾਂ, ਸੇਵਾ ਜੀ ਵਰਗੇ ਸਰਦਾਰ ਸਿਰ ਤੇ, ਫੇਰ ਇਕ ਦੂਜੇ ਦੇ ਮਗਰੋਂ ਲਾਇਕ ਪੁਰਖ ਹਾਦੀ ਬਣਦੇ ਰਹੇ, ਅਰ ਹਰ ਪ੍ਰਕਾਰ ਦੀ ਸਹਾਇਤਾ ਦੇ ਸਾਮਾਨ ਮੌਜੂਦ ਸਨ। ਜੋ ਕੁਰਬਾਨੀਆਂ ਸਿੱਖਾਂ ਨੇ ਕੀਤੀਆਂ ਦੁਨੀਆਂ ਦੇ ਇਤਿਹਾਸ ਵਿੱਚ ਸਭ ਤੋਂ ਵਧੀਆ ਹਨ।

ਜੇ ਕਦੀ ਇਤਿਹਾਸ ਦਾ ਮੁਤਾਲਿਆ ਕਰੋ, ਤਾਂ ਪਤਾ ਲੱਗੇ ਕਿ ਅਹਿਮਦਸ਼ਾਹ ਅਬਦਾਲੀ ਜ਼ਰੂਰ ਹਿੰਦ ਨੂੰ ਸਰ ਕਰਕੇ ਮੁੜ ਪਠਾਣ ਰਾਜ ਏਥੇ ਕਾਇਮ ਕਰ ਲੈਂਦਾ, ਪਰ ਪੰਜਾਬ ਵਿਚ ਆਏ ਸਿੱਖ ਉਸ ਨੂੰ ਅਤਿ ਤੰਗ ਕਰਦੇ ਸਨ। ਜਦ ਉਹ ਦਿੱਲੀ ਅੱਪੜਦਾ ਤਾਂ ਸਿੱਖ ਪੰਜਾਬ ਵਿੱਚ ਉਹ ਊਧਮ ਮਚਾਉਂਦੇ ਕਿ ਉਸ ਨੂੰ ਫੇਰ ਪਿੱਛੇ ਪਰਤਣਾ ਪੈਂਦਾ। ਇਨ੍ਹਾਂ ਦੇ ਟਾਕਰੇ ਤੇ ਪਿੱਛੇ ਕਰਨੇ ਐਸੇ ਜ਼ਬਰਦਸਤ ਸਨ ਕਿ ਇਨ੍ਹਾਂ ਨੇ ਉਸ ਜ਼ਾਲਮ ਨੂੰ ਹਿੰਦ ਵਿੱਚ ਮੁੜ ਵਿਦੇਸ਼ੀ ਪਠਾਣੀ ਰਾਜ ਕਾਇਮ ਕਰਨ ਵਿੱਚ ਕਾਮਯਾਬ ਨਹੀਂ ਹੋਣ ਦਿੱਤਾ। ਵੱਡੇ ਘਲੂਘਾਰੇ ਦੀ ਬੀਰਤਾ ਨੇ ਅਬਦਾਲੀ ਦੇ ਹੌਂਸਲੇ ਨੂੰ ਅੰਦਰੋਂ ਭੰਨ ਦਿੱਤਾ ਸੀ। ਫੇਰ ਸਿੰਘਾਂ ਨੇ ਕਾਰਨਾਮੇ ਤੱਕਣੇ ਹੋਣ ਤਾਂ ਕਿਸੇ ਅੰਗਰੇਜ਼ੀ ਇਤਿਹਾਸਾਂ ਵਿਚ ਹੀ ਸੀ; ਨੁਸ਼ਹਿਰੇ ਦਾ ਸਿੰਘ ਯੁੱਧ ਪੜ੍ਹ ਲਈਏ ਤਾਂ ਬੀ ਕੁਛ ਪਤਾ ਲੱਗ ਜਾਂਦਾ ਹੈ ਕਿ ਸਿੱਖ ਕਿਸ ਬਹਾਦਰੀ ਦੇ ਬੰਦੇ ਹੋਏ ਹਨ।

ਅਸੀਂ ਤਾਂ ਹੋਰ ਹੀ ਪਾਸੇ ਚਲੇ ਗਏ, ਆਓ ਆਪਣੀ ਵਿਥਿਆ ਦੀ ਲੜੀ ਨੂੰ ਫੜੀਏ। ਪਿਆਰੇ ਬਿਜੈ ਸਿੰਘ ਦੀ ਲੋਥ ਸਾਰੀ ਰਾਤ ਮੱਧਮ ਸੁਆਸ ਲੈ ਲੈ ਵਕਤ ਗੁਜਾਰਦੀ ਰਹੀ, ਜਿਕੁਰ ਭਾਦਰੋਂ ਦੇ ਵੱਟ ਵਿਚ ਬਹੁਤ ਉੱਚੇ ਪੱਤੇ ਰਤਾ ਰਤਾ ਹਿੱਲਦੇ ਹਨ। ਸਵੇਰ ਹੋਈ ਤਾ ਨੱਸੇ ਭੱਜੇ ਲੋਕ ਆਪਣੇ ਪਿੰਡ ਸੰਭਾਲਣ ਲਈ ਘਰਾਂ ਨੂੰ ਆਏ। ਇਧਰੋਂ ਕਿਸਮਤ ਦੇ ਬਲੀ ਪੰਡਤ ਜੀ, ਚੂਹੜ ਮੱਲ ਦੇ ਪ੍ਰੋਹਤ ਹੁਰੀਂ, ਜੋ ਲਾਹੌਰ ਦੇ ਸੂੰਹੀਆਂ ਵਿਚੋਂ ਇਕ ਸਨ, ਉਧਰ ਆ ਨਿਕਲੇ। ਇਨ੍ਹਾਂ ਦੇ ਨਾਲ ਕੁਝ ਸਿਪਾਹੀ ਬੀ ਸਨ। ਟੋਏ ਦੇ ਪਾਸੋਂ ਲੰਘੇ ਤਾਂ ਸ੍ਰੀ ਵਾਹਿਗੁਰੂ ਦੀ ਮੱਧਮ ਅਵਾਜ਼ ਕੰਨੀ ਪਈ। ਅਵਾਜ਼ ਸੁਣਦੇ ਹੀ ਆਪ ਹੁਰੀਂ ਠਿਟਕੇ ਤੇ ਕੋਲ ਆ ਕੇ ਦੇਖਣ ਲੱਗੇ। ਓਹੋ! ਇਹ ਤਾਂ ਬਿਜੈ ਸਿੰਘ ਲੁੱਛ ਰਿਹਾ ਹੈ। ਆਪ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ। ਇਹ ਤਾਂ ਆਪਣੇ ਭਾਣੇ ਉਸ ਨੂੰ ਮਰਵਾ ਚੁੱਕੇ ਸਨ, ਮੁੱਲ ਵੀ ਵੱਟ ਕੇ ਖਾ ਚੁੱਕੇ ਸਨ, ਹੁਣ ਅੱਖਾਂ ਅੱਗੇ ਫੇਰ ਜੀਉਂਦਾ ਦਿੱਸਿਆ। ਲਾਹੌਰ ਵਿਚੋਂ ਜਦ ਸੂੰਹੀਏ ਤਲਾਸ਼ ਕਰਨ ਨਿਕਲੇ ਸਨ, ਤਦ ਇਸ ਨੂੰ ਪਤਾ ਲਗ ਗਿਆ ਸੀ ਕਿ ਬੇਗਮ ਨੂੰ ਸੂੰਹੀਆਂ ਦੀ ਲੋੜ ਹੈ; ਕਿਉਂਕਿ ਸਾਰੇ ਮੁਖਬਰ ਆਪੋ ਵਿੱਚ ਭੇਤੀ ਹੁੰਦੇ ਸਨ ਇਹੋ ਹਾਲ ਇਸ ਦਾ ਸੀ। ਜਦ ਇਸ ਨੇ ਇਹ ਗੱਲ ਸੁਣੀ, ਤਦ ਬੇਗਮ ਪਾਸ ਦਰਖਾਸਤ ਕਰਕੇ ਆਪ ਭੀ ਇਸ ਕੰਮ ਦਾ ਸੂੰਹੀਆਂ ਮੁਕੱਰਰ ਹੋ ਗਿਆ ਅਰ ਸਰਕਾਰੀ ਖਰਚ ਉਤੇ ਦੇਸ਼ ਵਿੱਚ ਫਿਰਨ ਲੱਗਾ। ਇਸ ਦੇ ਭਾਣੇ ਤਾਂ ਬਿਜੈ ਸਿੰਘ ਮਰ ਚੁੱਕਾ ਸੀ, ਪਰ ਬੇਗਮ ਦੀ ਤਲਾਸ਼ ਤੋਂ ਉਸ ਨੇ ਇਹ ਸਿੱਟਾ ਕੱਢ ਲਿਆ ਸੀ ਕਿ ਬਿਜੈ ਸਿੰਘ ਕੋਈ ਸਰਕਾਰੀ ਖੁਨਾਮੀ ਕਰ ਕੇ ਕੈਦੋਂ ਨਿਕਲ ਗਿਆ ਹੋਣਾ ਹੈ; ਤਾਹੀਉਂ ਬੇਗਮ ਤਾਂਘ ਨਾਲ ਭਾਲ ਕਰਵਾ ਰਹੀ ਹੈ। ਇਹ ਗੱਲ ਸੋਚਣੀ ਕਿ ਬੇਗਮ ਵੈਰ ਨਾਲ ਸਿੰਘ ਨੂੰ ਨਹੀਂ ਲੱਭ ਰਹੀ ਸੀ, ਉਸ ਲਈ ਅਣਹੋਣੀ ਗੱਲ ਸੀ। ਉਸ ਨੇ ਸਮਝਿਆ ਕਿ ਸਜ਼ਾ ਦੇਣ ਲਈ ਬੇਗਮ ਲੱਭਦੀ ਹੈ, ਇਸ ਲਈ ਆਪ ਭੀ ਸੂੰਹੀਆਂ ਬਣ ਫਿਰਿਆ ਸੀ। ਸੋ ਹੁਣ ਉਸ ਨੂੰ ਜੀਉਂਦਾ ਦੇਖ ਕੇ ਚਾਹਿਓਸੁ ਕਿ ਇਸ ਨੂੰ ਮਰਵਾ ਸਿੱਟੇ, ਵੈਰੀ ਭੀ ਮਰ ਜਾਏ, ਕੋਈ ਸੰਸਾ ਭੀ ਨਾ ਰਹੇ, ਮਤਾਂ ਜੀਉਂਦਾ ਦਰਬਾਰ ਵਿਚ ਪਹੁੰਚੇ ਤਾਂ ਕੋਈ ਹੋਰ ਰਾਸ ਨਾ ਪਲਟਾ ਖਾ ਜਾਵੇ। ਇਹ ਸੋਚ ਕੇ ਸਿਪਾਹੀਆਂ ਨੂੰ ਕਾਹਲੀ ਨਾਲ ਬੋਲਿਆ, ਔਹ ਆਦਮੀ ਹੈ, ਜਿਸ ਨੂੰ ਅਸੀਂ ਲੱਭਦੇ ਫਿਰਦੇ ਹਾਂ, ਮਾਰੋ ਗੋਲੀ ਜੀਉਂਦਾ ਭੱਜ ਨਾ ਜਾਏ, ਇਹ ਤਾਂ ਇਕੱਲਾ ਤੁਹਾਨੂੰ ਦੋਹਾਂ ਨੂੰ ਬਥੇਰਾ ਹੈ। ਸਿਪਾਹੀ ਹੱਸ ਪਏ ਅਰ ਸੋਚਣ ਲੱਗੇ ਕਿ ਹੁਕਮ ਹੈ ਫੜ ਕੇ ਲਿਆਓ, ਮਾਰਨ ਦਾ ਹੁਕਮ ਨਹੀਂ ਹੈ, ਸੋ

(ਬਾਕੀ ਪੰਨਾ 58 ਤੇ)

# ਖਾਲਸਾ ਕੌਮ ਦਾ ਸ਼ਮਸ ਤਰੇਬਜ਼ ਭਾਈ ਜੈ ਸਿੰਘ ਜੀ ਖਲਕੱਟ ਸ਼ਹੀਦ

*ਮਾਸਟਰ ਕੰਦਨ ਸਿੰਘ (ਪ੍ਰੇਮ)*

ਸੰਸਾਰ ਦਾ ਇਤਿਹਾਸ ਖੋਜਣ ਤੋਂ ਪਤਾ ਚਲਦਾ ਹੈ ਕਿ ਸੰਸਾਰ ਵਿੱਚ ਅਜਿਹੇ ਚਾਰ ਮਹਾਂਪੁਰਸ਼ ਹੋਏ ਹਨ ਜਿਨ੍ਹਾਂ ਨੂੰ ਇਸ ਸਮਾਜ ਦੇ ਜਨੂੰਨੀ ਹਾਕਮਾਂ ਨੇ ਖੱਲ ਉਤਾਰ ਕੇ ਸ਼ਹੀਦ ਕਰ ਦਿੱਤਾ। ਪਹਿਲਾਂ ਸ਼ਮਸ ਤਰਬੇਜ਼ ਜਿਨ੍ਹਾਂ ਦਾ ਨਾਂ ਮਖਦੂਮ ਸ਼ਾਹ ਸ਼ਮਸਦੀਨ ਸੀ। ਇਹ ਗਜ਼ਨੀ ਦੇ ਇਲਾਕੇ ਦੇ ਸ਼ਬਜ਼ਵਾਰ ਦੇ ਵਸਨੀਕ ਸਨ। ਭਾਰਤ ਦੀ ਸੈਰ ਕਰਦੇ-ਕਰਦੇ ਇਹ ਮੁਲਤਾਨ ਸ਼ਹਿਰ ਵਿੱਚ ਆ ਗਏ। ਏਥੇ ਹੀ ਟਿਕਾਣਾ ਬਣਾ ਲਿਆ। ਮਜ਼ਹੱਬੀ ਜਨੂੰਨੀ ਮੌਲਾਨਿਆਂ ਨੇ ਇਸ ਸੰਤ ਦੀ ਮੌਕੇ ਦੇ ਹਾਕਮ ਪਾਸ ਸ਼ਿਕਾਇਤ ਕਰ ਦਿੱਤੀ ਕਿ ਇਹ ਐਨਲਹੱਕ ਆਖਦਾ ਹੈ। ਮੁਲਤਾਨ ਦੇ ਹਾਕਮ ਦੇ ਹੁਕਮ ਅਨੁਸਾਰ ਇਸ ਦੀ ਖੱਲ ਉਤਰਾਈ ਗਈ। ਏਸ ਸੂਫੀ ਸੰਤ ਸ਼ਮਸ ਤਰਬੇਜ਼ ਨੂੰ ਸ਼ਹੀਦ ਕਰ ਦਿੱਤਾ ਗਿਆ। ਇਸ ਦਾ ਅਸਥਾਨ ਮੁਲਤਾਨ ਵਿੱਚ ਪ੍ਰਸਿੱਧ ਹੈ। ਇਸ ਦੀ ਸੰਪਰਦਾਏ ਦੇ ਹਿੰਦੂ ਮੁਸਲਮਾਨ ਸ਼ਮਸੀ ਸਦਾਉਂਦੇ ਹਨ।

ਦੂਜੇ ਸ਼ਮਸਦੀਨ ਮੁਹੰਮਦ। ਇਹ ਤਰਬੇਜ਼ ਦਾ ਰਹਿਣ ਵਾਲਾ ਇਕ ਖੁਦਾ ਪ੍ਰਸਤ ਸੰਤ ਸੀ। ਕਹਿੰਦੇ ਹਨ ਕਿ ਇੱਕ ਵਾਰ ਇਸ ਨੇ ਇਕ ਮੁਰਦੇ ਨੂੰ ਇਹ ਆਖ ਕੇ ਕਿਹਾ ਕਿ ਮੇਰਾ ਹੁਕਮ ਹੈ ਉੱਠ ਖੜ੍ਹਾ ਹੋ। ਇਹ ਆਖਣ ਦੀ ਦੇਰ ਸੀ ਕਿ ਮੁਰਦਾ ਜ਼ਿੰਦਾ ਹੋ ਗਿਆ ਤੇ ਉਠ ਕੇ ਖੜ੍ਹਾ ਹੋ ਗਿਆ। ਇਸ ਅਪਰਾਧ ਵਿੱਚ ਅਲਾਉਦੀਨ ਮੁਹੰਮਦ ਨੇ ਇਸ ਦੀ ਖੱਲ ਉਤਾਰਨ ਦਾ ਹੁਕਮ ਦਿੱਤਾ। ਖੱਲ ਉਤਾਰਨ ਉਪਰੰਤ ਸ਼ਹੀਦ ਕਰਕੇ ਇਕ ਵੈਰਾਨ ਦਾ ਖੂਹ ਵਿੱਚ ਸੁੱਟ ਦਿੱਤਾ ਗਿਆ। ਕਈਆਂ ਲੇਖਕਾਂ ਦਾ ਖਿਆਲ ਹੈ ਕਿ ਖੱਲ੍ਹ ਲਾਹੁੰਣ ਉਪਰੰਤ ਜਦੋਂ ਸ਼ਮਸ ਤਰਬੇਜ਼ ਨੂੰ ਖੂਹ ਵਿੱਚ ਸੁੱਟ ਦਿੱਤਾ ਗਿਆ। ਇਸ ਭੁੱਖੇ ਸ਼ਮਸ ਤਰਬੇਜ਼ੀ ਦੀ ਮੱਛੀ ਭੁੰਨਣ ਲਈ ਸੂਰਜ ਥੱਲੇ ਉਤਰ ਆਇਆ ਸੀ। ਮੌਲਾਨਾ ਰੂਮੀ ਜੋ ਪ੍ਰਸਿੱਧ ਕਵੀ ਹੋਇਆ ਹੈ ਉਹ ਏਸੇ ਮਹਾਤਮਾ ਦਾ ਚੇਲਾ ਸੀ। (ਮਹਾਨ ਕੋਸ਼ ਪੰਨਾ ੧੫੮)

ਤੀਸਰੇ ਮਹਾਨ ਸ਼ਹੀਦ ਭਾਈ ਗੁਲਜ਼ਾਰ ਸਿੰਘ ਜੀ ਹੋਏ ਹਨ ਜਿਨ੍ਹਾਂ ਨੂੰ ਭਾਈ ਮਨੀ ਸਿੰਘ ਜੀ ਦੇ ਨਾਲ ਹੋਰ ਸਿੰਘਾਂ ਦੇ ਨਾਲ ਹਾੜ ਸ਼ੁਦੀ ਪੰਚਮੀ ਸਤਰਾਂ ਸੌ ਇਕਾਨਵੇਂ ਨੂੰ ਪੁੱਠੀ ਖੱਲ ਉਤਾਰ ਕੇ ਸ਼ਹੀਦ ਕੀਤਾ ਗਿਆ।

***ਪਹਿਲੇ ਮਨੀ ਸਿੰਘ ਲੈਤਾਈਂ,***
***ਕਾਜ਼ੀ ਫਤਵਾ ਦੀਏ ਸੁਨਾਈ।***
***ਤਿਸੇ ਗੈਰਮ ਜਲਾਦੇ ਆਇ,***
***ਬੰਦ ਬੰਦ ਦੀਯੇ ਜੁਦਾ ਕਰਾਏ।***
***ਪੀਛੇ ਸਿੰਗ ਗੁਲਜ਼ਾਰੇ ਕੇਰੀ।***
***ਪੁੱਟੀ ਖਲ ਲਾਹੀ ਬਿਨ ਦੇਰੀ।***

ਚੌਥੇ ਲਾਸਾਨੀ ਖਲਕੱਟ ਸ਼ਹੀਦ ਭਾਈ ਜੈ ਸਿੰਘ ਜੀ ਹੋਏ ਹਨ, ਜੋ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪੂਰਨ ਗੁਰਸਿੱਖ ਗੁਰੂ ਪਿਆਰੇ ਕਰਨੀ ਅਤੇ ਕਥਨੀ ਦੇ ਸੂਰੇ ਜਿਨ੍ਹਾਂ ਨੇ ਆਪਣਾ ਸਾਰਾ ਪਰਿਵਾਰ ਧਰਮ ਖਾਤਰ ਸ਼ਹੀਦ ਕਰਵਾ ਦਿੱਤਾ ਤੇ ਆਪਣੇ ਧਰਮ ਤੇ ਕਿਸੇ ਪ੍ਰਕਾਰ ਦੀ ਆਂਚ ਨਹੀਂ ਆਉਣ ਦਿੱਤੀ। ਉਸ ਮਹਾਨ ਯੋਧੇ ਬਾਬਾ ਜੈ ਸਿੰਘ ਜੀ ਖਲਕੱਟ ਸ਼ਹੀਦ ਦਾ ਜੀਵਨ ਅੰਕਤ ਕਰਨ ਜਾ ਰਹੇ ਹਾਂ। ਸੰਗਤਾਂ ਬੜੇ ਪਿਆਰ ਸਤਿਕਾਰ ਨਾਲ ਪੜ੍ਹ ਕੇ ਆਪਣੇ ਖਾਲਸਾ ਕੌਮ ਦੇ ਇਤਿਹਾਸ ਵਿੱਚ ਵਿਚਾਰ ਕਰਨ ਕਿ ਇਸ ਕੌਮ ਦੇ ਇਤਿਹਾਸ ਵਿੱਚ ਵਿਚਾਰ ਕਰਨ ਕਿ ਇਸ ਕੌਮ ਨੇ ਸਾਰੇ ਪੰਥ ਵਿੱਚ ਵੱਧ ਚੜ੍ਹ ਕੇ ਦੇਸ਼ ਕੌਮ ਦੀ ਖਾਤਰ ਕੁਰਬਾਨੀਆਂ ਕੀਤੀਆਂ। ਆਪਣੀਆਂ ਪੁੱਠੀਆਂ ਖੱਲਾਂ ਲੁਹਾ ਕੇ ਆਪਣੇ ਸਿੱਖੀ ਸਿਦਕ ਤੇ ਅਡੋਲ ਰਹਿ ਕੇ ਸ਼ਹਾਦਤ ਪ੍ਰਾਪਤ ਕਰਨ ਲਈ ਸੋਹਲੇ ਗਾਏ ਅਤੇ ਆਪਣੀ ਸ਼ਹਾਦਤ ਦੇ ਕੇ ਖਾਲਸਾ ਕੌਮ ਨੂੰ ਇੱਕ ਨਵਾਂ ਇਤਿਹਾਸ ਸਿਰਜ ਕੇ ਦੇ ਗਏ। ਲਉ ਸੁਣੋ ਜੀਵਨ ਗਾਥਾ ਬਾਬਾ ਜੈ ਸਿੰਘ ਸ਼ਹੀਦ ਖਲਕੱਟ ਦੀ ਜਿਸਨੇ ਆਪਾ ਵਾਰ ਕੇ ਧਰਮ ਦੀ ਖਾਤਰ ਆਪਣਾ ਪਰਿਵਾਰ ਵੀ ਵਾਰ ਦਿੱਤਾ।

***ਧੰਨ ਧੰਨ ਉਹ ਸਿੰਘਨ ਕੇ,***
***ਜਿਨ ਕਰ ਸਾਕਾ ਤਜੇ ਪਰਾਨ।***
***ਰਹੇ ਨਾਮ ਇਸ ਕਰਮਕਾ,***
***ਹੈ ਜਗ ਆਵਨ ਜਾਨ।***

### ***ਖਾਲਸਾ ਕੌਮ ਦਾ ਅਣਗੌਲਿਆ ਸ਼ਹੀਦ ਬਾਬਾ ਜੈ ਸਿੰਘ ਖਲਕੱਟ***

੩ ਅਪ੍ਰੈਲ ੨੦੦੧ ਸੋਮਵਾਰ ਦਾ ਦਿਹਾੜਾ ਲੇਖਕ ਦੇ ਜੀਵਨ ਦਾ ਸਭ ਤੋਂ ਮਹੱਤਤਾ ਵਾਲਾ ਦਿਨ ਸੀ, ਕਿਉਂਕਿ ਉਸ ਦਿਨ ਇਕ ਮਹਾਨ ਪੰਥ ਦੇ ਅਣਗੌਲੇ ਸ਼ਹੀਦ ਜਿਸ ਦੀ ਪੁੱਠਿਆਂ ਟੰਗ ਕੇ ਖੱਲ ਉਤਾਰੀ ਗਈ। ਉਸ ਪਿੰਡ ਅਤੇ ਉਹ ਪਵਿੱਤਰ ਧਰਤੀ ਦੇ ਦਰਸ਼ਨ ਦੀਦਾਰੇ ਹੋਏ ਜਿਥੇ ਸ਼ਹੀਦ ਦੇ ਖੂਨ ਨਾਲ ਧਰਤੀ ਅਜੇ ਵੀ ਰੰਗੀ ਹੋਈ ਹੈ। ਸਰਹੰਦ ਤੋਂ ਪਟਿਆਲੇ ਜਾਣ ਵਾਲੀ ਸੜਕ ਤੇ ਸਰਹੰਦ ਤੋਂ ੨੫ ਕਿਲੋਮੀਟਰ ਦੀ ਦੂਰੀ ਤੇ ਬਾਰਨ ਪਿੰਡ ਸਥਿਤ ਹੈ। ਏਥੋਂ ਪਟਿਆਲਾ ਵੀ ਕੇਵਲ ਛੇ ਸੱਤ ਕਿਲੋਮੀਟਰ ਹੋਵੇਗਾ। ਇਸ ਪਿੰਡ ਦਾ ਪੁਰਾਣਾ ਨਾਂ ਮੁਗਲ ਮਾਜਰਾ ਸੀ ਪਰ ਅੱਜਕੱਲ੍ਹ ਮੁਗਲ ਮਾਜਰੇ ਦਾ ਤਾਂ ਨਾਂ ਨਿਸ਼ਾਨ ਹੀ ਨਹੀਂ ਮਿਲਦਾ। ਇਸ ਮੁਗਲ ਮਾਜਰੇ ਪਿੰਡ ਦੇ ਥੇਹ ਤੋਂ ਅੱਧਾ ਕੁ ਮੀਲ ਦੀ ਵਿੱਥ ਦੇ ਬਾਰਨ ਪਿੰਡ ਵਸਿਆ ਹੋਇਆ ਹੈ। ਮੁਗਲ ਮਾਜਰੇ ਦੇ ਲੋਕਾਂ ਨੇ ਬਾਰਨ ਪਿੰਡ ਆਪ ਵਸਾਇਆ, ਕਿਉਂਕਿ ਮੁਗਲ ਮਾਜਰਾ ਸਿੱਖ ਸਰਦਾਰਾਂ ਨੇ ਇਸ ਪਿੰਡ ਦੇ ਸਿੱਖ ਪਰਿਵਾਰ ਨੂੰ ਕਤਲ ਕਰਨ ਦੇ ਦੋਸ਼ ਵਿੱਚ ਢਾਹ ਢੇਰੀ ਕਰਕੇ ਖੰਡਰ ਬਣਾ ਦਿੱਤਾ ਸੀ। ਲੇਖਕ ਆਪਣੇ ਅਜ਼ੀਜ਼ ਬੇਟੇ ਮਨਮੋਹਨ ਸਿੰਘ ਜੋ ਇੱਕ ਬੈਂਕ ਅਧਿਕਾਰੀ ਹਨ, ਨੂੰ ਨਾਲ ਲੈ ਕੇ ਬਾਰਨ ਪਿੰਡ ਪੁੱਜਾ। ਅੱਗੋਂ ਗੁਰਦੁਆਰਾ ਸਾਹਿਬ ਵਿੱਚ ਅਖੰਡ ਜਾਪ ਹੋ ਰਿਹਾ ਸੀ ਤੇ ਕੁਝ ਪਿੰਡ ਦੇ ਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਜਿਨ੍ਹਾਂ ਵਿੱਚ ਸ. ਸੁਰਜੀਤ ਸਿੰਘ ਪ੍ਰਧਾਨ ਗੁਰਦੁਆਰਾ ਸਾਹਿਬ ਸ. ਰੌਸ਼ਨ ਸਿੰਘ ਸਕੱਤਰ, ਗਿਆਨੀ ਧਰਮਪਾਲ ਸਿੰਘ ਗ੍ਰੰਥੀ ਸਾਹਿਬ ਹਾਜ਼ਰ ਸਨ। ਗੁਰਦੁਆਰਾ ਸਾਹਿਬ ਦੀ ਪ੍ਰਮੁੱਖ ਦੀਵਾਰ ਤੇ ਮੋਟਾ ਕਰਕੇ ਗੁਰਦੁਆਰਾ ਸ਼ਹੀਦ ਜੈ ਸਿੰਘ ਖਲਕੱਟ ਲਿਖਿਆ ਹੋਇਆ ਸੀ। ਗੁਰਦੁਆਰੇ ਸਿੱਖ ਪੰਥ ਦੀ ਜ਼ਿੰਦ ਜਾਨ ਹਨ। ਇਨ੍ਹਾਂ ਗੁਰਦੁਆਰਿਆਂ ਵਿਚੋਂ ਹੀ ਗੁਰਸਿੱਖ ਸੰਸਾਰਕ ਵਿਹਾਰਕ ਧਾਰਮਿਕ, ਆਤਮਕ, ਅਚਾਰਕ, ਵਿਹਾਰਕ ਦੀ ਵਿੱਦਿਆ ਪ੍ਰਾਪਤ ਕਰਦਾ ਹੈ। ਗੁਰਦੁਆਰੇ ਹੀ ਸਨ ਜਿਥੋਂ ਸ਼ਹੀਦਾਂ ਨੇ ਸ਼ਹੀਦੀ ਸਬਕ ਸਿੱਖੇ। ਅਜਿਹੇ ਇਤਿਹਾਸਿਕ ਗੁਰਦੁਆਰੇ ਉਨ੍ਹਾਂ ਸ਼ਹੀਦਾਂ ਦੀ ਸ਼ਹਾਦਤ ਨੂੰ ਸਮਰਪਤ ਹਨ, ਜਿਥੇ ਸ਼ਹੀਦਾਂ ਨੇ ਆਪਣੀ ਕੁਰਬਾਨੀ ਦੇ ਕੇ ਖੂਨ ਡੋਲਿਆ।

ਸ਼ਹੀਦ ਜੈ ਸਿੰਘ ਜੀ ਦੀ ਸ਼ਹਾਦਤ ਬਾਰੇ ਜੋ ਕੁਝ ਸੁਣਿਆ ਅਤੇ ਜੋ ਵਸਨੀਕਾਂ ਪਾਸੋਂ ਹੱਥ ਲਿਖਤ ਖਰੜਿਆਂ ਤੋਂ ਜਾਣਕਾਰੀ ਮਿਲੀ ਉਹ ਇਸ ਤਰ੍ਹਾਂ ਹੈ। ਭਾਈ ਜੈ ਸਿੰਘ ਸ਼ਹੀਦ ਦੇ ਪਿਤਾ ਜੀ ਨੇ ਦਸਮੇਸ਼ ਜੀ ਮਹਾਰਾਜ ਦੇ ਪਵਿੱਤਰ ਕਰ ਕਮਲਾਂ ਦੁਆਰਾ

ਅੰਮ੍ਰਿਤਪਾਨ ਕੀਤਾ ਸੀ ਅਤੇ ਭਾਈ ਜੈ ਸਿੰਘ ਵੀ ਆਪਣੇ ਪਿਤਾ ਨਾਲ ਛੋਟੇ ਹੁੰਦਿਆਂ ਸ੍ਰੀ ਅਨੰਦਪੁਰ ਸਾਹਿਬ ਜਾ ਕੇ ਦਰਸ਼ਨ ਦੀਦਾਰ ਕਰਦਾ ਰਿਹਾ ਅਤੇ ਆਪ ਵੀ ਇੱਕ ਅੰਮ੍ਰਿਤਧਾਰੀ ਸਿੱਖ ਸਜ ਗਿਆ। ਪਿੰਡ ਮੁਗਲ ਮਾਜਰਾ ਜਿਸ ਬਾਰੇ ਉੱਪਰ ਵਰਣਨ ਆ ਚੁੱਕਾ ਹੈ, ਦੇ ਵਸਨੀਕ ਸਨ। ਏਸ ਪਿੰਡ ਦੀ ਆਬਾਦੀ ਮੁਸਲਮਾਨਾਂ ਦੀ ਸੀ ਕੁਝ ਕੁ ਘਰ ਰਾਮਦਾਸੀਏ ਸਿੱਖ ਪਰਿਵਾਰਾਂ ਦੇ ਵੀ ਸਨ। ਭਾਈ ਜੈ ਸਿੰਘ ਰਾਮਦਾਸੀਏ ਸਿੱਖ ਪਰਿਵਾਰ ਦਾ ਇੱਕ ਚਮਕਦਾ ਅੰਮ੍ਰਿਤਧਾਰੀ ਕਲਗੀਧਰ ਦਾ ਰਹਿਤਵਾਨ ਗੁਰਸਿੱਖ ਹੀਰਾ ਸੀ। ਗੁਰਮਤਿ ਦੇ ਧਾਰਨੀ ਬੜੇ ਹੀ ਨੇਮ, ਪ੍ਰੇਮੀ ਗੁਰੂ ਘਰ ਦੇ ਸੇਵਕ ਗੁਰਬਾਣੀ ਵਿੱਚ ਰੰਗੇ, ਨਿਤ ਨੇਮੀ ਪੂਰਨ ਗੁਰਸਿੱਖ, ਰਹਿਤਵਾਨ ਖਾਲਸਾ ਸਨ। ਨਿਤਾ ਪ੍ਰਤੀ ਅੰਮ੍ਰਿਤ ਵੇਲੇ ਇਸ਼ਨਾਨ ਪਾਨ ਕਰਕੇ ਗੁਰਬਾਣੀ ਨਾਲ ਜੁੜ ਕੇ ਅਨੰਦਮਈ ਜੀਵਨ ਬਤੀਤ ਕਰ ਰਹੇ ਸਨ। ਆਪ ਸੱਚੀ ਸੁੱਚੀ ਕ੍ਰਿਤ ਕਰਕੇ ਆਪਣੀ ਉਪਜੀਵਕਾ ਕਮਾ ਕੇ ਆਪਣੇ ਪਰਿਵਾਰ ਦਾ ਨਿਰਵਾਹ ਕਰਦੇ ਸਨ। ਆਪ ਜੀ ਦੇ ਘਰ ਦੇ ਪੁਤਰਾਂ ਨੇ ਜਨਮ ਲਿਆ ਵੱਡੇ ਦਾ ਨਾਂ ਕੜਾਕਾ ਸਿੰਘ ਤੇ ਛੋਟੇ ਦਾ ਨਾਂ ਭਾਈ ਖੜਕ ਸਿੰਘ ਜੀ ਸੀ। ਆਪ ਦੇ ਘਰੋਂ ਮਾਤਾ ਧੰਨ ਕੌਰ ਵੀ ਆਪਣੇ ਪਤੀ ਗੁਰਦੇਵ ਵਾਂਗ ਗੁਰਸਿੱਖੀ ਦੀ ਰੰਗਣ ਵਿੱਚ ਰੰਗੀ ਹੋਈ ਸੀ। ਆਏ ਗਏ ਸਾਧੂ ਸੰਤ ਗੁਰਸਿੱਖਾਂ ਦੀ ਟਹਿਲ ਬੜੇ ਪਿਆਰ ਤੇ ਸਤਿਕਾਰ ਨਾਲ ਕਰਦੇ ਸਨ। ਇਨ੍ਹਾਂ ਦੇ ਦੋਵੇਂ ਪੁੱਤਰ ਵੀ ਪੂਰਨ ਗੁਰਸਿੱਖ ਸਨ। ਇਹ ਪਰਿਵਾਰ ਮੁਗਲ ਮਾਜਰਾ ਵਿੱਚ ਬੜਾ ਹੀ ਅਨੰਦਮਈ ਜੀਵਨ ਬਤੀਤ ਕਰ ਰਿਹਾ ਸੀ।

ਭਾਈ ਜੈ ਸਿੰਘ ਨੇ ਆਪਣੇ ਪੁੱਤਰਾਂ ਨੂੰ ਗੁਰੂ ਕਲਗੀਧਰ ਸ਼ਹਿਨਸ਼ਾਹ ਦੀਆਂ ਕਥਾਵਾਂ ਸੁਣਾ ਕੇ ਪੂਰਨ ਖਾਲਸਾ ਰਹਿਤਵਾਨ ਗੁਰਸਿੱਖੀ ਜੀਵਨ ਵਾਲੇ ਬਣਾ ਦਿੱਤਾ ਸੀ। ਆਪਣੇ ਪੁੱਤਰਾਂ ਨੂੰ ਭਾਈ ਸਾਹਿਬ ਨੇ ਆਪਣੇ ਵਿਰਸੇ ਤੋਂ ਜਾਣੂੰ ਕਰਾਉਂਦੇ ਹੋਏ ਫੁਰਮਾਇਆ ਜਿਨ੍ਹਾਂ ਲੋਕਾਂ ਨੂੰ ਬ੍ਰਾਹਮਣ ਦੀ ਚੰਦਰੀ ਪੋਥੀ ਨੀਚ ਸ਼ੂਦਰ ਆਖਦੀ ਸੀ। ਗੁਰੂ ਜੀ ਨੇ ਉਨ੍ਹਾਂ ਨੂੰ ਆਪਣਾ ਰੂਪ ਆਖ ਕੇ ਸਤਿਕਾਰਿਆ। ਇਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੂੰ ਲੋਕੀ ਸ਼ੂਦਰ ਕੰਮੀ ਚੂਹੜੇ ਚਮਾਰ ਜੁਲਾਹੇ ਰਾਮਦਾਸੀਏ ਆਖ ਕੇ ਦਰਸਾਉਂਦੇ ਸਨ। ਉਨ੍ਹਾਂ ਨੂੰ ਛਾਤੀ ਨਾਲ ਲਾ ਕੇ ਸਰਦਾਰ ਬਣਾਇਆ। ਧੰਨ ਹੈ ਮੇਰਾ ਸੱਚਾ ਪਾਤਸ਼ਾਹ ਕਲਗੀਆਂ ਵਾਲਾ ਜਿਨ੍ਹਾਂ ਦੀਆਂ ਬਖਸ਼ਿਸ਼ਾਂ ਦੁਆਰਾ ਅੱਜ ਅਸੀਂ ਸਰਦਾਰ ਅਖਵਾ ਰਹੇ ਹਾਂ। ਪਾਤਸ਼ਾਹ ਨੇ ਫੁਰਮਾਇਆ ਸੀ।

***ਇਨ ਗਰੀਬ ਸਿਖਣ ਕਉ ਦਊ ਪਾਤਸ਼ਾਹੀ।***
***ਯਹ ਯਾਦ ਰਖੇਂ ਹਮਰੀ ਗੁਰਿਆਈ।***

ਇਸ ਤਰ੍ਹਾਂ ਰੋਜ਼ਾਨਾ ਹੀ ਆਪਣੇ ਪਰਿਵਾਰ ਵਿੱਚ ਬੈਠ ਕੇ ਭਾਈ ਜੈ ਸਿੰਘ ਜੀ ਨਵੇਂ ਬਣੇ ਖਾਲਸਾ ਪੰਥ ਬਾਰੇ ਬੱਚਿਆਂ ਨੂੰ ਦਸਦੇ ਰਹਿੰਦੇ ਸਨ। ਸਾਰਾ ਪਰਿਵਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਜੁੜ ਕੇ ਕੋਈ ਅਗੰਮੀ ਅਨੰਦ ਮਾਣਦਾ ਸੀ।

ਉਧਰ ਅਹਿਮਦਸ਼ਾਹ ਅਬਦਾਲੀ ਨੂੰ ਅਫਗਾਨਿਸਤਾਨ ਪੁੱਜਣ ਤੇ ਜਦੋਂ ਪਤਾ ਲੱਗਾ ਕਿ ਕਮਰਦੀਨ ਵਜ਼ੀਰ ਮਾਰਿਆ ਗਿਆ ਹੈ ਅਤੇ ਅਹਿਮਦਸ਼ਾਹ ਰੰਗੀਲੇ ਦੀ ਮੌਤ ਹੋ ਗਈ ਹੈ। ਦਿੱਲੀ ਤਖਤ ਤੇ ਕਬਜ਼ਾ ਕਰਨ ਲਈ ਗਿੱਲਜਿਆਂ ਦੀ ਫੌਜ ਇਕੱਠੀ ਕਰਕੇ ਸੰਨ ੧੭੫੩ ਨੂੰ ਭਾਰਤ ਤੇ ਦੂਜਾ ਹਮਲਾ ਕੀਤਾ। ਪਹਿਲਾਂ ਲਾਹੌਰ ਤੇ ਫੇਰ ਸਰਹੰਦ ਤੇ ਆ ਕਬਜ਼ਾ ਕੀਤਾ। ਆਪਣੇ ਫੌਜੀ ਜਰਨੈਲ ਅਬਦੁੱਲ ਸਮੁਦ ਖਾਂ ਨੂੰ ਸਰਹੰਦ ਦਾ ਫੌਜਦਾਰ ਨੀਯਤ ਕੀਤਾ। ਇਹ ਇਕ ਬੜਾ ਕੱਟੜ ਮੁਸਲਮਾਨ ਸੀ। ਇਸ ਦੀਆਂ ਵਧੀਕੀਆਂ ਤੋਂ ਡਰਦੇ ਬਹੁਤ ਸਾਰੇ ਹਿੰਦੂ ਸਰਹੰਦ ਨੂੰ ਛੱਡ ਕੇ ਹੋਰਨੀਂ ਥਾਈਂ ਜਾ ਵਸੇ। ਇਸ ਨੇ ਸਿੱਖਾਂ ਤੇ ਕਾਫੀ ਜ਼ੁਲਮ ਢਾਏ। ਪਿਛੋਂ ਏਹੀ ਫੌਜਦਾਰ ਸਰਹੰਦ ਦਾ ਸੂਬੇਦਾਰ ਬਣਿਆ। ਕਈਆਂ ਦਾ ਵਿਚਾਰ ਹੈ ਕਿਇਹ ੧੭੫੬ ਈ. ਨੂੰ ਸੂਬੇਦਾਰ ਬਣਿਆ।

ਚੇਤ ਸੁਧੀ ਦਸੀਵੀ ਸੰਨ ੧੭੫੩ ਈ. ਨੂੰ ਇਹ ਸਰਹੰਦ ਤੋਂ ਆਪਣੇ ਕੋਤਵਾਲ ਨਜ਼ਾਮਦੀਨ ਨੂੰ ਨਾਲ ਲੈ ਕੇ ਤੇ ਪੂਰੀ ਸ਼ਾਨੋਸ਼ਾਕਤ ਲਾਉ ਲਸ਼ਕਰ ਸਮੇਤ ਪਿੰਡ ਮੁਗਲ ਮਾਜਰਾ ਪੁੱਜਿਆ। ਏਥੇ ਆ ਕੇ ਹੁਕਮ ਦਿੱਤਾ ਕਿ ਕੋਈ ਜੇਕਰ ਸਿੰਘ ਮਿਲਦਾ ਹੈ ਉਹ ਨੂੰ ਮੇਰੇ ਪਾਸ ਲਿਆਉ। ਬਾਬਾ ਜੈ ਸਿੰਘ ਜੀ ਉਸ ਵੇਲੇ ਖੂਹ ਤੇ ਇਸ਼ਨਾਨ ਕਰਦੇ ਹੋਏ ਬਾਣੀ ਪੜ੍ਹ ਰਹੇ ਸਨ। ਸਿਪਾਹੀਆਂ ਨੇ ਬਾਬਾ ਜੀ ਨੂੰ ਪਕੜ ਕੇ ਅਬਦੁੱਲ ਸਮੁੰਦ ਖਾਨ ਦੇ ਸਾਹਮਣੇ ਪੇਸ਼ ਕੀਤਾ। ਅਬਦੁੱਲ ਸਮੁੰਦਖਾਨ ਸਿੰਘ ਨੂੰ ਦੇਖ ਕੇ ਬੜਾ ਖੁਸ਼ ਹੋਇਆ ਕਿ ਇਹ ਵੀ ਚੰਗਾ ਹੋਇਆ ਕਿ ਸਾਡਾ ਬੋਝਾ ਗੱਠੜੀ (ਭਾਰ ਚੁੱਕਣ) ਲਈ ਇਕ ਗਰੀਬ ਘਰਾਣੇ ਦਾ ਸਿੰਘ ਮਿਲ ਗਿਆ ਹੈ। ਨਾਲ ਹੀ ਗੁੱਸੇ ਵਿੱਚ ਬੋਲਿਆ ਤੁਸਾਂ ਦੇ ਕੋਲੋਂ ਦੀ ਲੰਘ ਕੇ ਆਏ ਹਾਂ। ਤੁਸਾਂ ਸਾਨੂੰ ਸਲਾਮ ਕਿਉਂ ਨਹੀਂ ਬੁਲਾਈ। ਬਾਬਾ ਜੀ ਬੋਲੇ ਕਿ ਮੈਨੂੰ ਤੁਸਾਂ ਦੇ ਲੰਘਣ ਬਾਰੇ ਕੋਈ ਪਤਾ ਹੀ ਨਹੀਂ ਲੱਗਾ। ਉਸ ਵੇਲੇ ਮੇਰੀ ਬਿਰਤੀ ਗੁਰਚਰਨਾਂ ਨਾਲ ਜੁੜੀ ਹੋਈ ਸੀ। ਜਦੋਂ ਇਕ ਗੁਰਸਿੱਖ ਗੁਰਬਾਣੀ ਨਾਲ ਜੁੜਦਾ ਹੈ ਤਾਂ ਉਸ ਦਾ ਮਨ ਇਕਾਗਰ ਚਿੱਤ ਹੋ ਕੇ ਸਤਿਗੁਰਾਂ ਨਾਲ ਜੁੜਿਆ ਹੁੰਦਾ ਹੈ। ਉਸ ਗੁਰਸਿੱਖ ਦੀ ਸੁਰਤੀ ਏਧਰ ਉਧਰ ਨਹੀਂ ਝਾਕਦੀ ਕੇਵਲ ਗੁਰਚਰਨਾਂ ਨਾਲ ਪ੍ਰੀਤ ਲੱਗੀ ਹੁੰਦੀ ਹੈ। ਮੈਨੂੰ ਕੋਈ ਪਤਾ ਨਹੀਂ ਤੁਸੀਂ ਕਦੋਂ ਇਸ਼ਨਾਨ ਕਰਦੇ ਪਾਸੋਂ ਦੀ ਲੰਘ ਆਏ ਹੋ। ਇਸ ਤੇ ਸਮੁੰਦ ਖਾਨ ਨੇ ਗੁੱਸੇ ਵਿੱਚ ਕਿਹਾ ਅੱਛਾ ਮੈਂ ਹੁਣ ਦੇਖਾਂਗਾ ਤੇਰੀ ਗੁਰਚਰਨਾਂ ਨਾਲ ਜੁੜੀ ਬਿਰਤੀ ਨੂੰ। ਇਸ ਦੀ ਸਜ਼ਾ ਤਾਂ ਤੈਨੂੰ ਪਟਿਆਲੇ ਪੁੱਜ ਕੇ ਹੀ ਦਿਆਂਗਾ। ਪਹਿਲਾਂ ਤੂੰ ਮੇਰਾ ਇਹ ਬੋਝਾ ਚੁੱਕ ਕੇ ਪਟਿਆਲੇ ਪਹੁੰਚਾ।

ਉਨ੍ਹਾਂ ਸਮਿਆਂ ਵਿੱਚ ਅਹਿਲਕਾਰਾਂ ਦਾ ਬੋਝਾ (ਭਾਰ) ਇਕ ਪਿੰਡ ਤੋਂ ਦੂਜੇ ਪਿੰਡ ਤਕ ਪਹੁੰਚਾਉਣ ਦਾ ਰਿਵਾਜ਼ ਹੁੰਦਾ ਸੀ। ਕੋਤਵਾਲ ਨਿਜ਼ਾਮਦੀਨ ਨੇ ਬਾਬਾ ਜੈ ਸਿੰਘ ਜੀ ਨੂੰ ਇਹ ਬੋਝਾ (ਭਾਰ) ਚੁੱਕ ਕੇ ਪਟਿਆਲੇ ਲਿਜਾਣ ਦਾ ਹੁਕਮ ਕੀਤਾ। ਬਾਬਾ ਜੈ ਸਿੰਘ ਜੀ ਨੇ ਬੜੀ ਨਿਮਰਤਾ ਨਾਲ ਕੋਤਵਾਲ ਪਾਸ ਬੇਨਤੀ ਕੀਤੀ ਕਿ ਮੈਨੂੰ ਪਹਿਲੇ ਇਹ ਦੱਸੋ ਕਿ ਇਸ ਬੋਝੇ ਵਿੱਚ ਕੀ ਹੈ। ਐਸਾ ਨਾ ਹੋਵੇ ਕਿ ਮੈਂ ਇੱਕ ਅੰਮ੍ਰਿਤਧਾਰੀ ਕਲਗੀਧਰ ਪਾਤਸ਼ਾਹ ਦਾ ਅਦਨਾ ਜਿਹਾ ਸੇਵਕ ਹਾਂ। ਇਸ ਭਾਰ ਨੂੰ ਚੁੱਕਣ ਨਾਲ ਮੇਰੇ ਸਿੱਖ ਧਰਮ ਤੇ ਕੋਈ ਆਂਚ ਆਵੇ। ਅੱਗੋਂ ਕੋਤਵਾਲ ਨਜ਼ਾਮ ਦੀਨ ਇਹ_ਣ ਕੇ ਗੁੱਸੇ ਵਿੱਚ ਲਾਲ ਪੀਲਾ ਹੋ ਗਿਆ। ਆਖਣ ਲੱਗਾ ਤੈਨੂੰ ਇਹ ਪੁੱਛਣ ਦਾ ਕੋਈ ਅਧਿਕਾਰ ਨਹੀਂ ਕਿ ਇਸ ਵਿੱਚ ਕੀ ਹੈ। ਤੈਨੂੰ ਇਹ ਭਾਰ ਚੁੱਕ ਕੇ ਪਟਿਆਲੇ ਪਹੁੰਚਾਉਣਾ ਹੀ ਪਵੇਗਾ। ਖਾਂ ਸਾਹਿਬ ਤੁਸਾਂ ਨੂੰ ਦੱਸਣ ਨਾਲ ਤਾਂ ਕੋਈ ਫਰਕ ਨਹੀਂ ਪੈਂਦਾ। ਮੈਂ ਜ਼ਰੂਰ ਇਹ ਬੋਝਾ ਸਿਰ ਤੇ ਉਠਾ ਕੇ ਲੈ ਜਾਵਾਂਗਾ, ਪਰ ਮੈਨੂੰ ਪਹਿਲੇ ਇਸ ਵਿੱਚ ਜੋ ਕੁਝ ਵੀ ਹੈ ਦੱਸਣ ਦੀ ਕ੍ਰਿਪਾ ਤਾਂ ਕਰੋ। ਭਾਈ ਜੀ ਨੇ ਕਿਹਾ। ਬਹੁਤੀਆਂ ਗੱਲਾਂ ਨਾ ਕਰ, ਡਾਂਟ ਕੇ ਕੋਤਵਾਲ ਨਿਜ਼ਾਮਦੀਨ ਨੇ ਫਿਰ ਕਿਹਾ ਤੇ ਨਾਲ ਹੀ ਦੱਸ ਦਿੱਤਾ ਕਿ ਇਸ ਵਿੱਚ ਨਵਾਬ ਸਾਹਿਬ ਦਾ ਹੁੱਕਾ ਹੈ। ਇਹ ਸੁਣ ਕੇ ਬਾਬਾ ਜੀ ਕੰਬ ਗਏ, ਕਹਿਣ ਲੱਗੇ

ਮੈਂ ਇਹ ਬੋਝਾ ਕਦੇ ਵੀ ਨਹੀਂ ਚੁੱਕਾਂਗਾ। ਮੇਰੇ ਦਸ਼ਮੇਸ਼ ਪਿਤਾ ਨੇ ਤਾਂ ਤੰਬਾਕੂ ਨੂੰ ਛੂਹਣ ਤੋਂ ਡੱਕਿਆ ਹੋਇਆ ਹੈ। ਮੈਂ ਤੰਬਾਕੂ ਵਾਲੇ ਹੁੱਕੇ ਨੂੰ ਕਿਵੇਂ ਆਪਣੇ ਸਿਰ ਤੇ ਚੁੱਕਾਂ, ਜਿਨ੍ਹਾਂ ਕੇਸਾਂ ਵਿੱਚ ਮੇਰੇ ਕਲਗੀਧਰ ਪਾਤਸ਼ਾਹ ਨੇ ਅੰਮ੍ਰਿਤ ਚੋਇਆ ਹੋਇਆ ਹੈ। ਇਹ ਕਦੇ ਵੀ ਨਹੀਂ ਚੁੱਕਾਂਗਾ, ਭਾਵੇਂ ਮੈਨੂੰ ਇਸ ਬਦਲੇ ਕਿੰਨੀ ਵੀ ਸਜ਼ਾ ਭੁਗਤਣੀ ਪਵੇ। ਕੋਤਵਾਲ ਬਾਬਾ ਜੀ ਦੇ ਸ਼ਬਦ ਸੁਣ ਕੇ ਲੋਹਾ ਲਾਖਾ ਹੋ ਗਿਆ। ਸਿਪਾਹੀਆਂ ਨੂੰ ਕਿਹਾ ਇਸ ਨੂੰ ਢਾਹ ਲਵੋ ਜਿੰਨਾਂ ਚਿਰ ਬੋਖਾ ਚੁੱਕਣ ਲਈ ਨਹੀਂ ਮੰਨਦਾ। ਇਸ ਦੇ ਸਰੀਰ ਤੇ ਛਮਕਾਂ ਮਾਰ ਮਾਰ ਕੇ ਖੱਲ ਉਧੇੜ ਦਿਉ। ਫਿਰ ਇਸ ਦੀ ਸਿੱਖੀ ਦੇਖਾਂਗਾ। ਫਿਰ ਕੀ ਸੀ ਬਾਬਾ ਜੈ ਸਿੰਘ ਨੂੰ ਛਮਕਾਂ ਮਾਰ ਮਾਰ ਕੇ ਲਾਲ ਕਰ ਦਿੱਤਾ ਗਿਆ। ਬਾਬਾ ਜੀ ਦੀ ਰੱਗ-ਰੱਗ ਵਿੱਚ ਸਿੱਖੀ ਪਿਆਰ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਉਹ ਅਡੋਲ ਜ਼ਾਲਮਾਂ ਦੀ ਛਮਕਾਂ ਦੀ ਮਾਰ ਸਹਿੰਦੇ, ਜਪੁਜੀ ਸਾਹਿਬ ਦਾ ਪਾਠ ਕਰਦੇ ਰਹੇ। ਨਵਾਬ ਸਮੁੰਦ ਖਾਨ ਨੇ ਵੀ ਬਹੁਤ ਡਰਾਵੇ ਦਿੱਤੇ ਪਰ ਸਿੰਘ ਜੀ ਅਡੋਲ ਬੈਠੇ ਕਲਗੀਧਰ ਦਾ ਧਿਆਨ ਧਰ ਬਾਣੀ ਪੜ੍ਹਦੇ ਰਹੇ। ਫੇਰ ਅਬਦੁੱਲ ਸਮੁੰਦ ਖਾਨ ਨਵਾਬ ਨੇ ਕਿਹਾ ਕਿ ਉਹ ਸਿੱਖੜੇ ਤੈਨੂੰ ਪਤਾ ਨਹੀਂ ਸਿੱਖ ਹਕੂਮਤ ਦੇ ਬਾਗੀ ਹਨ ਅਤੇ ਬਾਗੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ। ਅੱਗੋਂ ਫਿਰ ਬਾਬਾ ਜੀ ਬੋਲੇ ਨਵਾਬ ਸਾਹਿਬ ਮੇਰੇ ਸਤਿਗੁਰਾਂ ਦਾ ਹੁਕਮ ਹੈ ਕਿ ਤੰਬਾਕੂ ਵਾਲੀ ਕਿਸੇ ਚੀਜ਼ ਨੂੰ ਛੂਹਣਾ ਨਹੀਂ ਤੇ ਤੁਸੀਂ ਮੈਥੋਂ ਤੰਬਾਕੂ ਵਾਲੇ ਹੁੱਕੇ ਵਾਲਾ ਬੋਝਾ ਚੁਕਾਉਣ ਦਾ ਕੁਕਰਮ ਕਰਾ ਰਹੇ ਹੋ। ਮੇਰੇ ਸਤਿਗੁਰਾਂ ਦਾ ਹੁਕਮ ਹੈ -

*ਕੁੱਠਾ ਹੁੱਕਾ ਚਰਸ ਤੰਬਾਕੂ ਗਾਂਜਾ ਟੋਪੀ ਤਾੜੀ ਖਾਕੂ॥*
*ਇਨ ਕੀ ਓਰ ਨ ਕਬਹੂੰ ਦੇਖੇ,*
*ਰਹਿਤਵੰਤ ਜੋ ਸਿੰਘ ਵਸੇਖੇ।*

ਨਵਾਬ ਨੇ ਬੜੇ ਧੀਰਜ ਨਾਲ ਫਿਰ ਕਿਹਾ ਕਿ ਸਿੱਖ ਵਿੱਚ ਕੀ ਰੱਖਿਆ। ਐਵੇਂ ਜਾਨ ਨਾ ਗੁਆ, ਸਾਡੇ ਦੀਨ ਵਿੱਚ ਆ ਜਾ ਤੈਨੂੰ ਦੌਲਤ ਨਾਲ ਮਾਲਾ ਮਾਲ ਕਰ ਦਿਆਂਗੇ। ਤੇਰਾ ਹੁਕਮ ਚਲੇਗਾ। ਤੇਰੀ ਸੇਵਾ ਲਈ ਨੌਕਰ ਚਾਕਰ ਹੋਣਗੇ ਜੋ ਸੇਵਾ ਲਈ ਹਰ ਵੇਲੇ ਤੱਤਪਰ ਰਹਿਣਗੇ। ਛੱਡ ਇਸ ਸਿੱਖੀ ਨੂੰ ਅੱਜ ਤੱਕ ਸਿੱਖਾਂ ਨੇ ਕੀ ਖੱਟਿਆ ਹੈ, ਅਜੇ ਤੱਕ ਉਨ੍ਹਾਂ ਦੀਆਂ ਹੱਡੀਆਂ ਰੁੱਲ ਰਹੀਆਂ ਹਨ। ਮੁਸਲਮਾਨ ਬਣ ਕੇ ਸਵਰਗਾਂ ਦੇ ਝੂਟੇ ਲੈ। ਮਰਨ ਉਪਰੰਤ ਵੀ ਤੈਨੂੰ ਹੂਰਾਂ ਮਿਲਣਗੀਆਂ ਬਹਿਸ਼ਤ ਵਿੱਚ ਵੀ ਤੇਰਾ ਹੁਕਮ ਚਲੇਗਾ। ਐਵੇਂ ਤੜਫ ਤੜਫ ਕੇ ਮੇਰੇ ਹੱਥੋਂ ਆਪਣੀ ਜਾਨ ਨਾ ਗੁਆ ਬੈਠੀਂ। ਸੋਚ ਲੈ ਖੁਦਾਵੰਦ ਕਰੀਮ ਨੇ ਤੇਰੇ ਭਲੇ ਲਈ ਹੀ ਸ਼ਾਇਦ ਸਾਨੂੰ ਏਸ ਪਿੰਡ ਲਿਆਂਦਾ, ਤਾਂ ਜੋ ਤੇਰੇ ਵਰਗੇ ਸਿੱਖੜੇ ਦਾ ਭਲਾ ਹੋ ਜਾਵੇ। ਪਰ ਹੁਣ ਸੋਚਣ ਵਾਲੀ ਗੱਲ ਨਹੀਂ। ਮੌਲਵੀ ਸਾਡੇ ਨਾਲ ਹੈ, ਹੁਣੇ ਹੀ ਸ਼ਰ੍ਹਾ ਵਿੱਚ ਲੈ ਆਉਂਦੇ ਹਾਂ, ਸੋਚ ਲੈ, ਸਮਾਂ ਬੜਾ ਕੀਮਤੀ ਹੈ। ਕੋਤਵਾਲ ਨੇ ਧਮਕੀ ਦਿੰਦੇ ਹੋਏ ਨਵਾਬ ਦੀ ਗੱਲ ਟੋਕ ਕੇ ਕਿਹਾ। ਭਾਈ ਜੈ ਸਿੰਘ ਜੀ ਨੇ ਕੜਕ ਕੇ ਉੱਤਰ ਦਿੱਤਾ ਕਿ ਮੈਨੂੰ ਜੰਨਤ ਦੀਆਂ ਹੂਰਾਂ ਦੀ ਲੋੜ ਨਹੀਂ, ਮੈਂ ਆਪਣੇ ਧਰਮ ਨੂੰ ਕਦੇ ਨਹੀਂ ਛੱਡ ਸਕਦਾ, ਹਾਂ ਜੇਕਰ ਮੁਸਲਮਾਨ ਬਣਨ ਨਾਲ ਮੌਤ ਨਹੀਂ ਆਉਣੀ ਤਾਂ ਦੱਸੋ, ਤਾਂ ਮੈਂ ਮੁਸਲਮਾਨ ਬਣਨ ਲਈ ਵੀ ਤਿਆਰ ਹਾਂ, ਜਦ ਮੌਤ ਦਾ ਚੱਕਰ ਤਾਂ ਸਾਰਿਆਂ ਤੇ ਮੰਡਲਾ ਰਿਹਾ ਹੈ। ਫਿਰ ਮੈਂ ਆਪਣੇ ਦਸ਼ਮੇਸ਼ ਵਲੋਂ ਬਖਸ਼ੀ ਹੋਈ ਗੁਰਸਿੱਖੀ ਦੀ ਦਾਤ ਨੂੰ ਕਿਉਂ ਤਿਆਂਗਾਂ। ਮੈਂ ਤਾਂ ਅਰਦਾਸ ਆਪਣੇ ਸਤਿਗੁਰਾਂ ਦੇ ਚਰਨਾਂ ਵਿੱਚ ਕਰਦਾ ਹਾਂ, ਸੱਚੇ ਪਾਤਸ਼ਾਹ ਇਹ ਗੁਰਸਿੱਖੀ ਜੀਵਨ ਕੇਸਾਂ ਸਵਾਸਾਂ ਨਾਲ ਨਿਭਾਈ। ਮੈਨੂੰ ਮੁੜ ਮੁੜ ਮੌਤ ਦੇ ਡਰਾਵੇ ਨਾ ਦਿਉ ਮੈਂ ਮੌਤ ਨੂੰ ਖਿੜੇ ਮੱਥੇ ਪ੍ਰਵਾਨ ਕਰਾਂਗਾ।

ਅਬਦੁੱਲ ਸਮੁੰਦ ਖਾਂ ਨੇ ਦੇਖਿਆ ਕਿ ਇਹ ਸਿੱਖ ਪਤਾ ਨਹੀਂ ਕਿਸ ਮਿੱਟੀ ਦਾ ਬਣਿਆ ਹੋਇਆ ਹੈ, ਈਨ ਮੰਨਣ ਲਈ ਤਿਆਰ ਹੀ ਨਹੀਂ। ਥੋੜ੍ਹੀ ਦੇਰ ਸੋਚ ਕੇ ਫੇਰ ਫੌਜਦਾਰ ਨੇ ਸਿੰਘ ਨੂੰ ਪਿਆਰ ਨਾਲ ਕਿਹਾ ਕਿ ਜੇ ਤੁਸਾਂ ਆਪਣੀ ਜਾਨ ਬਚਾਉਣੀ ਹੈ ਦੋ ਮੇਰੀਆਂ ਗੱਲਾਂ ਵਿਚੋਂ ਇੱਕ ਨੂੰ ਪ੍ਰਵਾਨ ਕਰ ਲੈ। ਪਹਿਲੀ ਜਾਂ ਤਾਂ ਬੋਝਾ ਚੁੱਕ ਕੇ ਮੰਜ਼ਲੇ ਮਕਸੂਦ ਤੇ ਪਹੁੰਚਾ ਦੇ ਜਾਂ ਫਿਰ ਆਪ ਮੁਸਲਮਾਨ ਬਣਨ ਲਈ ਤਿਆਰ ਹੋ ਜਾ ਮੇਰੀਆਂ ਇਨ੍ਹਾਂ ਗੱਲਾਂ ਵਿੱਚੋਂ ਕਿਸੇ ਨੂੰ ਵੀ ਤੁਸਾਂ ਪ੍ਰਵਾਨ ਨਾ ਕੀਤਾ ਤਾਂ ਸ਼ਮਸ਼ਦੀਨ ਮੁਹੰਮਦ ਤਰਵੇਜ਼ ਵਾਂਗੂੰ ਪੁੱਠਾ ਕਰਕੇ ਖੱਲ ਉਤਾਰ ਕੇ ਭੈੜੀ ਮੌਤੇ ਤੁਸਾਂ ਨੂੰ ਮਾਰਿਆ ਜਾਵੇਗਾ। ਇਹ ਮੇਰਾ ਆਖਰੀ ਫੈਸਲਾ ਹੈ।

ਅੱਗੋਂ ਬਾਬਾ ਜੈ ਸਿੰਘ ਜੀ ਨੇ ਕਿਹਾ ਫੌਜਦਾਰ ਸਾਹਿਬ ਇਸ ਤੋਂ ਹੋਰ ਚੰਗਾ ਸਮਾਂ ਮੈਨੂੰ ਕਦੇ ਨਸੀਬ ਨਹੀਂ ਹੋਵੇਗਾ, ਛੇਤੀ ਕਰੋ ਮੇਰੀ ਸ਼ਮਸਤਰਵੇਜ਼ ਵਾਂਗ ਖੱਲ ਲਾਹ ਕੇ ਸ਼ਹਾਦਤ ਦਾ ਜਾਮ ਪਿਲਾਉ। ਮੈਂ ਉਸ ਦਸ਼ਮੇਸ਼ ਕਲਗੀਆਂ ਵਾਲੇ ਦਾ ਇੱਕ ਅਦਨਾ ਜਿਹਾ ਸਿੱਖ ਹਾਂ ਜਿਸ ਦੇ ਸੱਤ ਅਤੇ ਨੌ ਸਾਲ ਦੇ ਬੱਚਿਆਂ ਨੂੰ ਨੀਹਾਂ ਵਿੱਚ ਚਿਣ ਕੇ ਸ਼ਹੀਦ ਕਰ ਦਿੱਤਾ ਸੀ। ਉਹ ਤੁਸਾਂ ਵਲੋਂ ਦਿਤੇ ਕਿਸੇ ਲਾਲਚ ਅੱਗੇ ਨਹੀਂ ਝੁਕੇ ਸਨ। ਮੈਂ ਤਾਂ ਇਕ ਵਡੇਰੀ ਉਮਰ ਦਾ ਇੱਕ ਸਿੱਖ ਹਾਂ, ਛੇਤੀ ਕਰੋ, ਮੈਨੂੰ ਛੇਤੀ ਛੇਤੀ ਜਾਮੇ ਸ਼ਹਦਤ ਪਿਲਾਉ। ਮੈਂ ਵੀ ਆਪਣੇ ਗੁਰੂ ਜੀ ਦੇ ਛੋਟੇ ਛੋਟੇ ਬੱਚਿਆਂ ਦੇ ਜਾ ਕੇ ਦਰਸ਼ਨ ਕਰ ਸਕਾਂ। ਹੁਣ ਢਿੱਲ ਨਾ ਲਾਉ। ਮੈਨੂੰ ਤੁਸਾਂ ਦੇ ਦੋਹਾਂ ਫੈਸਲਿਆਂ ਵਿੱਚੋਂ ਕੋਈ ਵੀ ਪ੍ਰਵਾਨ ਨਹੀਂ। ਕੇਵਲ ਸ਼ਹਾਦਤ ਦਾ ਜਾਮ ਪੀਣ ਲਈ ਗੁਰੂ ਸਿੱਖ ਤਿਆਰ ਹੈ। ਬਿਧਾਤਾ ਸਿੰਘ ਤੀਰ ਲਿਖਦੇ ਹਨ।

*ਦੀਨ ਮੰਨ, ਫੇਰ ਵੀ ਅੰਤ ਮਰਨਾ,*
*ਫੇਰ ਕਿਉਂ ਹੋਈਏ ਧਰਮਹੀਨ ਸ਼ਾਹਾ।*
*ਤੂੰ ਤੇ ਜ਼ੁਲਮ ਦੇ ਘੋੜੇ ਸਵਾਰ ਹੋਇਉ,*
*ਉਤੇ ਸਟ ਕੇ ਪਾਪ ਦੀ ਜ਼ੀਨ ਸਾਹਾ।*
*ਸਾਡੀ ਅੱਖ ਦੇ ਵਿੱਚ ਨਾ ਚੀਜ਼ ਕੋਈ,*
*ਇਹ ਜੋ ਜ਼ਰ ਜ਼ੋਰੂ ਜ਼ਮੀਨ ਸ਼ਾਹਾ।*
*ਸਾਨੂੰ ਮੌਤ ਦਾ ਮੂਲ ਨਾ ਭੈ ਰਿਹਾ,*
*ਹੁੰਦੇ ਮਰਨ ਤੋਂ ਨਹੀਂ ਗਮਗੀਨ ਸ਼ਾਹਾ।*

ਜਦੋਂ ਸੂਬੇਦਾਰ ਅਬਦੁੱਲ ਸਮੁੰਦ ਖਾਂ ਨੇ ਦੇਖਿਆ ਕਿ ਇਹ ਸਿੰਘ ਸਾਡੇ ਹੁਕਮ ਨੂੰ ਮੰਨਣ ਲਈ ਤਿਆਰ ਨਹੀਂ ਹੈ। ਝੱਟ ਮੁਗਲ ਮਾਜਰਾ ਪਿੰਡ ਵਿਚੋਂ ਦੋ ਕਸਾਈ ਮੰਗਵਾਏ ਉਨ੍ਹਾਂ ਨੂੰ ਹੁਕਮ ਦਿੱਤਾ ਕਿ ਇਸ ਸਿੰਘ ਨੂੰ ਜੌੜੇ ਪਿੱਪਲ ਤੇ ਬੋਹੜ ਦੇ ਨਾਲ ਪੁੱਠਾ ਟੰਗ ਕੇ ਇਸ ਦੀ ਅੰਗੂਠੇ ਤੋਂ ਲੈ ਕੇ ਸਾਰੇ ਸਰੀਰ ਦੀ ਖੱਲ ਉਤਾਰ ਦਿਉ। ਤੁਸਾਂ ਨੂੰ ਮੂੰਹ ਮੰਗੀ ਰਕਮ ਦਿੱਤੀ ਜਾਵੇਗੀ। ਹੁਕਮ ਦੀ ਦੇਰ ਸੀ ਬਾਬਾ ਜੈ ਸਿੰਘ ਦੇ ਬਸਤਰ ਉਤਾਰ ਕੇ ਜੌੜੇ ਦਰਖਤਾਂ ਨਾਲ ਪੁੱਠਾ ਟੰਗ ਕੇ ਸ਼ਹੀਦ ਕਰ ਦਿੱਤਾ ਗਿਆ। ਪਰ ਧੰਨ ਦਸ਼ਮੇਸ਼ ਦੇ ਗੁਰਸਿੱਖ ਬਾਬਾ ਜੈ ਸਿੰਘ ਨੇ ਮੁਖੋਂ ਸੀ ਨਾ ਉਚਾਰੀ। ਜਪੁਜੀ ਸਾਹਿਬ ਦਾ ਪਾਠ ਕਰਦੇ ਹੋਏ ਨੂੰ ਚੇਤ ਸੁਧੀ ਦਸਵੀਂ ਸੰਮਤ ੧੮੧● ਨੂੰ ਪੁੱਠੀ ਖੱਲ ਲੁਹਾ ਕੇ ਸ਼ਹੀਦੀ ਜਾਮ ਪੀ ਗਏ। ਜਿਸ ਅਸਥਾਨ ਤੇ ਬਾਬਾ ਜੀ ਨੂੰ ਜੌੜੇ ਦਰਖਤਾਂ ਨਾਲ ਟੰਗ ਕੇ ਖੱਲ ਉਤਾਰੀ ਗਈ ਸੀ। ਇਹ ਅਸਥਾਨ ਮੁਗਲ ਮਾਜਰੇ ਦੇ

ਬਾਹਰਲੇ ਪਾਸੇ ਕੋਈ ਤਿੰਨ ਕੁ ਫਰਲਾਂਗ ਦੀ ਵਿੱਥ ਤੇ ਸੀ। ਬਾਬਾ ਜੀ ਦੀ ਸ਼ਹੀਦੀ ਦੀ ਖਬਰ ਅੱਗ ਦੇ ਭਾਂਬੜ ਵਾਂਗੂੰ ਸਾਰੇ ਇਲਾਕੇ ਵਿੱਚ ਫੈਲ ਗਈ। ਕਈ ਹਿੰਦੂਆਂ ਅਤੇ ਸਿੱਖਾਂ ਨੇ ਆਪਣੇ ਆਪ ਨੂੰ ਇਨ੍ਹਾਂ ਜ਼ਾਲਮਾਂ ਦੀਆਂ ਨਜ਼ਰਾਂ ਤੋਂ ਲੁਕਾ ਲਿਆ। ਬਾਬਾ ਜੀ ਦੀ ਸੁਪਤਨੀ ਮਾਤਾ ਧੰਨ ਕੌਰ ਨੂੰ ਅਤੇ ਦੋਹਾਂ ਪੁੱਤਰਾਂ ਨੂੰ ਵੀ ਉਸੇ ਅਸਥਾਨ ਤੇ ਬੁਲਾ ਕੇ ਕੋਹ ਕੋਹ ਕੇ ਸ਼ਹੀਦ ਕਰ ਦਿੱਤਾ ਗਿਆ। ਬਾਬਾ ਜੀ ਦੀਆਂ ਦੋ ਨੂੰਹਾਂ ਨੂੰ ਪਕੜ ਕੇ ਲੈ ਆਂਦਾ ਗਿਆ। ਭਾਈ ਕੜਾਕਾ ਸਿੰਘ ਦੀ ਪਤਨੀ ਗਰਭਵਤੀ ਸੀ। ਉਹ ਜ਼ਾਲਮਾਂ ਤੋਂ ਅੱਖ ਬਚਾ ਕੇ ਨੱਸਣ ਵਿੱਚ ਸਫਲ ਹੋ ਗਈ। ਉਹ ਔਖੀ ਸੌਖੀ ਤੁਰਦੀ ਤੁਰਾਂਦੀ ਅੰਬਾਲੇ ਪੁੱਜ ਗਈ। ਜਿਤੇ ਉਸ ਨੇ ਇੱਕ ਬੱਚੇ ਨੂੰ ਜਨਮ ਦਿੱਤਾ। ਦੂਜੀ ਨੂੰਹ ਨੇ ਜੋ ਭਾਈ ਖੜਕ ਸਿੰਘ ਦੀ ਇਸਤਰੀ ਸੀ, ਉਸ ਨੂੰ ਵੀ ਜ਼ਾਲਮਾਂ ਨੇ ਬਖਸ਼ਿਆ ਨਹੀਂ। ਸਾਰਾ ਪਰਿਵਾਰ ਮੌਤ ਦੇ ਘਾਟ ਉਤਾਰ ਕੇ ਲਾਸ਼ਾਂ ਲਹੂ ਭਿੱਜੀਆਂ ਛੱਡ ਕੇ ਸੂਬੇਦਾਰ ਸਮੁੰਦ ਖਾਂ ਅੱਗੇ ਚਲਾ ਗਿਆ। ਪਿਛੋਂ ਆਲੇ ਦੁਆਲੇ ਦੇ ਨਗਰਾਂ ਦੇ ਪਿੰਡਾਂ ਦੇ ਲੋਕਾਂ ਨੇ ਇਕੱਠੇ ਹੋ ਕੇ ਇਸ ਸ਼ਹੀਦ ਪਰਿਵਾਰ ਦਾ ਸਸਕਾਰ ਕਰ ਦਿੱਤਾ। ਉਸ ਜਗ੍ਹਾ ਤੇ ਸ਼ਹੀਦਾਂ ਦੀ ਯਾਦ ਵਿੱਚ ਇੱਕ ਛੋਟੀ ਜਿਹੀ ਮੱਟੀ (ਸਮਾਧ) ਬਣਾ ਦਿੱਤੀ ਗਈ।

ਸਮੇਂ ਦੇ ਗੇੜ ਨਾਲ ਜਦੋਂ ਸਿੰਘ ਸਰਦਾਰਾਂ ਨੂੰ ਪਤਾ ਲੱਗਾ ਕਿ ਏਥੋਂ ਦੇ ਰਸਦੇ ਵਸਤੇ ਸਿੱਖ ਪਰਿਵਾਰ ਨੂੰ ਕੋਹ ਕੋਹ ਕੇ ਅਤੇ ਬਾਬਾ ਜੈ ਸਿੰਘ ਨੂੰ ਪੁੱਠਾ ਟੰਗ ਕੇ ਖੱਲ ਲਾਹ ਕੇ ਸ਼ਹੀਦ ਕੀਤਾ ਗਿਆ ਹੈ ਤਾਂ ਉਨ੍ਹਾਂ ਨੇ ਮੁਗਲ ਮਾਜਰਾ ਪਿੰਡ ਦਾ ਨਾਮੋ ਨਿਸ਼ਾਨ ਹੀ ਮਿਟਾ ਦਿੱਤਾ। ਜਿਥੇ ਬਾਬਾ ਜੈ ਸਿੰਘ ਤੇ ਉਸ ਦੇ ਪਰਿਵਾਰ ਨੂੰ ਸ਼ਹੀਦ ਕੀਤਾ ਗਿਆ ਸੀ। ਉਸ ਦੀ ਸਮਾਧੀ ਦੇ ਲਾਗੇ ਇੱਕ ਬਾਰਨ ਨਾਮੀ ਨਵਾਂ ਪਿੰਡ ਵਸਿਆ ਹੋਇਆ ਹੈ।

**ਅਨੋਖਾ ਕੌਤਕ –**

ਜਿਥੇ ਬਾਬਾ ਜੈ ਸਿੰਘ ਨੂੰ ਪੁੱਠਾ ਟੰਗ ਕੇ ਖੱਲ ਲਾਹੀ ਗਈ ਸੀ। ਉਸ ਦੀ ਪਤਨੀ ਮਾਤਾ ਧੰਨ ਕੌਰ, ਪੁੱਤਰ ਖੜਕ ਸਿੰਘ, ਕੜਾਕਾ ਸਿੰਘ ਅਤੇ ਇੱਕ ਨੂੰਹ ਨੂੰ ਸ਼ਹੀਦ ਕੀਤਾ ਗਿਆ ਸੀ। ਉਸ ਅਸਥਾਨ ਤੇ ਕੁਝ ਕੁ ਮੱਟੀ ਦੀ ਸ਼ਕਲ ਵਿੱਚ ਇੱਟਾਂ ਰੱਖੀਆਂ ਹੋਈਆਂ ਸਨ। ਇਹ ਜਗ੍ਹਾ ਨੀਵੀਂ ਹੋਣ ਕਰਕੇ ਬਾਰਿਸ਼ ਹੋਣ ਨਾਲ ਪਾਣੀ ਨਾਲ ਭਰ ਗਈ ਤੇ ਮੱਟੀ ਦੀਆਂ ਇੱਟਾਂ ਪਾਣੀ ਵਿੱਚ ਡੁੱਬ ਗਈਆਂ।ਇੱਕ ਇੱਟ ਪਾਣੀ ਵਿੱਚ ਤਰਦੀ ਰਹੀ। ਜਦੋਂ ਸਵੇਰੇ ਉਸੇ ਪਿੰਡ ਦੀ ਮਾਤਾ ਗੁਰਦਿਆਲ ਕੌਰ ਉਸ ਪਾਸੇ ਗਈ ਤਾਂ ਉਸ ਨੇ ਤੱਕਿਆ ਕਿ ਇੱਟ ਪਾਣੀ ਵਿੱਚ ਤਰ ਰਹੀ ਹੈ। ਉਸ ਬਜ਼ੁਰਗ ਮਾਤਾ ਨੇ ਆ ਕੇ ਲੋਕਾਂ ਨੂੰ ਦੱਸਿਆ। ਪਿੰਡ ਦੇ ਸਾਰੇ ਵਸਨੀਕ ਇਕੱਠੇ ਹੋ ਗਏ। ਪਾਣੀ ਵਿੱਚ ਵੜ ਕੇ ਇੱਕ ਨੌਜਵਾਨੇ ਨੇ ਜਦੋਂ ਇੱਟ ਪਾਸ ਗਿਆ ਤਾਂ ਇਹ ਇੱਟ ਸੱਚਮੁੱਚ ਪਾਣੀ ਦੀ ਉਤਲੀ ਤਹਿ ਤੇ ਜੋ ਤਿੰਨ ਫੁੱਟ ਹੋਵੇਗੀ ਤਰ ਰਹੀ ਸੀ। ਲੋਕ ਹੈਰਾਨ ਸਨ। ਲੋਕਾਂ ਨੂੰ ਸਮਝ ਆ ਗਈ ਕਿ ਇਹ ਸ਼ਹੀਦਾਂ ਦੀ ਜਗ੍ਹਾਂ ਹੈ। ਜਿਥੇ ਗੁਰਸਿੱਖ ਪਰਿਵਾਰ ਨੂੰ ਸ਼ਹੀਦ ਕੀਤਾ ਗਿਆ ਸੀ। ਪਾਣੀ ਸੁੱਕਣ ਤੇ ਸ. ਵਰਿਆਮ ਸਿੰਘ ਨਾਮੀ ਇੱਕ ਸਰਦਾਰ ਨੇ ਇਹ ਸਮਾਧ ਪੱਕੀ ਕਰਾ ਦਿੱਤੀ। ਜਗ੍ਹਾ ਨੀਵੀਂ ਹੋਣ ਕਰਕੇ ਉਹ ਸਮਾਧ ਬਾਰਿਸ਼ ਹੋਣ ਨਾਲ ਪਾਣੀ ਵਿੱਚ ਡੁੱਬ ਜਾਂਦੀ ਰਹੀ। ਉਥੋਂ ਦੀਆਂ ਸੰਗਤਾਂ ਨੇ ਆਲੇ ਦੁਆਲੇ ਮਿੱਟੀ ਪਾ ਕੇ ਜਗ੍ਹਾ ਉੱਚੀ ਕਰ ਦਿੱਤੀ, ਪਰ ਸਮਾਧੀ ਅਸਥਾਨ ਨੀਵਾਂ ਹੀ ਰਿਹਾ ਕਿਉਂ ਲੋਕ ਇਸ ਨੂੰ ਪੁੱਟਣਾ ਨਹੀਂ ਸਨ ਚਾਹੁੰਦੇ। ਕੁਝ ਸਮਾਂ ਪਾ ਕੇ ਪਿੰਡ ਦੇ ਲੋਕਾਂ ਨੇ ਸੰਤ ਬਾਬਾ ਸੁਖਦੇਵ ਸਿੰਘ ਅਲਹੋਰਾਂ ਵਾਲਿਆਂ ਪਾਸ ਜਾ ਕੇ ਬੇਨਤੀ ਕੀਤੀ ਕਿ ਸਮਾਧੀ ਬੜੀ ਨੀਵੀਂ ਹੋਣ ਕਰਕੇ ਬਾਰਿਸ਼ ਸਮੇਂ ਪਾਣੀ ਵਿੱਚ ਡੁੱਬ ਜਾਂਦੀ ਹੈ। ਸ਼ਹੀਦਾਂ ਦਾ ਸਥਾਨ ਹੋਣ ਕਰਕੇ ਅਸੀਂ ਹੱਥ ਨਹੀਂ ਲਾਉਂਦੇ, ਹੁਣ ਸਾਨੂੰ ਕੀ ਕਰਨਾ ਚਾਹੀਦਾ ਹੈ। ਸੰਤ ਅਲਹੋਰਾਂ ਵਾਲਿਆਂ ਨੇ ਹੁਕਮ ਕੀਤਾ ਕਿ ਸਮਾਧੀ ਦੇ ਦੁਆਲੇ ਭਰਤ ਪਾ ਕੇ ਉੱਚੀ ਕਰ ਦਿਉ ਅਤੇ ਸਮਾਧੀ ਉੱਤੇ ਹੀ ਉਪਰ ਹੋਰ ਸਮਾਧ ਉਸਾਰ ਕੇ ਗੁਰਦੁਆਰਾ ਸਾਹਿਬ ਬਣਾਉ। ਪੰਜ ਨਿਤਨੇਮੀ ਰਹਿਤਵਾਨ ਸਿੱਖਾਂ ਨੇ ਅਰਦਾਸ ਕਰਵਾ ਕੇ ਨੀਂਹ ਰਖਾਉ। ਕੜਾਹ ਪ੍ਰਸਾਦਿ ਦੀ ਦੇਗ ਵਰਤਾਉ। ਸੰਤ ਬਾਬਾ ਸੁਖਦੇਵ ਸਿੰਘ ਅਲਹੋਰਾਂ ਵਾਲਿਆਂ ਦੇ ਹੁਕਮ ਅਨੁਸਾਰ ਸਮਾਧ ਉਪਰ ਸਮਾਧ ਬਣਾ ਕੇ ਉੱਚੀ ਕਰਕੇ ਇਕ ਬੜਾ ਸੁੰਦਰ ਗੁਰਦੁਆਰਾ ਸਾਹਿਬ ਬਣਾ ਦਿੱਤਾ ਗਿਆ। ਅੱਜ ਕੱਲ੍ਹ ਇਸ ਅਸਥਾਨ ਤੇ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਸਸ਼ੋਭਤ ਹੈ। ਨਾਲ ਹੀ ਲੰਗਰ ਹਾਲ ਵੀ ਬਣਿਆ ਹੈ, ਪਾਣੀ ਦਾ ਵੀ ਖਾਸ ਪ੍ਰਬੰਧ ਹੈ। ਗ੍ਰੰਥੀ ਸਿੰਘਾਂ ਲਈ ਅੱਡ ਕਮਰੇ ਬਣੇ ਹੋਏ ਹਨ। ਬੜੇ ਹੀ ਰਮਣੀਕ ਅਸਥਾਨ ਹੈ। ਆਲੇ ਦੁਆਲੇ ਚਾਰ ਦੀਵਾਰੀ ਬਣੀ ਹੋਈ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਜਾਪਾਂ ਦੀ ਲੜੀ ਚਲਦੀ ਰਹਿੰਦੀ ਹੈ। ਸਾਰਾ ਨਗਰ ਤੇ ਆਲੇ ਦੁਆਲੇ ਦੀਆਂ ਪੋਡੂ ਸੰਗਤਾਂ ਦਰਸ਼ਨ ਦੀਦਾਰੇ ਕਰਕੇ ਮਹਾਰਾਜ ਦੀ ਖੁਸ਼ੀਆਂ ਕਰਦੀਆਂ ਹਨ।

ਉਹ ਜੌੜੇ ਦਰਖਤ ਪਿੱਪਲ ਅਤੇ ਬੋਹੜ ਉਸੇ ਤਰ੍ਹਾਂ ਕਾਇਮ ਹਨ ਜਿਸ ਨਾਲ ਬਾਬਾ ਜੈ ਸਿੰਘ ਨੂੰ ਪੁੱਠਾ ਟੰਗ ਕੇ ਸ਼ਹੀਦ ਕੀਤਾ ਗਿਆ ਸੀ। ਬਾਬਾ ਜੀ ਦੀ ਨੂੰਹ ਭਾਈ ਕੜਾਕਾ ਸਿੰਘ ਦੀ ਸੁਪਤਨੀ ਬੀਬੀ ਰਾਜ ਕੌਰ ਨੇ ਅੰਬਾਲੇ ਜਾ ਕੇ ਇੱਕ ਬੱਚੇ ਨੂੰ ਜਨਮ ਦਿੱਤਾ। ਜਦੋਂ ਇਹ ਬੱਚਾ ਜੁਆਨ ਹੋਇਆ ਤਾਂ ਇਸ ਦੀ ਸ਼ਾਦੀ ਕਰ ਦਿੱਤੀ ਗਈ। ਜਿਸ ਦੀ ਔਲਾਦ ਤੋਂ ਅੱਗੋਂ ਪੀੜੀ ਦਰ ਪੀੜੀ ਪਰਿਵਾਰ ਚਲਦਾ ਆ ਰਿਹਾ ਹੈ। ਜਿਸ ਦੀ ਪੀੜੀ ਵਿੱਚ ਸਰਦਾਰ ਊਧਮ ਸਿੰਘ ਜੀ ਸਨ। ਊਧਮ ਸਿੰਘ ਦਾ ਪੁੱਤਰ ਸ. ਗੁਰਦਿਆਲ ਸਿੰਘ ਅਤੇ ਗੁਰਦਿਆਲ ਸਿੰਘ ਦਾ ਪੁੱਤਰ ਅਮਰਜੀਤ ਸਿੰਘ ਜੀ ਦਾ ਇੱਕ ਪੁੱਤਰ ਬਿੱਟੂ ਹੈ। ਇਹ ਪਰਿਵਾਰ ਤਰਵੈਣੀ ਮਹੱਲਾ, ਅੰਬਾਲੇ ਤੋਂ ਆ ਕੇ ਮੁਰਿੰਡੇ ਸ਼ਹਿਰ ਵਸ ਗਿਆ ਹੈ। ਇਹ ਜਾਣਕਾਰੀ ਸ. ਗੁਰਨਾਮ ਸਿੰਘ ਬਿਜਲੀ ਮੋਰਿੰਡਾ ਨੇ ਲਿਖਤੀ ਰੂਪ ਵਿੱਚ ਲਿਖ ਭੇਜੀ।

ਇਸ ਪਵਿੱਤਰ ਅਸਥਾਨ ਤੇ ਹਰ ਸਾਲ ਚੇਤ ਸੁਧੀ ਦਸਵੀਂ ਨੂੰ ਬੜਾ ਭਾਰੀ ਜੋੜ ਮੇਲਾ ਹੁੰਦਾ ਹੈ। ਪੰਥ ਦੀਆ ਮਹਾਨ ਹਸਤੀਆਂ ਕੀਰਤਨੀਏ ਢਾਡੀ ਆ ਕੇ ਹਾਜ਼ਰੀ ਲੁਆ ਕੇ ਬਾਬਾ ਜੈ ਸਿੰਘ ਜੀ ਨੂੰ ਸ਼ਰਧਾਂਜਲੀਆਂ ਅਰਪਨ ਕਰਦੇ ਹਨ। ਇਲਾਕੇ ਦੇ ਹਜ਼ਾਰਾਂ ਲੋਕੀ ਇਸ ਸ਼ਹੀਦੀ ਸਮਾਗਮ ਵਿੱਚ ਹਾਜ਼ਰੀਆਂ ਭਰ ਕੇ ਆਪਣੇ ਜੀਵਨ ਸਫਲ ਕਰਦੇ ਹਨ। ਗੁਰੂ ਕੇ ਲੰਗਰ ੨੪ ਘੰਟੇ ਅਤੁੱਟ ਵਰਤਦੇ ਹਨ।

ਪਿੰਡ ਬਾਰਨ ਵਿੱਚ ਇਸ ਗੁਰਦੁਆਰੇ ਦੇ ਪ੍ਰਬੰਧਕ ਸੁਰਜੀਤ ਸਿੰਘ ਪ੍ਰਧਾਨ, ਰੌਸ਼ਨ ਸਿੰਘ ਸੈਕਟਰੀ ਹਨ ਜੋ ਪ੍ਰਬੰਧ ਬੜੇ ਹੀ ਸੁਚੱਜੇ ਢੰਗ ਨਾਲ ਚਲਾ ਰਹੇ ਹਨ। ਇਨ੍ਹਾਂ ਨੇ ਦੱਸਿਆ ਜਦੋਂ ਬੜਾ ਥੜਾ ਸਾਹਿਬ ਬਨਾਉਣ ਲੱਗੇ ਤਾਂ ਜਥੇਦਾਰ ਜਗੀਰ ਸਿੰਘ ਸਰਪੰਚ ਨੇ ਰੋਕ ਦਿੱਤਾ ਪਰ ਰਾਤ ਨੂੰ ਜਦੋਂ ਤੰਗੀ ਹੋਈ ਤਾਂ ਸੰਗਤ ਵਿੱਚ ਆ ਕੇ ਬੇਨਤੀ ਕੀਤੀ ਕਿ ਮੈਥੋਂ ਭੁੱਲ ਹੋ ਗਈ ਹੈ ਬਖਸ਼ ਦਿਉ ਜੋ ਮਰਜ਼ੀ ਬਣਾਉ। ਉਸ ਵੇਲੇ ਪਿੰਡ ਦੇ ਨੰਬਰਦਾਰ ਦਇਆ ਸਿੰਘ ਨੇ ਗੁਰੂ ਘਰ ਦੀ ਸੇਵਾ ਲਈ ੭੦ ਹਜ਼ਾਰ ਰੁਪਏ ਭੇਟ ਕੀਤੇ ਤੇ ਕਿਹਾ ਸਾਰਾ ਨਗਰ ਰਲ ਕੇ ਇਸ ਅਸਥਾਨ ਦੀ ਸੇਵਾ ਕਰੇ ਇਹ ਸਾਡਾ ਸਾਰਿਆਂ ਦਾ ਸਾਂਝਾ ਗੁਰਸਿੱਖੀ ਵਿਰਸਾ ਹੈ। ਜਿਸ ਤੇ ਸਾਨੂੰ ਮਾਣ ਹੈ।

♠♠♠♠♠

# ਨਾਮ ਤੇ ਨਾਮ ਦਾ ਦਾਤਾ ਸਤਿਗੁਰੂ

***ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ***

***ਤਥਾ-ਗੁਰੂ ਦਾਤਾ ਸਮਰਥੁ ਗੁਰੁ***
***ਗੁਰੁ ਸਭ ਮਹਿ ਰਹਿਆ ਸਮਾਇ॥***
***ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ***
***ਡੁਬਦਾ ਲਏ ਤਰਾਇ॥ ਅੰਗ - ੪੯***

ਕੀ ਆਮ ਅਲਪੱਗ ਪੁਰਸ਼ ਸਿਰਫ ਸਿਮਰਨ-ਦਾਤਾ ਹੋਣ ਦਾ ਸੁਆਰਥ ਧਾਰ ਕੇ ਸਤਿਗੁਰੂ ਦਾਤਾਰ ਦਾ ਇਸਮ-ਆਜ਼ਮੀ-ਮਹੱਤੁ ਵਡਿਆਈ ਦਾ ਮਰਤਬਾ ਪ੍ਰਾਪਤ ਕਰ ਸਕਦੇ ਹਨ? ਕਦਾਚਿਤ ਨਹੀਂ। ਉਨ੍ਹਾਂ ਦੀ ਦਿੱਤੀ ਤਾਂ ਸਿਮਰਨ ਦੀ ਦਾਤਿ ਭੀ ਫਲੀਭੂਤ ਨਹੀਂ ਹੋ ਸਕਦੀ। ਉਪਰਲੇ ਗੁਰ-ਪ੍ਰਮਾਣ ਅੰਦਰਿ ਪ੍ਰਮਾਣ-ਸਤਿਗੁਰੂ ਦੇ ਮਹੱਤੁ ਨੂੰ ਹੀ ਇਹ ਤੌਫੀਕ ਹੈ ਕਿ ਸਿਮਰਨ ਦਾ ਦਾਤਾ ਬਣ ਸਕੇ।

## ਬਾਣੀ ਦਾ ਬੋਹਿਥਾ 'ਸਤਿਗੁਰੂ' -

ਸਿਮਰਨ-ਦਾਤੇ ਸਤਿਗੁਰੂ ਮਹੱਤੁ ਦਾ ਸਭ ਤੋਂ ਵੱਡਾ ਕਰਤੱਵ ਇਹ ਹੈ ਕਿ ਉਸ ਨੂੰ ਧੁਰੋਂ ਆਈ ਬਾਣੀ ਉਚਾਰਨ ਕਰਨ ਦੀ ਸਮਰੱਥਤਾ ਪ੍ਰਾਪਤ ਹੋਵੇ, ਜਿਸ ਨੂੰ ਧੁਰੋਂ ਆਈ ਖਸਮ ਕੀ ਬਾਣੀ ਉਤਰੇ। ਜੋ ਅਲਪੱਗ ਪੁਰਸ਼ ਸਤਿਗੁਰ ਦੀ ਰੀਸੇ ਬਾਣੀ ਉਚਾਰਨ ਦੀ ਹਮਾਕਤ ਕਰਦੇ ਹਨ, ਉਨ੍ਹਾਂ ਪ੍ਰਥਾਇ ਹੀ ਅਗਲਾ ਗੁਰਵਾਕ ਇੰਨ ਬਿੰਨ ਘਟਦਾ ਹੈ -

***ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ***
***ਗੁਰਬਾਣੀ ਬਣੀਐ ॥***
***ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ***
***ਸੇ ਕੂੜਿਆਰ ਕੂੜੇ ਝੜਿ ਪੜੀਐ ॥***
***ਓਨ੍ਹਾ ਅੰਦਰਿ ਹੋਰੁ ਮੁਖਿ ਹੋਰੁ ਹੈ***
***ਬਿਖੁ ਮਾਇਆ ਨੋ ਝਖਿ ਮਰਦੇ ਕੜੀਐ ॥***
***ਅੰਗ - ੩੦੪***

ਭਾਵ ਸਤਿਗੁਰੂ ਦੀ ਬਾਣੀ ਹੀ ਧੁਰ ਕੀ ਬਾਣੀ ਹੋਣ ਕਰਿ ਸਤਿ ਸਰੂਪ ਬਾਣੀ ਹੈ ਅਤੇ ਗੁਰੂ (ਸਤਿਗੁਰੂ) ਨੂੰ ਹੀ ਇਹ ਬਾਣੀ ਉਚਾਰਨੀ ਬਣਿ ਆਉਂਦੀ ਹੈ, ਅਰਥਾਤ ਗੁਰੂ ਨੂੰ ਹੀ ਬਾਣੀ ਉਚਾਰਨ ਦਾ ਅਧਿਕਾਰ ਹੈ, ਹੋਰ ਕਿਸੇ ਨੂੰ ਨਹੀਂ। ਜੋ ਹੋਰ ਅਲਪੱਗ ਪੁਰਸ਼, ਸਰਬੱਗ ਪੁਰਖ ਸਤਿਗੁਰ ਦੀ ਰੀਸੈ ਕਰ ਪਿਚ ਬਾਣੀ, ਕੱਚੀ ਬਾਣੀ ਉਚਾਰਨ ਦੀ ਢੀਠਤਾ ਕਰਦੇ ਹਨ, ਸੋ ਕੂੜਿਆਰ ਹਨ ਅਤੇ ਐਸੇ ਕੂੜ ਕੁਫਰਾਨੀ ਕੂੜਿਆਰ ਪੁਰਸ਼ ਛੇਤੀ ਹੀ ਝੜ ਪੈਂਦੇ ਹਨ ਅਤੇ ਉਨ੍ਹਾਂ ਦਾ ਕੂੜ ਪਾਜ ਉਘੜਿ ਜਾਂਦਾ ਹੈ ਕਿਉਂਕਿ ਉਨ੍ਹਾਂ ਦੀ ਅੰਦਰਲੀ ਵਾਸ਼ਨਾ ਤ੍ਰਿਸ਼ਨਾ ਹੋਰ ਹੁੰਦੀ ਹੈ। ਸਤਿ ਸਰੂਪ ਦੀ ਉਨ੍ਹਾਂ ਨੂੰ ਵਿਗਾਸ ਲਖਤਾ ਹੁੰਦੀ ਨਹੀਂ, ਸੋ ਉਹ ਐਵੇਂ ਹੀ ਅਰਲ ਬਰਲ ਮੂੰਹੋਂ ਬੋਲਦੇ ਹਨ। ਅਭਿਪਰਾ ਉਨ੍ਹਾਂ ਦਾ ਮਾਇਆ ਰੂਪੀ ਬਿਖ ਦੇ ਬਟੋਰਨ ਦਾ ਹੁੰਦਾ ਹੈ, ਬਿਖ ਮਾਇਆ ਹੇਤ ਹੀ ਉਹ ਪਏ ਝਖਾਂ ਮਾਰਦੇ ਹਨ ਅਤੇ ਸਤਿਗੁਰੂ ਬਣਨ ਦੇ ਅਹੰਕਾਰ ਵਿੱਚ ਪਏ ਸੜ ਸੜ ਕੜ੍ਹ ਕੜ੍ਹ ਮਰਦੇ ਹਨ; ਕਿਉਂਕਿ ਵਾਸਤਵ ਵਿੱਚ ਗੁਰੂ ਉਹ ਬਣ ਸਕਦੇ ਨਹੀਂ, ਆਪਣਾ ਝੱਸ਼ ਹੀ ਪੂਰਾ ਕਰਦੇ ਹਨ। ਅੱਜਕਲ੍ਹ ਨਵੇਂ ਡੰਮ੍ਹੀ ਗੁਰੂ, ਬਾਣੀ ਉਚਾਰਨ ਵਾਲੇ ਉਗਵ ਰਹੇ ਹਨ, ਪਰ ਭਾਵੇਂ ਕੋਈ ਕੋਹਤੂਰ ਤੋਂ ਸਰਮਨ ਔਫ ਦੀ ਮਾਊਂਟ (Sermen of the mount) ਦਾ ਰੱਬੀ ਸੰਦੇਸ਼ਾਂ ਲਿਆਵੇ, ਭਾਵੇਂ ਕੈਲਾਸ਼ ਪਰਬੱਤ ਤੋਂ, ਭਾਵੇਂ ਕੋਹ ਐਵਰਸਟ ਤੋਂ ਇਲਹਾਮੀ ਮੈਸੇਜ (ਸੰਦੇਸ਼ਾ) ਲਿਆਵੇ, ਇਨ੍ਹਾਂ ਸਭਨਾਂ ਦੀ ਬਾਣੀ ਇਸ ਗੁਰਵਾਕ ਅਨੁਸਾਰ ਨਿਰੀ ਕੱਚੀ ਬਾਣੀ ਹੀ ਹੈ -

***ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥***
***ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ***
***ਬਾਣੀ॥ ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ***
***ਵਖਾਣੀ ॥ ਹਰਿ ਹਰਿ ਨਿਤ ਕਰਹਿ ਰਸਨਾ***
***ਕਹਿਆ ਕਛੂ ਨ ਜਾਣੀ ॥***
***ਚਿਤੁ ਜਿਨ ਕਾ ਹਿਰਿ ਲਇਆ***
***ਮਾਇਆ ਬੋਲਨਿ ਪਏ ਰਵਾਣੀ ॥***
***ਕਹੈ ਨਾਨਕੁ ਸਤਿਗੁਰੂ ਬਾਝਹੁ***
***ਹੋਰ ਕਚੀ ਬਾਣੀ ॥ ਅੰਗ - ੯੨੦***

ਕੋਈ ਕਲਕੀ ਅਵਤਾਰ ਬਣਨ ਦਾ ਡੰਭ ਰਚਦਾ ਹੈ, ਕੋਈ ਨਿਹਕਲੰਕ ਅਵਤਾਰੀ ਗੁਰੂ ਦਾ ਡੰਮ ਰਚਣ ਦੀ ਬੀਮਾਰੀ ਸਹੇੜੀ ਬੈਠਾ ਹੈ। ਅਨੇਕਾਂ ਆਪ-ਪੰਤੀ-ਗੁਰੂ-ਡੰਮ੍ਹੀਏ ਖੁੰਬਾਂ ਵਾਂਗੂੰ ਨਿਤ ਨਵੇਂ ਦੁਪਹਿਰ ਉਗਵ ਉਪਜ ਰਹੇ ਹਨ। ਸ੍ਰੀ ਦਸ਼ਮੇਸ਼ ਜੀ ਦਾ ਭਵਿਸ਼ਤ ਵਾਕ ਪੂਰਾ ਹੋ ਰਿਹਾ ਹੈ, 'ਘਰ ਘਰ ਹੋਇ ਬੈਠ ਹੈਂ ਰਾਮਾ॥ ਤਿਨ ਤੇ ਸਰੈ ਨ ਕੋਊ ਕਾਮਾ॥

## ਨਾਮਧਾਰੀ ਸ਼੍ਰੇਣੀ ਅਤੇ ਬਾਬਾ ਰਾਮ ਸਿੰਘ ਜੀ -

ਜਦ ਤਾਈਂ ਅਸਾਡੀ ਨਾਮਧਾਰੀ ਸ਼੍ਰੇਣੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੱਚਾ ਗੁਰਦੇਵ ਮੰਨਿਆ ਅਤੇ ਸ੍ਰੀ ਬਾਬਾ ਸਾਹਿਬ ਬਾਬਾ ਰਾਮ ਸਿੰਘ ਜੀ ਦੇ ਪੂਰਨਿਆਂ ਤੇ ਚੱਲ ਕੇ ਇਸ ਸ਼੍ਰੇਣੀ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆਂ ਪੰਜਾਂ ਗੁਰਮੁਖ ਪਿਆਰਿਆਂ ਦੁਆਰਾ ਅੰਮ੍ਰਿਤ ਛਕਣ ਅਤੇ ਗੁਰ-ਦੀਖਿਆ ਗੁਰਮੰਤਰ ਲੈਣ ਦੀ ਤੱਤ ਗੁਰਮਤਿ ਮਰਿਯਾਦਾ ਚੱਲੀ ਰਹੀ ਤਦ ਤਾਈਂ ਇਸ ਸ਼੍ਰੇਣੀ ਅੰਦਰ ਉੱਚ ਕਮਾਈਆਂ ਵਾਲੇ ਨਾਮ-ਅਭਿਆਸੀ ਜੀਵਨ ਉਤਪੰਨ ਹੁੰਦੇ ਰਹੇ, ਪਰ ਜਦੋਂ ਭੀ ਇਸ ਗੁਰ-ਮਰਯਾਦਾ ਵਿੱਚ ਭੰਗਣਾ ਪਈ, ਓਦੋਂ ਤੋਂ ਹੀ ਥਾਉਂ ਥਾਈਂ ਸਿਮਰਨ-ਦਾਤੇ ਗੁਰੂ ਡੰਮ੍ਹ ਦੀ ਗੀਤਾ ਪਸਾਰ ਬੈਠੇ। ਅਜਰ ਪਦ ਜਰਿਆ ਨਾ ਗਿਆ। ਚੜ੍ਹਦੀ ਕਲਾ ਤੋਂ ਖੜ੍ਹਦੀ ਕਲਾ ਹੋ ਗਈ। ਅਗਲੀ ਗੱਲ ਭੀ ਗਵਾ ਬੈਠੇ। ਅੱਜ ਕੱਲ੍ਹ ਉਨ੍ਹਾਂ ਨੂੰ ਇਕੱਲੇ-ਇਕੱਲੇ ਨਾਮ ਦੇਣ ਦੀ ਲਾਈਸੈਂਸ ਮਿਲਿਆ ਹੋਇਆ ਹੈ। ਜਿਨ੍ਹਾਂ ਦਾ ਆਤਮਕ ਜੀਵਨ ਪ੍ਰਮਾਰਥ ਵਲੋਂ ਉਕਾ ਹੀ ਗਿਰਿਆ ਹੋਇਆ ਹੈ, ਜਿਨ੍ਹਾਂ ਦੀ ਸੇਵਾ ਗੁਰੂ ਪੰਥ ਵਿਖੇ ਦੁਫਾੜ ਪਾਉਣ ਦਾ ਹੈ, ਉਹ ਪ੍ਰਧਾਨ ਮੰਨੇ ਹੋਏ ਹਨ ਅਤੇ ਮੰਨੇ-ਦੰਨੇ ਲੀਡਰ ਸਦਾਉਂਦੇ ਹਨ। ਇਨ੍ਹਾਂ ਲੀਡਰਾਂ ਦੇ ਤੁਫੈਲ ਹੀ ਇਸ ਸ਼੍ਰੇਣੀ ਨੂੰ ਬਹੁਤੀ ਹਾਨੀ ਪੁੱਜੀ ਹੈ। ਸਾਰੇ

ਝਗੜਿਆਂ ਦੀ ਜੜ੍ਹ ਇਹ ਹਨ। ਕਦੇ ਇਹ ਪੁਲੀਟੀਕਲ ਤੰਦਣ-ਤਾਣੇ ਵਿੱਚ ਭੀ ਤੀਸਮਾਰ ਖਾਂ ਬਣ ਬਹਿੰਦੇ ਹਨ, ਕਦੇ ਸੋਸ਼ਲਿਸਟਾਂ ਵਿੱਚ ਹੱਥ ਪੈਰ ਜਾ ਮਾਰਦੇ ਹਨ, ਕਦੇ ਕਿਸੇ ਨਾਲ ਰਲ ਕੇ ਧੜੇਬੰਦੀ ਦਾ ਬਾਜ਼ਾਰ ਗਰਮ ਕਰਦੇ ਹਨ, ਕਦੇ ਸਰਕਾਰ-ਪ੍ਰਸਤਾਂ ਤੇ ਸਰਮਾਏਦਾਰਾਂ ਦਾ ਜਾ ਦਮ ਭਰਦੇ ਹਨ।

ਹੈਰਾਨੀ ਦੀ ਗੱਲ ਇਹ ਹੈ ਕਿ ਅਨ ਮੱਤਾਂ ਦੇ ਆਪੂ ਬਣੇ ਗੱਦੀ-ਨਸ਼ੀਨ ਗੁਰੂ ਦੇ ਇਹ ਮਨਚਲੇ ਲੋਗ ਮਨਜ਼ੂਰੇ ਨਜ਼ਰ ਹਨ। ਕਹਿੰਦੇ ਹਨ ਕਿ ਅਸੀਂ ਕਲਜੁਗ ਵਿੱਚ ਸਤਿਜੁਗ ਵਰਤਾ ਛੱਡਿਆ ਹੈ ਅਤੇ ਚੱਕਰ-ਵਰਤੀ ਰਾਜ ਦਾ ਭੀ ਦਾਅਵੇਦਾਰ ਮੁਸਤਹਿਕ ਬਣਾ ਛੱਡਿਆ ਹੈ; ਪਰ ਦਰ-ਅਸਲ ਕਲਜੁਗ ਅੰਦਰ ਮਹਾਂ ਘੋਰ ਕਲਜੁਗ ਵਿਥਾਰਿਆ ਜਾ ਰਿਹਾ ਹੈ। ਕੀ ਉਨ੍ਹਾਂ ਦੀ ਸ਼੍ਰੇਣੀ ਵਿੱਚ ਨਾਮ ਦ੍ਰਿੜ੍ਹਾਉਣ ਅਤੇ ਸਿਮਰਨ ਦੀ ਦਾਤਿ ਦੀ ਸਖਤ ਨਿਰਾਦਰੀ ਨਹੀਂ ਹੋ ਰਹੀ? ਕੀ ਉਹ ਗੁਰਮਤਿ ਅਸੂਲਾਂ ਤੋਂ ਉਲਟ ਗੁਰੂ ਡੰਮ ਦੀ ਬੀਮਾਰੀ ਨਹੀਂ ਫੈਲਾ ਰਹੇ? ਕਦੇ ਵੀ ਇਹ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਕਿ ਦੀਨ ਦੁਨੀ ਦੇ ਸੱਚੇ ਪਾਤਸ਼ਾਹ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਮਸਰੀ ਕਰ ਕਰ ਕੇ ਘਰ ਘਰ ਅੰਦਰ ਗੁਰੂ ਬਣ ਬਣ ਬੈਠਣ ਅਤੇ ਅਲਪੱਗ ਜੀਵ ਸਰਬੱਗ ਮਹਾਂਪੁਰਖਾਂ ਦੇ ਸ਼ਰੀਕ ਹੋ ਖਲੋਵਣ। ਸ੍ਰੀ ਗੁਰੂ ਦਸਮੇਸ਼ ਜੀ ਨੇ ਗੁਰ-ਗੱਦੀ ਦਾ ਟਿੱਕਾ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਜ਼ਲੀ ਤੇ ਅਬਦੀ ਗੁਰੂ, 'ਆਦਿ ਅੰਤਿ ਏਕੈ ਅਵਤਾਰਾ' ਗੁਰੂ ਥਾਪ ਦਿਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆਂ ਪੰਜਾਂ ਪਿਆਰਿਆਂ ਨੂੰ ਸਿਮਰਨ- ਦਾਤਿ ਦੇਣ ਦਾ ਅਧਿਕਾਰ ਬਖਸ਼ਿਆ। ਇਸ ਬਿਧ ਇਨ੍ਹਾਂ ਪੰਜਾਂ ਅੰਦਰ ਗੁਰੂ ਦੀ ਕਲਾ, ਸਤਿਗੁਰੂ ਦੀ ਸੰਪੂਰਨ ਆਤਮ-ਸ਼ਕਤੀ ਵਰਤਾਈ ਅਤੇ ਹਮੇਸ਼ਾ ਲਈ ਗੁਰੂ ਡੰਮ੍ਹ ਦਾ ਸਿਲਸਿਲਾ ਖਤਮ ਕਰ ਦਿੱਤਾ ਅਤੇ ਦੇਹਧਾਰੀਆਂ ਦੀ ਗੁਰੂ ਬਣਨ ਦੀ ਬੁਲ-ਹਵਸੀ ਵਾਲੀ ਬੀਮਾਰੀ ਨੂੰ ਠੱਲ੍ਹ ਪਾ ਦਿਤੀ। ਹੁਣ ਮਨਮੁਖ ਲੋਕ ਗੁਰੂ ਆਈਨੀ ਆਗਿਆ ਤੋਂ ਉਲਟ ਫੇਰ ਓਹੋ ਬੀਮਾਰੀ ਫੈਲਾਇਆ ਲੋੜਦੇ ਹਨ। ਇਹ ਪੰਥ ਨੂੰ ਹਾਨੀ ਪਹੁੰਚਾ ਰਹੇ ਹਨ। ਸ੍ਰੀ ਗੁਰੂ ਦਸਮੇਸ਼ ਜੀ ਦੇ ਹੁਕਮਾਂ ਦੀ, ਗੁਰਮਤਿ ਅਸੂਲਾਂ ਦੀ, ਪੰਜਾਂ ਪਿਆਰਿਆਂ ਦੀ, ਗੁਰ-ਬਖਸ਼ੀ ਪਦਵੀ ਦੀ ਅਤੇ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਘੋਰ ਬੇਅਦਬੀ ਕਰ ਰਹੇ ਹਨ।

## ਸਿਮਰਨ ਦਾ ਦਾਤਾ - ਸੱਚਾ ਸਤਿਗੁਰੂ -

ਨਾਮ ਰੂਪੀ ਸਿਮਰਨ-ਦਾਤਿ ਦੇ ਅਖੁੱਟ ਭੰਡਾਰ ਦਾ ਭੰਡਾਰੀ ਕੇਵਲ ਸਤਿਗੁਰੂ ਹੀ ਹੈ। ਸੋ ਇਹ ਸਿਮਰਨ ਰੂਪੀ ਨਾਮ ਪਦਾਰਥ ਗੁਰੂ ਰੂਪ ਸੱਚੇ ਭੰਡਾਰੀ ਪਾਸੋਂ ਹੀ ਪਾਇਆ ਜਾ ਸਕਦਾ ਹੈ। ਪਰੰਤੂ ਨਾਮ ਸਿਮਰਨ ਦਾ ਦਾਤਾ ਤਿਨ੍ਹਾਂ ਨੇ ਹੀ ਪਛਾਤਾ ਹੈ ਜਿਨ੍ਹਾਂ ਵਡਭਾਗੇ ਜਨਾਂ ਉੱਤੇ ਗੁਰੂ ਕਰਤਾਰ ਦੀ ਖਾਸ ਨਦਰ ਮਿਹਰ ਮਈ ਕ੍ਰਿਪਾ-ਕਟਾਖਸ਼ ਹੋਈ ਹੈ। ਯਥਾ ਗੁਰਵਾਕ -

***ਨਾਮੁ ਪਦਾਰਥੁ ਗੁਰ ਤੇ ਪਾਇਆ***
***ਅਖੁਟ ਸਚੇ ਭੰਡਾਰੀ॥***
***ਸਤਿਗੁਰੁ ਦਾਤਾ ਤਿਨੈ ਪਛਾਤਾ***
***ਜਿਸ ਨੋ ਕ੍ਰਿਪਾ ਤੁਮਾਰੀ॥ ਅੰਗ - ੯੧੧***

ਸਤਿਗੁਰੂ ਹੀ ਸਿਮਰਨ ਦਾ ਦਾਤਾ ਅਖੁੱਟ ਭੰਡਾਰੀ ਹੈ, ਜਿਸ ਪਾਸੋਂ ਕਦੇ ਵੀ ਸਿਮਰਨ ਦਾ ਭੰਡਾਰ ਨਿਖੁੱਟਦਾ ਨਹੀਂ। ਇਸ ਸਿਮਰਨ ਰੂਪੀ ਸਿਫਤ ਸਲਾਹ ਦੇ ਸੱਚੇ ਸ਼ਾਹ ਭੰਡਾਰੀ ਸਤਿਗੁਰੂ ਨੂੰ ਵਡਭਾਗੇ ਉਤਮ ਖੋਜੀਆਂ ਨੇ ਹੀ ਸਿਮਰਨ ਦਾ ਦਾਤਾ ਕਰਕੇ ਪਛਾਤਾ ਹੈ, ਨਹੀਂ ਤਾਂ ਆਮ ਲੁਕਾਈ ਕੂੜਾਵੇ ਸ਼ਾਹਾਂ ਪਾਸ ਹੀ ਸਿਮਰਨ-ਦਾਤਿ ਲਈ ਭਟਕਦੀ ਭਟਮਦੀ ਫਿਰਦੀ ਹੈ।

## ਸਿਮਰਨ ਤੋਂ ਉਰ੍ਹੇ ਗੁਰੂ -

ਪ੍ਰੰਤੂ ਸਿਮਰਨੋਂ ਉਰੇ ਝੂਰੇ ਨਾਮ-ਵਿਹੂਣੇ ਊਣੇ ਝੂਣੇ ਕੱਚੇ ਗੁਰੂ ਰੂਪੀ ਸ਼ਾਹਾਂ, ਝੂਠੇ ਸਾਹਿਬਾਂ ਪਾਸੋਂ ਸਰਦਾ ਕੁਛ ਨਹੀਂ ਤੇ ਨਾ ਹੀ ਕੋਈ ਵਰੋਸਾਉਂਦਾ ਹੈ। ਐਸੇ ਨਾਮ ਤੋਂ ਸੱਖਣੇ ਕੂੜਾਵੇ ਸਾਹਿਬ ਦੇ ਨਫਰ ਭੀ ਨੰਗੇ ਭੁੱਖੇ ਹੀ ਰਹਿੰਦੇ ਹਨ। ਜੇ ਤਾਂ ਉਨ੍ਹਾਂ ਦੇ ਸਾਈਂ ਪਾਸ ਵੱਥ ਹੋਵੇ ਤਦ ਤਾਂ ਉਨ੍ਹਾਂ ਦੇ ਨਫਰਾਂ ਦੇ ਹੱਥ ਪੱਲੇ ਭੀ ਕੁਛ ਲੱਗੇ, ਅਣਹੋਂਦੀ ਭਲਾ ਉਹ ਕਿਤੋਂ ਪਾਵਣ। ਇਨ੍ਹਾਂ ਪ੍ਰਥਾਇ ਹੀ ਇਹ ਅਗਲੇਰਾ ਗੁਰਵਾਕ ਖੂਬ ਘਟਦਾ ਹੈ ਅਤੇ ਸੋਹਣਾ ਫਬਦਾ ਹੈ -

***ਸਾਹਿਬੁ ਜਿਸ ਦਾ ਨੰਗਾ ਭੁਖਾ ਹੋਵੈ***
***ਤਿਸ ਦਾ ਨਫਰੁ ਕਿਥਹੁ ਰਜਿ ਖਾਏ॥***
***ਜਿ ਸਾਹਿਬ ਕੈ ਘਰਿ ਵਥੁ ਹੋਵੈ***
***ਸੁ ਨਫਰੈ ਹਥਿ ਆਵੈ ਅਣਹੋਦੀ ਕਿਥਹੁ ਪਾਏ॥***
***ਜਿਸ ਦੀ ਸੇਵਾ ਕੀਤੀ ਫਿਰਿ ਲੇਖਾ ਮੰਗੀਐ***
***ਸਾ ਸੇਵਾ ਅਉਖੀ ਹੋਈ॥***
***ਨਾਨਕ ਸੇਵਾ ਕਰਹੁ ਹਰਿ ਗੁਰ ਸਫਲ***
***ਦਰਸਨ ਕੀ ਫਿਰਿ ਲੇਖਾ ਮੰਗੈ ਨ ਕੋਈ॥***
***ਅੰਗ - ੩੦੬***

ਸਤਿਗੁਰੂ ਸੱਚੇ ਸਾਹਿਬ (ਸੱਚੇ ਸ਼ਾਹ) ਬਾਝੋਂ ਹੋਰ ਸਭ ਆਪੋਂ ਬਣ ਬੈਠੇ ਸ਼ਾਹ (ਸਾਹਿਬ) ਸਭ ਨੰਗੇ ਭੁੱਖੇ ਹਨ। ਉਨ੍ਹਾਂ ਪਾਸ ਨਾ ਹੀ ਨਾਮ-ਪਦਾਰਥ ਦਾ ਭੰਡਾਰ ਹੈ, ਨਾ ਹੀ ਉਨ੍ਹਾਂ ਦੇ ਹੱਥ ਵਿੱਚ ਸਿਮਰਨ ਵੱਥ ਹੈ। ਜਦ ਸ਼ਾਹ ਰੂਪੀ ਗੁਰ ਪੀਰਾਂ ਦੇ ਹੱਥ ਵਿੱਚ ਹੀ ਸੱਚੀ ਵੱਥ ਹੈ ਨਹੀਂ ਤਾਂ ਉਨ੍ਹਾਂ ਦੇ ਨਫਰਾਂ (ਮੁਰੀਦਾ) ਦੇ ਹੱਥ ਉਹ ਵੱਥ ਕੀਕੂੰ ਲੱਗੇ? ਜਦ ਪੀਰ (ਸ਼ਾਹ) ਹੁਰੀਂ ਹੀ ਨੰਗੇ ਭੁੱਖੇ ਹੋਣ ਤਾਂ ਉਨ੍ਹਾਂ ਦੇ ਨਫਰ (ਮੁਰੀਦ) ਕਿਤੋਂ ਰੱਜ ਕੇ ਖਾਣ। ਨਾਮ ਰੂਪੀ ਸੱਚੀ ਵੱਥ ਦਾ ਸ਼ਾਹ ਭੰਡਾਰੀ ਸੱਚਾ ਸਤਿਗੁਰੂ ਹੀ ਹੈ। ਜਿਨ੍ਹਾਂ ਕੂੜਾਵੇ ਸ਼ਾਹਾਂ ਪਾਸ ਇਸ ਸੱਚੀ ਵੱਥ ਦੀ ਹੋਂਦ ਹੀ ਨਹੀਂ, ਤਾਂ ਉਨ੍ਹਾਂ ਪਾਸੋਂ ਅਣਹੋਂਦੀ ਵੱਥ ਕੋਈ ਕਿਵੇਂ ਪਾ ਸਕੇ? ਜਿਨ੍ਹਾਂ ਕੱਚੇ ਪਿੱਛੇ ਗੁਰੂਆਂ ਪਾਸ ਇਹ ਸੱਚੀ ਵੱਥ ਹੈ ਹੀ ਨਹੀਂ, ਉਨ੍ਹਾਂ ਪਾਸੋਂ ਉਨ੍ਹਾਂ ਦੇ ਮੁਰੀਦ ਨੇ ਕੀ ਖੱਟਣਾ ਖਾਣਾ ਹੈ? ਤਾਂਤੇ ਤਿਨ੍ਹਾਂ ਪੀਰਾਂ ਪਾਸੋਂ ਉਨ੍ਹਾਂ ਦੇ ਮੁਰੀਦਾਂ ਦਾ ਲੋਕ ਪਰਲੋਕ ਭੀ ਕੀ ਸੰਵਰਨਾ ਸੌਰਨਾ ਹੈ। ਤਿਨ੍ਹਾਂ ਮੁਰੀਦਾਂ (ਚੇਲਿਆਂ) ਦੀ ਘਾਲ ਥਾਇੰ ਨਹੀਂ ਪੈਣੀ, ਕਦੇ ਲੇਖੇ ਨਹੀਂ ਲਗਣੀ, ਸਗੋਂ ਅੱਗੇ ਦਰਗਾਹੇ ਜਾ ਕੇ ਉਨ੍ਹਾਂ ਪਾਸੋਂ ਲੇਖਾ ਮੰਗਿਆ ਜਾਣਾ ਹੈ। ਸੋ ਜਿਸ ਕੂੜਾਵੇ ਸਾਹਿਬ ਗੁਰੂ ਪੀਰ ਦੀ ਸੇਵਾ ਕੀਤੀ ਤੇ ਫੇਰ ਦਰਗਾਹੇ ਲੇਖਾ ਲਿਆ ਜਾਣਾ ਹੈ, ਸੋ ਤਿਸ

ਸਾਹਿਬ ਦੀ ਕੀਤੀ ਸੇਵਾ ਘਾਲਣਾ ਉਸ ਦੇ ਮੁਰੀਦਾਂ (ਚੇਲਿਆਂ) ਲਈ ਬੜੀ ਔਖੀ ਅਤੇ ਉਲਟੀ ਪਈ ਤੇ ਪੈਂਦੀ ਰਹਿੰਦੀ ਹੈ। ਤਾਂ ਤੇ ਸਫਲ ਦਰਸ਼ਨ ਸੱਚੇ ਸਤਿਗੁਰੂ ਦੀ ਸੇਵਾ (ਮੁਰੀਦੀ) ਕੀਤੀ ਹੀ ਸਫਲ ਹੈ।

ਪੰਜ ਪਿਆਰਿਆਂ ਰਾਹੀਂ ਦਿਤਾ ਨਾਮ ਹੀ ਫਲੀਭੂਤ ਹੁੰਦਾ ਹੈ, ਕਿਸੇ ਇੱਕਲੇ ਦੁਆਰਾ ਦਿੱਤਾ ਨਹੀਂ –

ਸਤਿਗੁਰੂ ਸੱਚੇ ਸ਼ਾਹ ਦੇ ਪਾਸੋਂ ਸਿਮਰਨ ਦੀ ਦਾਤਿ ਪ੍ਰਾਪਤ ਕਰ ਕੇ ਸਿੱਖਾਂ ਪਾਸੋਂ ਕੋਈ ਲੇਖਾ ਨਹੀਂ ਮੰਗ ਸਕਦਾ; ਕਿਉਂਕਿ ਸਤਿਗੁਰੂ ਪਾਸੋਂ ਹੀ ਪ੍ਰਾਪਤ ਹੋਈ ਸਿਮਰਨ-ਦਾਤਿ ਸਫਲ ਕਮਾਈ ਵਾਲੀ ਅਤੇ ਪੂਰੀ ਹੋ ਕੇ ਉਤਰਦੀ ਹੈ। ਸਿਮਰਨ ਦੀ ਦਾਤਿ ਰੂਪੀ ਸੱਚੀ ਵੱਥ ਕੇਵਲ ਗੁਰੂ ਘਰ ਵਿਖੇ ਹੀ ਹੈ। ਗੁਰੂ ਤੋਂ ਬਾਹਰ ਤਾਂ ਇਹ ਸੱਚੀ ਵੱਥ ਉੱਕੀ ਹੈ ਭੀ ਨਹੀਂ। ਗੁਰੂ ਘਰ ਤੋਂ ਬਾਹਰਲੇ ਅਤੇ ਗੁਰਮਤਿ ਤੋਂ ਘੁੱਥੇ ਹੋਏ ਭੇਖੀ ਗੁਰੂ ਦੇ ਹੱਥ ਪੱਲੇ ਤਾਂ ਇਹ ਵੱਥ ਨਮੂਦ ਮਾਤਰ ਭੀ ਹੈ ਨਹੀਂ। ਗੁਰੂ ਘਰ ਦੇ ਅੰਦਰ ਭੀ ਇਸ ਵੱਥ ਦਾ ਸੱਚਾ ਭੰਡਾਰੀ ਦਾਤਾ ਕੇਵਲ ਸਤਿਗੁਰੂ ਹੈ। ਜੋ ਸਤਿਗੁਰੂ ਤੋਂ ਇਸ ਸੱਚੀ ਵੱਥ ਦੀ ਦਾਤਿ ਪਾਉਂਦੇ ਹਨ ਸੋ ਰੱਜ ਖਾਂਦੇ ਹਨ। ਜੋ ਮੰਗਤੇ ਪਾਸੋਂ ਲੈ ਕੇ ਖਾਂਦੇ ਹਨ ਸੋ ਅਧੂਰੇ, ਅਧ-ਭੁੱਖੇ ਯਾ ਭੁੱਖੇ ਅਤੇ ਊਰੇ ਹੀ ਰਹਿ ਜਾਂਦੇ ਹਨ। ਤਨਕ ਮਾਤਰ ਕੁਛ ਪਾਉਂਦੇ ਹਨ ਤਾਂ ਪਾਰ ਨਹੀਂ ਵਸਾਉਂਦੇ। ਪੂਰੇ ਦਾਤਾਰ ਸਤਿਗੁਰੂ ਪਾਸੋਂ ਪਾਈ ਸਿਮਰਨ-ਮਈ ਦਾਤਿ-ਇਲਾਹੀ ਪੂਰੀ ਉਤਰਦੀ ਹੈ। ਪੂਰੇ ਸਤਿਗੁਰੂ ਦੀ ਗੁਰੱਤ-ਕਲਾ-ਸ਼ਕਤੀ ਪੰਜਾਂ ਗੁਰਮੁਖ ਸਿੱਖਾਂ ਦੇ ਪੂਰ (ਪੁੰਜ) ਵਿੱਚ ਹੀ ਪੂਰੀ ਵਰਤਦੀ ਹੈ। ਗੁਰ ਪਰਮੇਸ਼ਰੀ ਵਾਰਦ ਹੋਈ (ਪ੍ਰਵੇਸ਼ ਹੋਈ) ਸ਼ਕਤਿ ਪੰਜ ਪਰਵਾਨ ਜਨਾਂ ਅੰਦਰ ਹੀ ਹੂ-ਬ-ਹੂ ਸਾਰਖੀ ਵਰਤਦੀ ਹੈ। ਯਥਾ ਵਾਕ ਸ੍ਰੀ ਭਾਈ ਗੁਰਦਾਸ ਜੀ ਸਾਹਿਬ –

***ਇਕੁ ਸਿਖ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ॥***
***ਭਾਈ ਗੁਰਦਾਸ ਜੀ, ਵਾਰ ੧੩***

ਭਾਵ ਇੱਕ ਇਕੱਲਾ ਸਿੱਖ ਤਾਂ ਸਿੱਖ ਰੂਪ ਹੀ ਹੈ। ਦੋ ਸਿੱਖ ਜੁੜਨ ਕਰਿ ਸਤਿਸੰਗ ਦਾ ਰੰਗ ਬਣ ਆਉਂਦਾ ਹੈ ਅਤੇ ਪੰਜਾਂ ਸਿੱਖਾਂ ਪਾਸ ਪ੍ਰਮੇਸ਼ਰ ਵਰਤਦਾ ਹੈ।

ਤਾਂ ਤੇ ਅੰਮ੍ਰਿਤ ਪ੍ਰਚਾਰ ਸਮੇਂ ਸਤਿਗੁਰੂ ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪੰਜਾਂ ਗੁਰਮੁਖ ਪਿਆਰਿਆਂ ਦੁਆਰਾ ਅੰਮ੍ਰਿਤ-ਦਾਤਿ (ਸਿਮਰਨ-ਦਾਤਿ) ਪ੍ਰਾਪਤ ਕੀਤਿਆਂ ਹੀ ਪੂਰੀ ਗੁਰ-ਪਰਮੇਸ਼ਰੀ-ਕਲਾ ਵਰਤਦੀ ਹੈ। ਇੱਕ ਇਕੱਲਾ ਸਿਖ ਜੋ ਸਿਮਰਨ-ਦਾਤਾ ਬਣ ਬਹਿੰਦਾ ਹੈ ਉਸ ਤੋਂ ਪ੍ਰਾਪਤ ਹੋਈ ਸਿਮਰਨ-ਦਾਤਿ ਅੰਦਰ ਗੁਰੂ ਦੀ ਪੂਰਨ ਕਲਾ ਵਰਤਦੀ ਹੀ ਨਹੀਂ, ਨਾ ਹੀ ਵਰਤ ਸਕਦੀ ਹੈ। ਸਿਮਰਨ-ਦਾਤਿ ਦੇ ਅਖੁੱਟ ਖਜ਼ਾਨੇ ਦੇ ਮਾਲਕ ਗੁਰੂ ਸੱਚੇ ਸਾਹਿਬ ਦੇ ਹਜ਼ੂਰੀਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਪੰਚ ਪਰਵਾਨ ਹਨ ਹੀ ਹੋ ਸਕਦੇ ਹਨ ਅਤੇ ਸੋਈ ਇਸ ਸਿਮਰਨ-ਦਾਤਿ ਨੂੰ ਵਰਤਾ ਸਕਦੇ ਹਨ ਅਤੇ ਨਾਮ ਅਭਿਆਸ ਦ੍ਰਿੜਾ ਸਕਦੇ ਹਨ। ਇਕ ਨੂੰ ਹਰਗਿਜ਼ ਕੋਈ ਅਖਤਿਆਰ ਅਧਿਕਾਰ ਨਹੀਂ ਸਿਮਰਨ ਦਾਤਿ ਦੇ ਦੇਣ ਦਾ; ਜੇ ਉਹ ਦਿੰਦਾ ਹੈ ਤਾਂ ਮਨਮਤਿ ਕਰਦਾ ਹੈ। ਸਤਿਗੁਰੂ ਨਾਮ ਦੇ ਪੂਰਨ ਭੰਡਾਰੀ ਹੋਣ ਦੀ ਪ੍ਰੋੜ੍ਹਤਾ ਪ੍ਰਥਾਇ ਹੋਰ ਭੀ ਅਨੇਕ ਗੁਰੂ ਪ੍ਰਮਾਣ ਹਨ; ਪਰ ਉਦਾਹਰਨ ਵਜੋਂ ਵੰਨਗੀ ਮਾਤਰ ਹੀ ਪ੍ਰਮਾਣ ਦੇਣ ਦੀ ਇਥੇ ਲੋੜ ਹੈ। ਯਥਾ ਗੁਰਵਾਕ –

***ਤਿਸੁ ਆਗੈ ਅਰਦਾਸਿ ਕਰਿ ਜੋ ਮੇਲੇ ਕਰਤਾਰੁ॥***
***ਸਤਿਗੁਰੁ ਦਾਤਾ ਨਾਮ ਕਾ ਪੂਰਾ ਜਿਸੁ ਭੰਡਾਰੁ॥***
***ਸਦਾ ਸਦਾ ਸਾਲਾਹੀਐ ਅੰਤੁ ਨ ਪਾਰਾਵਾਰੁ॥***
***ਅੰਗ – ੪੯***

ਤਾਂ ਤੇ ਸਿਮਰਨ-ਦਾਤੇ ਸਤਿਗੁਰੂ ਦਾ ਹੀ ਸਿਮਰਨ-ਦਾਤਿ-ਭੰਡਾਰ ਪੂਰਾ ਹੈ, ਹੋਰ ਸਭ ਭੰਡਾਰੇ ਇਸ ਦਾਤਿ ਖੁਣੋਂ ਊਰੇ ਹਨ। ਤਾਂਤੇ ਸਿਮਰਨ ਅਕਾਂਖੀ ਜਗਿਆਸੂ ਨੂੰ ਸਤਿਗੁਰ ਸੱਚੇ ਪਾਤਿਸ਼ਾਹ ਦੇ ਦੁਆਰਿਓਂ ਹੀ ਇਸ ਦਾਤਿ ਦੀ ਖੈਰ ਮੰਗਣੀ ਚਾਹੀਦੀ ਹੈ, ਹੋਰ ਸਭ ਦੁਆਰੇ ਛੱਡ ਦੇਣੇ ਚਾਹੀਦੇ ਹਨ। ਸਿਮਰਨ ਦੀ ਦਾਤਿ ਬਖਸ਼ ਕੇ ਕਰਤਾਰ ਨੂੰ ਮੇਲਣਹਾਰ ਕੇਵਲ ਸਤਿਗੁਰੂ ਦਾਤਾਰ ਹੀ ਹੈ, ਹੋਰ ਕੋਈ ਨਹੀਨ। ਜਿਸ ਨੂੰ ਭੀ ਕਰਤਾਰ ਹਰੀ ਪ੍ਰਮਾਤਮਾ ਦੇ ਮਿਲਣ ਦੀ ਸੱਚੀ ਅਤੇ ਜਿਗਰੀ ਲਗਨ ਹੈ, ਉਸ ਨੂੰ ਤਾਂ ਸਰਬੰਸ ਵਾਰ ਕੇ ਭੀ ਸਤਿਗੁਰੂ ਦਾਤੇ ਪਾਸੋਂ ਸਿਮਰਨ ਦੀ ਦਾਤਿ ਸਸਤੀ ਮਿਲੀ ਜਾਪਦੀ ਹੈ। ਜਿਨ੍ਹਾਂ ਜਗਿਆਸੂ ਜਨਾਂ ਇਸ ਦਾਤਿ ਜੋਤਿ ਦੀ ਖਾਤਰ ਸਤਿਗੁਰ ਪ੍ਰਾਇਣ ਹੋ ਕੇ ਆਪਣਾ ਤਨ ਮਨ ਸਤਿਗੁਰੂ ਦਾਤੇ ਨੇ ਨਾਮ ਦ੍ਰਿੜਾ ਕੇ ਸਿਮਰਨ ਦੀ ਦਾਤਿ ਬਖਸ਼ੀ ਹੈ। ਲੋਕਾਂ ਨੇ ਜੋ ਸਸਤਾ ਸੌਦਾ ਕਰ ਛੱਡਿਆ ਹੈ ਉਹ ਅੱਤਿ ਮਹਿੰਗੇ ਮੋਲ ਜੀਅ ਸੱਟੇ ਹੀ ਸਤਿਗੁਰੂ ਪਾਸੋਂ ਮਿਲਦਾ ਹੈ। ਯਥਾ ਗੁਰਵਾਕ

●

***ਹਰਿ ਹਰਿ ਅਰਥਿ ਸਰੀਰੁ ਹਮ ਬੇਚਿਆ***
***ਪੂਰੇ ਗੁਰ ਕੈ ਆਗੇ॥***
***ਸਤਿਗੁਰ ਦਾਤੈ ਨਾਮੁ ਦਿੜਾਇਆ***
***ਮੁਖਿ ਮਸਤਕਿ ਭਾਗ ਸਭਾਗੇ॥ ਅੰਗ – ੧੭੨***

ਜਿਨ੍ਹਾਂ ਨੇ ਇਸ ਬਿਧਿ ਸਤਿਗੁਰੂ ਨੂੰ ਪ੍ਰਮੇਸ਼ਰ ਰੂਪ ਜਾਣ ਕੇ ਸੇਵਿਆ ਅਰਾਧਿਆ ਹੈ ਤਿਨ੍ਹਾਂ ਨੂੰ ਸਤਿਗੁਰੂ ਨੇ ਜਮ ਮਰਨ ਨਿਵਾਰਨਹਾਰਾ ਅੰਮ੍ਰਿਤ ਨਾਮੁ ਪੀਆਲਿਆ ਹੈ, ਜਿਸ ਭੈ-ਭੰਜਨ-ਨਾਮ ਦੇ ਸਿਮਰਨ ਕਰਿ ਸੱਭੋ ਦੁਖ ਲਥ (ਲਹਿ) ਜਾਣੇ ਹਨ। ਯਥਾ ਗੁਰਵਾਕ –

***ਗੁਰਿ ਅੰਮ੍ਰਿਤ ਨਾਮੁ ਪੀਆਲਿਆ***
***ਜਨਮ ਮਰਨ ਕਾ ਪਥੁ॥***
***ਗੁਰੁ ਪਰਮੇਸਰੁ ਸੇਵਿਆ***
***ਭੈ ਭੰਜਨ ਦੁਖ ਲਥੁ॥ ਅੰਗ – ੪੯-੫●***

ਗੁਰੂ ਧਾਰਨਾ ਕੋਈ ਮੁੰਡਿਆਂ ਵਾਲੀ ਖੇਡ ਨਹੀਂ, ਸਿਮਰਨ ਲੈ ਲਿਆ, ਬੱਸ ਗੁਰੂ ਧਾਰਨ ਕਰ ਲਿਆ। ਜਣਾ ਕਣਾ ਸਿਮਰਨ ਦ੍ਰਿੜਾਵਨਹਾਰਾ ਕਿਵੇਂ ਗੁਰੂ ਬਣ ਸਕਦਾ ਹੈ? ਸਿਮਰਨ-ਦਾਤੇ ਸਤਿਗੁਰੂ ਦੀ ਮਹਿਮਾ ਫੇਰ ਇਸ ਬਿਧਿ ਵਰਣਨ ਹੈ, ਅਗਲੇ ਗੁਰਵਾਕ ਅੰਦਰ –

***ਸਤਿਗੁਰੁ ਗਹਿਰ ਗੰਭੀਰੁ ਹੈ***
***ਸੁਖ ਸਾਗਰੁ ਅਘ ਖੰਡੁ॥***
***ਜਿਨਿ ਗੁਰੁ ਸੇਵਿਆ ਆਪਣਾ***
***ਜਮਦੂਤ ਨ ਲਾਗੈ ਡੰਡੁ॥***
***ਗੁਰ ਨਾਲਿ ਤੁਲਿ ਨ ਲਗਈ***
***ਖੋਜਿ ਡਿਠਾ ਬ੍ਰਹਮੰਡੁ॥***
***ਨਾਮੁ ਨਿਧਾਨੁ ਸਤਿਗੁਰਿ ਦੀਆ***
***ਸੁਖੁ ਨਾਨਕ ਮਨ ਮਹਿ ਮੰਡੁ॥ ਅੰਗ - ੫੦***

ਸਾਰੇ ਬ੍ਰਹਿਮੰਡ ਦੇ ਖੋਜ ਢੰਡੋਲ ਕੇ ਦੇਖਣ ਪਰਖਣ ਨਾਲ ਵੀ ਜਿਸ ਗੁਰੂ ਦੇ ਤੁਲ ਹੋਰ ਕੋਈ ਪੁਰਸ਼ ਨਹੀਂ ਦਿਸ ਆਂਵਦਾ; ਜਿਸ ਸਤਿਗੁਰੂ ਨੂੰ ਇਹ ਗੁਰਵਾਕ ਗਹਿਰ ਗੰਭੀਰ, ਸੁਖ ਸਾਗਰ ਅਤੇ ਪਾਪ ਖੰਡਨਹਾਰ ਵਰਣਨ ਕਰਦਾ ਹੈ; ਜਿਸ ਗੁਰੂ ਦੇ ਧਾਰਨ ਕੀਤਿਆਂ, ਜਿਸ ਗੁਰੂ ਦੀ ਦਿੱਤੀ ਨਾਮ-ਦਾਤਿ ਦੀ ਸਿਮਰਨ ਕਮਾਈ ਕੀਤਿਆਂ, ਨਾਮ ਸਿਮਰਨਹਾਰੇ ਨੂੰ ਜਮਦੂਤਾਂ ਦਾ ਡੰਡ ਨਹੀਂ ਲਗਦਾ, ਤਿਸ ਨਾਮ-ਨਿਧਾਨ-ਦਾਤੇ, ਸੱਚੇ ਸੁਖਦਾਤੇ ਸਤਿਗੁਰੂ ਦੇ ਥਾਉਂ ਆਮ ਲੋਕਾਈ ਅਲਪੱਗ ਗੁਰੂ ਧਾਰਨ ਕਰਦੀ ਫਿਰਦੀ ਹੈ, ਕੈਸੀ ਹਾਸੋਹੀਣੀ ਮਹਾਂ ਮਨਮਤਿ ਹੈ।

ਜਿਸਨੂੰ ਸਤਿਗੁਰੂ ਦੁਆਰਿਓਂ ਨਾਮ ਦੀ ਅਪਾਰ ਦਾਤਿ ਪ੍ਰਾਪਤ ਹੋ ਜਾਂਦੀ ਹੈ, ਉਸ ਦੀ ਦੁਬਿਧਾ ਮਨਸਾ ਮਰ ਜਾਂਦੀ ਹੈ ਅਤੇ ਉਸ ਦੀ ਸਹਿਜ ਪਦ ਵਿਖੇ ਸਮਾਧੀ ਹੋ ਜਾਂਦੀ ਹੈ। ਸਤਿਗੁਰੂ ਦਾਤੇ ਦੀ ਸਿਮਰਨ-ਦਾਤਿ ਤੇ ਪਾਰਸ-ਪ੍ਰਭਾਵ ਕਰਕੇ ਨਾਮ ਸਿਮਰਨਹਾਰੇ ਦਾ ਮਨੂਆ ਹਰਿ-ਰਸ ਨਾਲ ਅਘਾਇ ਕੇ ਸੰਤੁਸ਼ਟ ਅਤੇ ਨਿਰਮਲ ਹੋ ਜਾਂਦਾ ਹੈ। ਸਤਿਗੁਰੂ ਦਾਤੇ ਦੀ ਸਿਮਰਨ-ਦਾਤਿ ਵਾਲਾ ਨਾਲ ਹੀ ਸਾਰੇ ਕਿਲਵਿਖਾਂ ਨੂੰ ਕੱਟਣਹਾਰ ਹੈ। ਜਿਨ੍ਹਾਂ ਨੇ ਇਸ ਬਿਧ ਦਾਤੇ ਸਤਿਗੁਰ ਦੇ ਸ਼ਬਦ-ਸਿਮਰਨ ਦੁਆਰਾ ਆਪਣੇ ਆਪ ਨੂੰ ਮਾਰਿਆ ਹੇ, ਉਹ ਸਦ-ਜੀਵਨ ਮੁਕਤਿ ਹੋ ਗਏ ਹਨ, ਉਨ੍ਹਾਂ ਦਾ ਬਹੁੜ ਜਨਮ ਮਰਨ ਸਭ ਮਿਟ ਗਿਆ ਹੈ, ਉਹ ਜੀਵਨ-ਮੁਕਤ ਹੋ ਕੇ ਭੀ ਸਦਾ ਮਨ-ਮੀਠੇ-ਅੰਮ੍ਰਿਤ-ਨਾਮ ਦਾ ਅਭਿਆਸ ਕਰਦੇ ਰਹਿੰਦੇ ਹਨ, ਛਡਦੇ ਕਦੇ ਨਹੀਂ; ਪਰ ਐਸਾ ਨਾਮੁ ਜਿਸ ਕਿਸੇ ਨੂੰ ਪ੍ਰਾਪਤ ਹੁੰਦਾ ਹੈ ਸੋ ਸਤਿਗੁਰੂ ਦੀ ਉਪਦੇਸ਼-ਦੀਖਿਆ ਦੁਆਰਾ ਹੀ ਪ੍ਰਾਪਤ ਹੁੰਦਾ ਹੈ। ਦਾਤੇ ਨੇ ਇਹ ਦਾਤਿ ਆਪਣੇ ਹੱਥ ਵਿੱਚ ਹੀ ਰਖੀ ਹੋਈ ਹੈ, ਜਿਸ ਨੂੰ ਭਾਵੇ ਸੋ ਤਿਸ ਨੂੰ ਉਹ ਦਾਤਿ ਦੀ ਬਖਸ਼ਿਸ਼ ਕਰਦਾ ਹੈ। ਜਿਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਦੇ ਦਰ-ਘਰ ਤੋਂ ਇਹ ਦਾਤਿ ਮਿਲ ਗਈ ਉਹ ਨਾਮ-ਰੰਗਾਂ ਵਿੱਚ ਰੰਗੇ ਗਏ ਅਤੇ ਉਨ੍ਹਾਂ ਨੂੰ ਸੱਚੇ ਸੁਖ ਦੀ ਪ੍ਰਾਪਤੀ ਹੋ ਗਈ ਤੇ ਦਰਗਾਹ ਵਿੱਚ ਸੁਹੇਲੇ ਮੁਖ ਉਜਲੇ ਹੋ ਗਏ। ਉਪਰਲਾ ਸਾਰਾ ਭਾਵ ਇਸ ਹੇਠ ਲਿਖੇ ਗੁਰਵਾਕ ਅੰਦਰ ਇੰਨ ਬਿੰਨ ਆਉਂਦਾ ਹੈ, ਯਥਾ ਗੁਰਵਾਕ-

***ਬਿਨੁ ਸਤਿਗੁਰ ਸੇਵੇ ਬਹੁਤਾ ਦੁਖੁ ਲਾਗਾ***
***ਜੁਗ ਚਾਰੇ ਭਰਮਾਈ ॥***
***ਹਮ ਦੀਨ ਤੁਮ ਜੁਗੁ ਜੁਗੁ ਦਾਤੇ***
***ਸਬਦੇ ਦੇਹਿ ਬੁਝਾਈ ॥ ੧ ॥***
***ਹਰਿ ਜੀਉ ਕ੍ਰਿਪਾ ਕਰਹੁ ਤੁਮ ਪਿਆਰੇ ॥***
***ਸਤਿਗੁਰੁ ਦਾਤਾ ਮੇਲਿ ਮਿਲਾਵਹੁ***
***ਹਰਿ ਨਾਮੁ ਦੇਵਹੁ ਆਧਾਰੇ ॥ ਰਹਾਉ ॥***
***ਮਨਸਾ ਮਾਰਿ ਦੁਬਿਧਾ ਸਹਜਿ ਸਮਾਣੀ***
***ਪਾਇਆ ਨਾਮੁ ਅਪਾਰਾ ॥***
***ਹਰਿ ਰਸੁ ਚਾਖਿ ਮਨੁ ਨਿਰਮਲੁ ਹੋਆ***
***ਕਿਲਬਿਖ ਕਾਟਣਹਾਰਾ ॥ ੨ ॥***
***ਸਬਦਿ ਮਰਹੁ ਫਿਰਿ ਜੀਵਹੁ***
***ਸਦ ਹੀ ਤਾ ਫਿਰਿ ਮਰਣੁ ਨ ਹੋਈ ॥***
***ਅੰਮ੍ਰਿਤੁ ਨਾਮੁ ਸਦਾ ਮਨਿ ਮੀਠਾ***
***ਸਬਦੇ ਪਾਵੈ ਕੋਈ ॥ ੩ ॥***
***ਦਾਤੈ ਦਾਤਿ ਰਖੀ ਹਥਿ ਅਪਣੈ***
***ਜਿਸੁ ਭਾਵੈ ਤਿਸੁ ਦੇਈ ॥***
***ਨਾਨਕ ਨਾਮਿ ਰਤੇ ਸੁਖੁ ਪਾਇਆ***
***ਦਰਗਹ ਜਾਪਹਿ ਸੇਈ ॥ ਅੰਗ - ੬੦੩***

ਸਤਿਗੁਰ ਸਿਮਰਨ-ਦਾਤਾ ਮਿਲੇ ਤੋਂ ਹੀ ਪ੍ਰਾਣੀ ਦੀ ਗਤੀ ਹੁੰਦੀ ਹੈ। ਸਿਮਰਨ-ਦਾਤੇ ਸਤਿਗੁਰੂ ਨੂੰ ਜਿਸ ਨੇ ਗੁਰੂ ਦਾਰਨ ਨਹੀਂ ਕੀਤਾ ਉਹ ਨਿਗੁਰਾ ਹੈ। ਹੋਰ ਐਗੇ ਗੈਰੇ ਨੂੰ ਗੁਰੂ ਧਾਰਨ ਕਰ ਕੇ ਕੋਈ ਭੀ ਸਗੁਰਾ ਨਹੀਂ ਬਣ ਸਕਦਾ। ਸਤਿਗੁਰੂ ਸੱਚੇ ਗੁਰੂ ਨੂੰ ਗੁਰੂ ਧਾਰਨ ਕੀਤੇ ਬਾਝੋਂ ਸਭ ਨਿਗੁਰੇ ਹੀ ਰਹਿੰਦੇ ਹਨ। ਅਤੇ ਨਿਗੁਰੇ ਪੁਰਸ਼ ਨੂੰ ਗੁਰਮਤਿ ਮਤਿ ਹੀ ਨਹੀਂ ਆ ਸਕਦੀ, ਨਾ ਹੀ ਉਸ ਨੂੰ ਸਿਮਰਨ ਦੀ ਸੂਝ ਬੂਝ ਹੋ ਸਕਦੀ ਹੈ। ਸਿਮਰਨ ਦੀ ਸੋਝੀ ਤਾ ਤਦ ਪਵੇ ਜੇ ਸਿਮਰਨ-ਦਾਤਾ ਸੱਚਾ ਸਤਿਗੁਰੂ ਮਿਲੇ। ਗੁਰਵਾਕ -

***ਗੁਰੁ ਦਾਤਾ ਮੇਲੈ ਤਾ ਮਤਿ ਹੋਵੈ***
***ਨਿਗੁਰੇ ਮਤਿ ਨ ਕਾਈ॥ ਅੰਗ - ੬੩੫***

ਸਿਮਰਨ ਦਾਤਾ ਸਤਿਗੁਰੂ, ਸੱਚੇ ਸਤਿਗੁਰੂ ਬਾਝੋਂ ਹੋ ਕਈ ਨਹੀਂ ਹੋ ਸਕਦਾ। ਜਿਨ੍ਹਾਂ ਨੇ ਸੱਚੇ ਸਤਿਗੁਰੂ ਤੋਂ ਛੁਟ ਐਵੇਂ ਅਫਰੂ ਗੁਰੂਆਂ ਪਾਸੋਂ ਹੀ ਸਿਮਰਨ ਲੈਣ ਦੀ ਬਾਣ ਪੂਰੀ ਕੀਤੀ ਹੈ, ਉਹ ਵਾਸਤਵ ਵਿਚ ਹੈਨ ਹੀ ਨਿਗੁਰੇ, ਅਤੇ ਨਿਗੁਰੇ ਪੁਰਸ਼ ਦਾ ਨਾਉਂ ਹੀ ਬੁਰਾ ਹੈ। ਗੁਰਵਾਕ -

***ਸਤਿਗੁਰ ਬਾਝਹੁ ਗੁਰੁ ਨਹੀ ਕੋਈ***
***ਨਿਗੁਰੇ ਕਾ ਹੈ ਨਾਉ ਬੁਰਾ॥ ਅੰਗ - ੪੬੫***

ਸ੍ਰੀ ਦਸ਼ਮੇਸ਼ ਗੁਰੂ ਪਾਤਸ਼ਾਹ ਪਸ਼ਚਾਤ ਜਿਸ ਕਿਸੇ ਨੇ ਸ੍ਰੀ ਦਸ਼ਮੇਸ਼ ਜੀ ਦੇ ਹੁਕਮ (ਰਜ਼ਾ) ਅੰਦਰ ਚਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੁਆਰੇ ਹੋਇਕੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਨਹੀਂ ਛਕਿਆ ਅਤੇ ਅੰਮ੍ਰਿਤਧਾਰੀ ਸਗੁਰਾ ਹੋ ਕੇ ਗੁਰ ਦੀਖਿਆ ਗੁਰਮੰਤ੍ਰ ਰੂਪੀ ਸਿਮਰਨ ਦੀ ਦਾਤਿ ਨਹੀਂ ਲਈ ਅਤੇ ਇਸ ਬਿਧ ਗੁਰ ਦੁਆਰੇ ਹੋ ਕੇ ਸਾਹਿਬ ਨਹੀਂ ਸੰਮ੍ਹਾਲਿਆ, ਉਹ ਨਿਗੁਰਾ ਹੈ, ਉਸਦਾ ਨਾਉਂ ਲੈਣਾ ਹੀ ਬੁਰਾ ਹੈ।

♠♠♠♠♠

# ਬੇਬੇ ਨਾਨਕੀ ਜੀ

ਸਿੱਖ ਧਰਮ ਵਿੱਚ ਗੁਰੂ ਸਾਹਿਬ ਜੀ ਨੇ ਗੁਰਬਾਣੀ ਵਿੱਚ ਵਾਰ-ਵਾਰ ਲਿਖਿਆ ਹੈ ਕਿ ਨਾਰੀ ਨੂੰ ਹਾਰ ਸ਼ਿੰਗਾਰ ਆਪਣੇ ਪਤੀ ਨੂੰ ਖੁਸ਼ ਰੱਖਣ ਵਾਸਤੇ ਕਰਨਾ ਚਾਹੀਦਾ ਹੈ। ਲੋਕਾਂ ਨੂੰ ਵਿਖਾਉਣ ਵਾਸਤੇ ਨਹੀਂ। ਲਿਖਿਆ ਹੈ -

***'ਆਪੁ ਗਵਾਈਐ ਤਾ ਸਹੁ ਪਾਈਐ***
***ਅਉਰੁ ਕੈਸੀ ਚਤੁਰਾਈ ॥***
***ਸਹੁ ਨਦਰਿ ਕਰਿ ਦੇਖੈ***
***ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ ॥***
***ਅੰਗ - ੭੨੨***

***ਲਖ ਸੀਗਾਰ ਬਣਾਇਆ***
***ਕਾਰਜਿ ਨਾਹੀ ਕੇਤੁ ॥ ਅੰਗ - ੧੩੪***

ਕਿਸੇ ਇਸਤਰੀ ਦਾ ਪਤੀ ਪ੍ਰਦੇਸ ਗਿਆ ਹੋਇਆ ਹੈ ਅਤੇ ਉਹ ਨਵੇਂ ਤੋਂ ਨਵਾਂ ਸ਼ਿੰਗਾਰ ਕਰ ਰਹੀ ਹੈ ਤਾਂ ਉਹ ਦੂਸਰੇ ਲੋਕਾਂ ਨੂੰ ਖੁਸ਼ ਕਰਦੀ ਹੈ। ਉਹ ਪਤੀਵਰਤਾ ਨਹੀਂ ਹੋ ਸਕਦੀ। ਅੱਜਕਲ੍ਹ ਟੀਵੀ ਵਿੱਚ ਇਸਤਰੀਆਂ ਬਹੁਤ ਹੀ ਘੱਟ ਕਪੜਿਆਂ ਵਿੱਚ ਆ ਕੇ ਖੁਸ਼ ਹਨ, ਨਾਮ ਮਾਤਰ ਕੱਪੜਾ ਹੈ। ਮਰਦਾਂ ਨੇ ਤਾਂ ਕੱਪੜੇ ਪਾਏ ਹਨ ਪਰ ਇਸਤਰੀ ਨੇ ਲਾਹ ਦਿੱਤੇ ਹਨ। 'ਆਪੁ ਗਵਾਈਐ ਤਾ ਸਹੁ ਪਾਈਐ

***ਅਉਰੁ ਕੈਸੀ ਚਤੁਰਾਈ ॥ ਅੰਗ - ੭੨੨***

ਪਤੀਵਰਤਾ ਇਸਤਰੀ ਦਾ ਪਤੀ ਵੀ ਇੱਕ ਨੇਕ ਇਨਸਾਨ ਹੋਣਾ ਚਾਹੀਦਾ ਹੈ। ਅਮਲੀ, ਸ਼ਰਾਬੀ, ਜੁਆਰੀ ਨਾ ਹੋਵੇ। ਨੇਕ ਕਮਾਈ ਕਰਕੇ ਕੁਛ ਦਾਨ ਪੁੰਨ ਵੀ ਦੇਵੇ ਅਤੇ ਸੋਭਾ ਖੱਟੇ। ਤਾਂ ਹੀ ਇਸਤਰੀ ਦਾ ਪਤੀਵਰਤਾ ਜੀਵਨ ਸਿਰੇ ਚੜ੍ਹਦਾ ਹੈ।

ਮੈਂ ੧੨ ਇਸਤਰੀਆਂ ਦਾ ਸੰਖੇਪ ਜੀਵਨ ਲਿਖਿਆ ਹੈ ਇਸਨੂੰ ਪੜ੍ਹ ਕੇ ਜੇ ਕੁਛ ਬੱਚੀਆਂ ਦਾ ਜੀਵਨ ਸੁਧਰ ਜਾਏ ਤਾਂ ਮੈਨੂੰ ਬੜੀ ਖੁਸ਼ੀ ਹੋਵੇਗੀ। ਵਾਹਿਗੁਰੂ ਆਪ ਉਨ੍ਹਾਂ ਦੇ ਅੰਗ ਸੰਗ ਸਹਾਈ ਹੋਵੇਗਾ।

***ਦਾਸ***
***ਦਲਬੀਰ ਸਿੰਘ***
***ਪਿਹੋਵਾ (ਕੁਰੂਕਸ਼ੇਤਰਾ)***

## ਬੇਬੇ ਨਾਨਕੀ ਜੀ

ਬੇਬੇ ਨਾਨਕੀ ਗੁਰੂ ਨਾਨਕ ਜੀ ਦੀ ਵੱਡੀ ਭੈਣ ਸੀ। ਬਚਪਨ ਤੋਂ ਹੀ ਨਾਨਕ ਜੀ ਨਾਲ ਬਹੁਤ ਪਿਆਰ ਸੀ। ਸ਼ੁਰੂ ਤੋਂ ਹੀ ਉਹ ਨਾਨਕ ਜੀ ਨੂੰ ਭਗਵਾਨ ਦਾ ਰੂਪ ਸਮਝਦੀ ਸੀ ਅਤੇ ਮਾਤਾ ਨੂੰ ਕਹਿੰਦੀ ਸੀ ਕਿ ਮੇਰੇ ਵੀਰ ਨਾਨਕ ਨੂੰ ਕਦੀ ਡਾਂਟਣਾ ਨਹੀਂ। ਗੁਰੂ ਨਾਨਕ ਜੀ ਦਾ ਪ੍ਰਕਾਸ਼ ਰਾਇ ਭੋਇ ਦੀ ਤਲਵੰਡੀ ਵਿੱਚ ਸੰਨ ੧੪੬੯ ਅਪ੍ਰੈਲ ਦੀ ੧੫ ਤਾਰੀਖ ਨੂੰ ਹੋਇਆ ਸੀ। ਪਿੰਡ ਤਲਵੰਡੀ ਦਾ ਨਾਉਂ ਅੱਜਕਲ੍ਹ ਨਨਕਾਣਾ ਸਾਹਿਬ ਹੈ। ਜ਼ਿਲਾ ਸੇਖੂਪੁਰਾ ਜੋ ਪਾਕਿਸਤਾਨ ਵਿੱਚ ਹੈ।

ਬੇਬੇ ਨਾਨਕੀ ਗੁਰੂ ਨਾਨਕ ਜੀ ਤੋਂ ਤਕਰੀਬਨ ਸੱਤ ਸਾਲ ਵੱਡੀ ਸੀ। ਭਾਈਆ ਜੈ ਰਾਮ ਜੀ ਨਾਲ ਉਸ ਦਾ ਵਿਆਹ ਸੁਲਤਾਨਪੁਰ ਲੋਧੀ ਹੋ ਗਿਆ ਜੋ ਕਪੂਰਥਲਾ ਦੇ ਨੇੜੇ ਹੈ। ਭਾਈਆ ਜੈ ਰਾਮ ਜੀ ਨਵਾਬ ਦੌਲਤ ਖਾਨ ਲੋਧੀ ਕੋਲ ਮਾਲ ਦੇ ਮਹਿਕਮੇਂ ਵਿਚ ਨੌਕਰੀ ਕਰਦੇ ਸੀ ਅਤੇ ਸੁਭਾਅ ਦੇ ਬਹੁਤ ਚੰਗੇ ਸਨ। ਬੇਬੇ ਨਾਨਕੀ ਜੀ ਨੇ ਸਸੁਰਾਲ ਜਾਣ ਲੱਗਿਆਂ ਆਪਣੇ ਪਿਤਾ ਮਹਿਤਾ ਕਾਲੂ ਜੀ ਨੂੰ ਅਤੇ ਆਪਣੀ ਮਾਤਾ ਨੂੰ ਬੜੇ ਪਿਆਰ ਨਾਲ ਕਿਹਾ ਕਿ ਮੇਰੇ ਵੀਰ ਨਾਨਕ ਜੀ ਨੂੰ ਕਿਸੇ ਗਲਤੀ ਕਾਰਨ ਡਾਂਟਣਾ ਨਹੀਂ ਅਤੇ ਨਾ ਹੀ ਨਾਰਾਜ਼ ਹੋਣਾ ਹੈ। ਬੇਬੇ ਨਾਨਕੀ ਜੀ ਇਕ ਪਤੀਬਰਤਾ ਇਸਤਰੀ ਸਨ।

ਗੁਰੂ ਨਾਨਕ ਜੀ ਦਾ ਵਿਆਹ ਹੋ ਗਿਆ। ਕੁਝ ਸਮੇਂ ਬਾਅਦ ਭਾਈ ਜੈ ਰਾਮ ਜੀ ਨੇ ਨਾਨਕ ਜੀ ਨੂੰ ਸੁਲਤਾਨਪੁਰ ਬੁਲਾ ਲਿਆ। ਫਿਰ ਦੌਲਤਖਾਨ ਲੋਧੀ ਪਾਸ ਮੋਦੀ ਦੀ ਨੌਕਰੀ ਲਵਾ ਦਿੱਤੀ। (ਮੋਦੀ ਦਾ ਕੰਮ ਖੁਰਾਕ ਮੰਤਰੀ ਵਾਗੂੰ ਹੈ ਕਿ ਅਨਾਜ ਦੀ ਸੰਭਾਲ ਤੇ ਵਿਕਰੀ ਕਰਨਾ) ਨਾਨਕ ਜੀ ਗਰੀਬ ਤੇ ਭੁੱਖੇ ਬੰਦੇ ਨੂੰ ਵੀ ਬਿਨਾਂ ਪੈਸੇ ਤੋਂ ਕੁਝ ਨਾ ਕੁਝ ਅਨਾਜ ਦੇ ਦਿੰਦੇ ਸਨ। ਚੁਗਲ ਖੋਰਾਂ ਨੇ ਨਵਾਬ ਦੇ ਕੰਨ ਭਰੇ ਕਿ ਨਾਨਕ ਤਾਂ ਮੋਦੀਖਾਨਾ ਮੁਫਤੀ ਹੀ ਲੁਟਾਈ ਜਾਂਦਾ ਹੈ। ਤਾਂ ਦੌਲਤ ਖਾਂ ਨਵਾਬ ਨੇ ਮੋਦੀਖਾਨਾ ਚੈਕ ਕਰਵਾਇਆ ਤਾਂ ਤਕਰੀਬਨ ਉਸ ਵਕਤ ਦੇ ੮●● ਰੁਪੈ ਨਾਨਕ ਜੀ ਦੇ ਬਚ ਗਏ। (ਜੋ ਅੱਜ ਦੇ ਤਕਰੀਬਨ ਇੱਕ ਲੱਖ ਦੇ ਬਰਾਬਰ ਸਨ) ਤਕਰੀਬਨ ਪੌਣੇ ਤਿੰਨ ਸਾਲ ਨਾਨਕ ਜੀ ਨੇ ਮੋਦੀ ਦੀ ਨੌਕਰੀ ਕੀਤੀ।

ਇਕ ਦਿਨ ਨਾਨਕ ਜੀ ਵੇਈਂ ਨਦੀ ਵਿਚ ਇਸ਼ਨਾਨ ਕਰਨ ਵੜੇ। ਕੱਪੜੇ ਲਾਹ ਕੇ ਸੇਵਕ ਨੂੰ ਫੜਾਏ ਤੇ ਨਾਨਕ ਜੀ ਨੇ ਜਿਉਂ ਹੀ ਪਾਣੀ ਵਿੱਚ ਡੁੱਬਕੀ ਲਾਈ ਫਿਰ ਬਾਹਰ ਨਹੀਂ ਆਏ। ਸਾਰੇ ਨਗਰ ਸੁਲਤਾਨਪੁਰ ਵਿਚ ਰੌਲਾ ਪੈ ਗਿਆ ਕਿ ਨਾਨਕ ਡੁੱਬ ਗਿਆ ਹੈ। ਨਾਨਕ ਜੀ ਦੀ ਸੁਪਤਨੀ ਬੀਬੀ ਸੁਲੱਖਣੀ ਅਤੇ ਬੱਚੇ ਸ੍ਰੀ ਚੰਦ ਤੇ ਲਖਮੀ ਦਾਸ ਵੀ ਉੱਥੇ ਸਨ। ਭਾਈਆ ਜੈ ਰਾਮ ਜੀ ਨੇ ਉਨ੍ਹਾਂ ਦੇ ਸਹੁਰੇ ਮੂਲ ਚੰਦ ਨੂੰ ਖਬਰ ਭੇਜ ਦਿੱਤਾ ਕਿ ਨਾਨਕ ਡੁੱਬ ਗਿਆ ਹੈ। ਨਵਾਬ ਦੌਲਤਖਾਨ ਨੇ ਗੋਤਾਖੋਰਾਂ ਤੋਂ ਵੀ ਭਾਲ ਕਰਾਈ ਪਰ ਕੋਈ ਪਤਾ ਨਹੀਂ ਲੱਗਾ।

ਪਰ ਬੇਬੇ ਨਾਨਕੀ ਨੇ ਇੱਕ ਗੱਲ ਕਹੀ ਕਿ ਮੇਰੇ ਵੀਰ ਨਾਨਕ ਨੂੰ ਨਾ ਤਾਂ ਪਾਣੀ ਡੋਬ ਸਕਦਾ ਹੈ ਤੇ ਨਾ ਅਗਨੀ ਸਾੜ ਸਕਦੀ ਹੈ।

ਤਿੰਨਾਂ ਦਿਨਾਂ ਪਿਛੋਂ ਨਾਨਕ ਜੀ ਨਦੀ ਵਿਚੋਂ ਬਾਹਰ ਆ ਗਏ। ਲੋਕ ਬੜੇ ਹੈਰਾਨ ਸਨ। ਬਹੁਤ ਲੋਕ ਉਨ੍ਹਾਂ ਦੇ ਦਰਸ਼ਨ ਕਰਨ ਆਏ ਕਿਉਂਕਿ ਲੋਕਾਂ ਦਾ ਉਨ੍ਹਾਂ ਨਾਲ ਬਹੁਤ ਪਿਆਰ ਸੀ। ਗੁਰੂ ਨਾਨਕ ਜੀ ਨੇ ਦੌਲਤ ਖਾਨ ਦੀ ਨੌਕਰੀ ਕਰਨ ਤੋਂ ਨਾਂਹ ਕਰ ਦਿੱਤੀ ਕਿਉਂਕਿ ਨਵਾਬ ਨੇ ਉਨ੍ਹਾਂ ਤੇ ਸ਼ੱਕ ਕੀਤਾ ਹੈ। ਜਿੰਨਾਂ

ਚਿਰ ਨਾਨਕ ਜੀ ਸੁਲਤਾਨਪੁਰ ਵਿੱਚ ਰਹੇ ਬੇਬੇ ਨਾਨਕੀ ਸਵੇਰੇ ਉਠ ਕੇ ਪਹਿਲਾਂ ਆਪਣੇ ਵੀਰ ਨਾਨਕ ਦੇ ਦਰਸ਼ਨ ਕਰਦੀ ਅਤੇ ਬਹੁਤ ਖੁਸ਼ ਹੁੰਦੀ ਅਤੇ ਸਮਾਂ ਬਹੁਤ ਸੁਹਣਾ ਨਿਕਲ ਰਿਹਾ ਸੀ ਪਰ ਨਾਨਕ ਜੀ ਨੇ ਐਲਾਨ ਕਰ ਦਿੱਤਾ ਕਿ ਮੈਂ ਹੁਣ ਨੌਕਰੀ ਨਹੀਂ ਕਰਨੀ। ਉਹ ਕਹਿਣ ਲੱਗੇ ਕਿ ਮੈਂ ਦੇਸ਼ ਵਿੱਚ ਭਰਮਨ ਕਰਕੇ ਸੱਚ ਦਾ ਪ੍ਰਚਾਰ ਕਰਨਾ ਹੈ। ਇਹ ਹੀ ਮੇਰਾ ਉਦੇਸ਼ ਹੈ। ਫਿਰ ਗੁਰੂ ਜੀ ਜਦੋਂ ਮਰਦਾਨੇ ਨੂੰ ਨਾਲ ਲੈ ਕੇ ਚੱਲਣ ਲੱਗੇ ਤਾਂ ਬੇਬੇ ਨਾਨਕੀ ਜੀ ਨੇ ਵੈਰਾਗ ਵਿੱਚ ਆਖਿਆ ਵੀਰ ਜੀ! ਮੈਂ ਤੁਹਾਡੇ ਦਰਸ਼ਨ ਕਰਨ ਤੋਂ ਬਿਨਾਂ ਬਚ ਨਹੀਂ ਸਕਦੀ ਤਾਂ ਨਾਨਕ ਜੀ ਬੋਲੇ, "ਬੇਬੇ, ਤੇਰੇ ਵਿਚ ਬਹੁਤ ਸ਼ਕਤੀ ਹੈ। ਤੂੰ ਜਦੋਂ ਵੀ ਮੈਨੂੰ ਯਾਦ ਕਰੇਂਗੀ ਮੈਂ ਤੇਰੇ ਸਾਮ੍ਹਣੇ ਖੜ੍ਹਾ ਹੋਵਾਂਗਾ।

ਇਤਿਹਾਸ ਗਵਾਹ ਹੈ ਕਿ ਗੁਰੂ ਨਾਨਕ ਜੀ ਦੇਸ਼ ਦਾ ਉਦਾਰ ਕਰਨ ਵਾਸਤੇ ਮਰਦਾਨਾ ਜੀ ਤੇ ਭਾਈ ਬਾਲਾ ਜੀ ਨੂੰ ਲੈ ਕੇ ਦੇਸ਼ ਭਰਮਨ ਲਈ ਉਦਾਸੀਆਂ ਤੇ ਚਲੇ ਗਏ। ਪਰ ਜਦ ਵੀ ਬੇਬੇ ਨਾਨਕੀ ਨੇ ਆਪਣੇ ਵੀਰ ਨਾਨਕ ਨੂੰ ਯਾਦ ਕੀਤਾ ਉਹ ਉਸੇ ਵੇਲੇ ਹਾਜ਼ਰ ਹੋ ਗਏ। ਬੇਬੇ ਨਾਨਕੀ ਜੀ ਰੋਟੀ ਪਕਾ ਰਹੀ ਹੈਂ, ਨਾਨਕ ਜੀ ਸੌ ਮੀਲ ਤੇ ਜਾਂ ਪੰਜ ਮੀਲ ਤੇ ਜਾਂ ੧੦੦੦ ਮੀਲ ਤੇ ਬੈਠੇ ਸਨ, ਬੇਬੇ ਨੇ ਰੋਟੀ ਪਕਾਈ ਅਤੇ ਰੋਟੀ ਬਹੁਤ ਸੁੰਦਰ ਫੁੱਲ ਗਈ ਤਾਂ ਬੇਬੇ ਨੇ ਆਖਿਆ ਇਹ ਰੋਟੀ ਮੇਰੇ ਵੀਰ ਨਾਨਕ ਦੇ ਖਾਣ ਵਾਲੀ ਹੈ ਤਾਂ ਨਾਨਕ ਜੀ ਉਸੇ ਵਕਤ ਬੂਹੇ ਅੱਗੇ ਆ ਗਏ ਤੇ ਕਹਿ ਰਹੇ ਹਨ ਬੇਬੇ ਮੈਨੂੰ ਤਾਂ ਬਹੁਤ ਭੁੱਖ ਲੱਗੀ ਹੈ। ਬੇਬੇ ਨਾਨਕੀ ਨੂੰ ਚਾਅ ਚੜ੍ਹ ਜਾਣਾ ਅਤੇ ਭੱਜ ਕੇ ਆਪਣੇ ਵੀਰ ਨਾਨਕ ਨੂੰ ਜੱਫੀ ਵਿੱਚ ਲੈ ਲੈਣਾ। ਇਹ ਇਕ ਵਾਰੀ ਦੀ ਗੱਲ ਨਹੀਂ ਹੈ, ਕਈ ਵਾਰੀ ਬੇਬੇ ਨੂੰ ਨਾਨਕ ਜੀ ਮਿਲਣ ਆਏ। ਮਰਦਾਨਾ ਤੇ ਭਾਈ ਬਾਲਾ ਜੀ ਨਾਲ ਸਨ।

ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਗੁਰੂ ਨਾਨਕ ਜੀ ਨੂੰ ਸਵੇਰੇ ਉਠ ਕੇ ਯਾਦ ਕਰਨ ਨਾਲ ਹੀ ਸਾਰਾ ਦਿਨ ਸੁਖਾਂ ਦਾ ਲੰਗਦਾ ਹੈ। ਜਿਹੜਾ ਆਦਮੀ ਉਨ੍ਹਾਂ ਦੀ ਬਾਣੀ ਪੜ੍ਹਦਾ ਹੈ (ਪਾਠ ਕਰਦਾ ਹੈ) ਉਹ ਜਨਮ ਮਰਨ ਤੋਂ ਮੁਕਤ ਹੋ ਜਾਂਦਾ ਹੈ।

***ਤਿਸ ਕੀ ਸਰਨਿ ਸਰਬ ਸੁਖ ਪਾਵਹਿ ॥***
***ਤਿਸ ਕੈ ਦਰਸਿ ਸਭ ਪਾਪ ਮਿਟਾਵਹਿ ॥***

***ਅੰਗ - ੨੮੬***

ਗੁਰੂ ਨਾਨਕ ਬਾਬਤ ਲਿਖਿਆ ਹੈ ਕਿ -

ਗੁਰੂ ਨਾਨਕ ਤੇ ਪ੍ਰਮਾਤਮਾ ਵਿਚ ਕੋਈ ਫਰਕ ਨਹੀਂ ਜੀ। ਜ਼ਰਾ ਸੋਚੋ ਜਿਸ ਇਸਤਰੀ ਦੇ ਯਾਦ ਕਰਨ ਨਾਲ ਹੀ ਭਗਵਾਨ (ਗੁਰੂ ਨਾਨਕ ਜੀ) ਆ ਖੜ੍ਹੇ ਹੁੰਦੇ ਹਨ ਉਹ ਕਿਤਨੀ ਭਾਗਾਂ ਵਾਲੀ ਕਿਤਨੀ ਸ਼ਕਤੀ ਵਾਰੀ ਹੋਵੇਗੀ। ਭਾਈਆ ਜੈ ਰਾਮ ਜੀ (ਉਨ੍ਹਾਂ ਦੇ ਪਤੀ) ਕਿਤਨੀ ਚੰਗੀ ਕਿਸਮਤ ਵਾਲੇ ਸਨ। ਮੈਂ ਬੇਬੇ ਨਾਨਕੀ ਨੂੰ ਕੋਟਿ ਕੋਟਿ ਪ੍ਰਣਾਮ ਕਰਦਾ ਹਾਂ। ਉਹ ਇਕ ਪਤੀਵਰਤਾ ਇਸਤਰੀ ਸਨ।

♠♠♠♠♠

(ਪੰਨਾ 48 ਦਾ ਬਾਕੀ)

ਖਬਰੇ ਮਾਰ ਕੇ ਲੈ ਗਿਆ ਸਾਡਾ ਇਨਾਮ ਮਾਰਿਆ ਜਾਏ, ਇਸ ਲਈ ਸੂੰਹੀਏ ਦਾ ਕਹਿਆ ਨਾ ਮੰਨ ਕੇ ਟੋਏ ਵਿਚ ਉਤਰੇ। ਬਿਜੈ ਸਿੰਘ ਦੀ ਟੰਗ ਨੂੰ ਘੋੜੇ ਹੇਠੋਂ ਕੱਢਿਆ ਅਰ ਪੱਟ ਨੂੰ ਸਿੱਧਾ ਕਰ ਕੇ ਬੱਧਾ। ਇਕ ਪਾਲਕੀ ਵਗਾਰੀ ਫੜ ਮੰਗਾਈ। ਪਾਣੀ ਪਿਲਾ ਕੇ ਹੋਰ ਦਾਰੀ ਕਰ ਕੇ ਉਸ ਨੂੰ ਸੁਰਜੀਤ ਕੀਤਾ। ਸੂੰਹੀਏ ਜੀ ਮਾਰ ਦੇਣ ਦੇ ਹੱਕ ਵਿਚ ਸੇ, ਪਰ ਸਿਪਾਹੀਆਂ ਦੀ ਜ਼ਿੱਦ ਵੇਖ ਕੇ ਓਸੇ ਉਲਟ ਪੈ ਗਏ ਤੇ ਸੋਚ ਕਿ ਚਲੋ ਲਾਹੌਰ ਚੱਲ ਕੇ ਮਾਰਿਆ ਜਾਏਗਾ, ਸਗੋਂ ਮਾਰਨ ਦਾ ਜ਼ਿੰਮਾ ਬੇਗਮ ਦੇ ਸਿਰ ਰਹੂ। ਇਹ ਬੀ ਸੋਚ ਲਿਆ ਕਿ ਇਨਾਮ ਚੋਖਾ ਮਿਲੇਗਾ। ਜੇ ਕੋਈ ਗੱਲ ਸਾਡੀ ਸੋਚੋਂ ਉਲਟ ਹੋਰ ਨਿਕਲ ਪਈ ਤਾਂ ਚਾਰ ਦਿਨ ਲਾਂਭੇ ਹੋ ਜਾਵੇਗਾ, ਕਿਹੜਾ ਪੰਜਾਬ ਦਾ ਰਾਜ ਕੋਈ ਪੱਕਾ ਰਾਜ ਹੈ। ਇਸ ਤਰ੍ਹਾਂ ਬਿਜੈ ਸਿੰਘ ਜੀ ਲਾਹੌਰ ਆਏ। ਪੰਡਤ ਜੀ ਤੇ ਸਿਪਾਹੀਆਂ ਨੇ ਇਨਾਮ ਲਿਆ ਅਰ ਬਿਜੈ ਸਿੰਘ ਜੀ ਲਾਹੌਰ ਆਏ। ਪੰਡਤ ਜੀ ਤੇ ਸਿਪਾਹੀਆਂ ਨੇ ਇਨਾਮ ਲਿਆ ਅਰ ਬਿਜੈ ਸਿੰਘ ਜੀ ਮੰਜੀ ਪੁਰ ਮਹਿਲਾਂ ਦੇ ਅੰਦਰ ਪੁਚਾਏ ਗਏ। ਬੇਗਮ ਨੇ ਦਰਸ਼ਨ ਨਹੀਂ ਕੀਤਾ, ਕਿਉਂਕਿ ਉਸ ਦੇ ਪੁੱਤਰ ਨੂੰ ਮਾਤਾ ਨਿਕਲੀ ਹੋਈ ਸੀ, ਅਰ ਉਹ ਉਸ ਦੇ ਇਲਾਜ ਵਿੱਚ ਰੁੱਝੀ ਹੋਈ ਸੀ, ਪਰ ਤਦ ਭੀ ਕਈ ਹਕੀਮ ਸਿੰਘ ਜੀ ਦੇ ਇਲਾਜ ਵਿੱਚ ਲਾਏ ਗਏ ਅਰ ਸਭ ਬੰਦੋਬਸਤ ਸੁਖ ਦਾ ਹੋ ਗਿਆ। ਇਸ ਵੇਲੇ ਸ਼ੀਲ ਕੌਰ ਭੀ ਮਹਿਲਾਂ ਦੇ ਅੰਦਰ ਕੁਛ ਹੁਕਮ ਹਾਸਲ ਰੱਖਦੀ ਸੀ।

ਕਿਆ ਅਸਚਰਜ ਹੈ! ਬਿਜੈ ਸਿੰਘ, ਟੋਏ ਵਿਚ ਪਿਆ ਮਾਨੋ ਆਪਣੇ ਛੇਕੜਲੇ ਸਵਾਸ ਲੈ ਰਿਹਾ ਸੀ, ਫੇਰ ਆਪਣੇ ਪੁੱਤਰ ਤੇ ਵਹੁਟੀ ਪਾਸ ਪਹੁੰਚਾ। ਵਹੁਟੀ ਤੇ ਪੁੱਤਰ ਦੀ ਖੁਸ਼ੀ ਦੀ ਐਸ ਵੇਲੇ ਕਿਹੜੀ ਹੱਦ ਸੀ, ਜਿਨ੍ਹਾਂ ਨੂੰ ਪਿਆਰਾਂ ਦਾ ਸਾਂਈਂ ਫੇਰ ਜੀਉਂਦਾ ਜਾਗਦਾ ਮਿਲ ਪਿਆ। ਵਾਹ ਵਾ, ਧੰਨ ਪਰਮੇਸ਼ੁਰ ਤੇ ਧੰਨ ਪਰਮੇਸ਼ਰ ਜੀ ਦੇ ਕਾਰਨਾਮੇ! ਸ਼ੀਲਾ ਜੀ ਨੇ ਸਿਰ ਤੋੜ ਪਤੀ ਦੀ ਸੇਵਾ ਕੀਤੀ, ਦਿਨ ਰਾਤ ਪਾਸ ਬੈਠੀ ਟਹਿਲ ਕਰਦੀ ਰਹਿੰਦੀ। ਭਾਵੇਂ ਅਨੇਕਾਂ ਟਹਿਲ ਵਾਲੇ ਇਸ ਵੇਲੇ ਹਾਜ਼ਰ ਸਨ, ਪਰ ਸ਼ੀਲ ਕੌਰ ਆਪ ਸੇਵਾ ਕਰ ਕੇ ਧਨਭਾਗ ਸਮਝਦੀ। ਹਕੀਮਾਂ ਦਾ ਇਲਾਜ ਤਾਂ ਸੀ ਹੀ ਪਰ ਵਹੁਟੀ ਦੀ ਪ੍ਰੇਮ ਸੇਵਾ ਸਭ ਕੋਲੋਂ ਚੰਗਾ ਅਸਰ ਰੱਖਦੀ ਸੀ। ਗੱਲ ਕੀ, ਖੁਸ਼ੀ ਅਰ ਸੇਵਾ ਨਾਲ ਸਰੀਰ ਫਿਰ ਆਇਆ। ਕੁਛ ਥੋੜ੍ਹੇ ਚਿਰ ਵਿੱਚ ਸਿੰਘ ਜੀ ਰਾਜ਼ੀ ਖੁਸ਼ੀ ਹੋ ਗਏ। ਕਰੜੇ ਦੰਦਾਂ ਵਿਚ ਜਿੱਕੁਰ ਜੀਭ ਰਹਿੰਦੀ ਹੈ ਤਿਵੇਂ ਵੈਰੀਆਂ ਦੇ ਮਹਿਲਾਂ ਵਿੱਚ ਖਾਲਸੇ ਦਾ ਦੁਖੀ ਟੱਬਰ ਫੇਰ ਸੁਖੀ ਰਹਿਣੇ ਲੱਗਾ। ਕਰਤਾਰ ਨੇ ਦਿਨ ਫੇਰੇ ਤਾਂ ਪੁੱਠੀਆਂ ਸਿੱਧੀਆਂ ਪੈ ਗਈਆਂ। ਕਿੱਥੇ ਝਨਾਂ ਦੀਆਂ ਬਿਪਤਾਂ, ਕਿੱਥੇ ਏਹ ਪਾਤਸ਼ਾਹੀ ਸੁਖ? ਸ਼ੀਲਾ ਵੱਲ ਦੇਖੋ ਬਸੰਤ ਦੀ ਸਰ੍ਹੋਂ ਦੀ ਗੰਦਲ ਵਾਂਗ ਖਿੜ ਰਹੀ ਹੈ, ਭੁਜੰਗੀ ਵੱਲ ਦੇਖੋ ਤਾਂ ਬਨ ਵਿਖੇ ਹੋਰਨਾਂ ਬੱਚਿਆਂ ਵਾਂਗ ਚੌਕੜੀਆਂ ਭਰਦਾ ਫਿਰਦਾ ਹੈ, ਬਿਜੈ ਸਿੰਘ ਵਲ ਤੱਕੋ ਤਾਂ ਗੁਲਾਬ ਦੇ ਫੁੱਲ ਵਾਂਗ ਕਿਸ ਪ੍ਰਕਾਰ ਲਹਿ ਲਹਿ ਕਰ ਰਿਹਾ ਹੈ, ਪਰ ਇਸ ਅਨੰਦ ਵਿੱਚ ਖਾਲਸਈ ਟੱਬਰ ਮਸਤ ਨਹੀਂ ਹੋ ਗਿਆ, ਆਪਣੇ ਭਰਾਵਾਂ ਵਿਚ ਪਹੁੰਚ ਕੇ ਪੰਥ ਦੀ ਸੇਵਾ ਕਰਨੇ ਦਾ ਉਪਾਉ ਸੋਚਦੇ ਹੀ ਰਹਿੰਦੇ ਹਨ।

♠♠♠♠♠

# ਮਾਰਗ ਚੋਣ
# (Choosing A Path)

***ਡਾ. ਸਵਾਮੀ ਰਾਮ ਜੀ***
***ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ***

## ਤਿੰਨ ਸਰਵ-ਵਿਆਪਕ ਗੁਣ

ਜੇਕਰ ਤਿੰਨ ਗੁਣਾਂ ਨੂੰ ਸਮਝ ਕੇ ਉਨ੍ਹਾਂ ਦਾ ਅਭਿਆਸ ਕਰ ਲਈਏ, ਅਸੀਂ ਦੂਸਰਿਆਂ ਨੂੰ ਪਿਆਰ ਕਰਨਾ ਸਿੱਖ ਸਕਦੇ ਹਾਂ। ਹਰ ਕੋਈ ਦੂਸਰੇ ਨੂੰ ਪਿਆਰ ਕਰਨਾ ਸਿੱਖ ਸਕਦਾ ਹੈ, ਪਿਆਰ ਇੱਕ ਅਭਿਆਸ ਹੈ ਇੱਕ ਬਹੁਤ ਹੀ ਸਰਲ ਸਾਦੀ ਫਿਲੌਸਫੀ ਹੈ, ਇਸ ਦਾ ਅਭਿਆਸ ਕੋਈ ਵੀ ਕਰ ਸਕਦਾ ਹੈ। ਆਪਣੇ ਪਰਿਵਾਰ ਵਿੱਚ ਰਹਿਣ ਲਈ ਪਿਆਰ ਕਰਨ ਲਈ ਸਭ ਤੋਂ ਪਹਿਲਾ ਸਿਧਾਂਤ ਹੈ ਕਿ ਕਦੀ ਵੀ ਕਿਸੇ ਦਾ ਹੱਕ ਨਾ ਲਵੋ, ਕਿਸੇ ਦਾ ਅਧਿਕਾਰ ਨਾ ਲੈਣ ਦੀ ਕੋਸ਼ਿਸ਼ ਕਰੋ। ਹਰ ਇੱਕ ਦੇ ਆਪਣੇ ਅਧਿਕਾਰ ਹਨ ਸੋ ਸਭ ਤੋਂ ਪਹਿਲਾਂ ਕਦੀ ਵੀ ਕਿਸੇ ਦਾ ਅਧਿਕਾਰ ਨਾ ਖੋਹਣ ਦੀ ਕੋਸ਼ਿਸ਼ ਕਰੋ, ਨਾ ਲਵੋ। ਦੂਸਰਾ ਸਭ ਤੋਂ ਵੱਡਾ ਸਿਧਾਂਤ ਹੈ ਕਿ ਤੁਹਾਨੂੰ ਆਪਣਾ ਅਧਿਕਾਰ ਆਪਣਾ ਹੱਕ ਛੱਡਣ ਲਈ ਸਦਾ ਹੀ ਤਿਆਰ ਰਹਿਣਾ ਚਾਹੀਦਾ ਹੈ। ਸਮਾਜ ਵਿੱਚ, ਭਾਈਚਾਰੇ ਵਿੱਚ, ਬਰਾਦਰੀ ਵਿੱਚ, ਪਰਿਵਾਰ ਵਿੱਚ ਰਹਿਣ ਦਾ ਸਭ ਤੋਂ ਉੱਤਮ ਤਰੀਕਾ ਹੈ ਕਿ ਆਪਣੇ ਹੱਕ ਦੂਸਰਿਆਂ ਲਈ ਛੱਡ ਦਿਓ, ਦੇ ਦਿਓ ਦੂਸਰਿਆਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਉਨ੍ਹਾਂ ਦੇ ਅਧਿਕਾਰਾਂ ਤੋਂ ਵਾਂਝਿਆਂ ਨਾ ਕਰੋ। ਇਨ੍ਹਾਂ ਸਿਧਾਂਤਾਂ ਨੂੰ ਮੁੱਖ ਰਖ ਕੇ ਇਨ੍ਹਾਂ ਦਾ ਅਭਿਆਸ ਕਰਕੇ ਕੋਈ ਵੀ ਪਿਆਰ ਕਰਨਾ ਸਿੱਖ ਸਕਦਾ ਹੈ। ਤੀਸਰਾ ਮਹੱਤਵਪੂਰਣ ਸਿਧਾਂਤ ਹੈ, ਇਮਾਨਦਾਰੀ ਅਤੇ ਨਿਸ਼ਕਪਟਤਾ, ਸੱਚੇ ਰਹੋ ਨਿਸ਼ਕਪਟ ਰਹੋ। ਹਰ ਰਿਸ਼ਤੇ ਵਿੱਚ ਸੱਚੇ ਰਹੋ। ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਤੁਸੀਂ ਕਿਸੇ ਨੂੰ ਪਿਆਰ ਕਰਦੇ ਹੋਵੋਂ, ਫੇਰ ਉਸ ਨੂੰ ਧੋਖਾ ਦੇ ਦਿਓ, ਉਸ ਨਾਲ ਧਰੋਹ ਕਰੋ ਜਿਸ ਨਾਲ ਤੁਸੀਂ ਪਿਆਰ ਕਰਦੇ ਹੋਵੋ, ਇਹ ਹੋ ਹੀ ਨਹੀਂ ਸਕਦਾ। ਪਿਆਰ ਕਰਨਾ ਬੇਈਮਾਨ ਹੋਣਾ, ਕਪਟੀ ਹੋਣਾ। ਇਹ ਦੋਨੋਂ ਬਿਲਕੁਲ ਵੱਖ-ਵੱਖ ਪ੍ਰਗਟਾਵੇ ਹਨ, ਵੱਖ-ਵੱਖ ਭਾਵਨਾਵਾਂ ਹਨ।

ਜੇਕਰ ਸੱਚਮੁੱਚ ਕੋਈ ਮਨੁੱਖ ਸੁਤੰਤਰ ਹੋਣਾ ਚਾਹੁੰਦਾ ਹੈ, ਉਸ ਨੂੰ ਆਪਣੇ ਆਪ ਨੂੰ ਤਿੰਨ ਵਿਮਾਵਾਂ ਤੋਂ, ਤਿੰਨ ਦਿਸ਼ਾ ਤੋਂ ਆਪਣੇ ਆਪ ਨੂੰ ਤਰਾਸ਼ਣਾ ਪਵੇਗਾ, ਸੋਧਣਾ ਪਵੇਗਾ, ਖੁਲ੍ਹੇ ਦਿਲ ਨਾਲ ਦੇਣਾ, ਖੁਲ੍ਹੇ ਦਿਲ ਨਾਲ ਪਿਆਰ ਕਰਨਾ, ਪੂਰੀ ਤਰ੍ਹਾਂ ਨਿਰਸੁਆਰਥੀ ਹੋਣਾ। ਕੋਈ ਵੀ ਮਨੁੱਖ ਜੀਵਨ ਵਿੱਚ ਖੁਸ਼ ਰਹਿ ਸਕਦਾ ਹੈ, ਸ਼ਰਤ ਇਹ ਹੀ ਹੈ ਕਿ ਉਹ ਇਨ੍ਹਾਂ ਤਿੰਨਾਂ ਗੁਣਾਂ ਨੂੰ ਤਿੰਨਾਂ ਸਿਧਾਂਤਾਂ ਨੂੰ ਸਮਝ ਲਵੇ, ਦੇਣਾ ਸਿੱਖ ਲਵੇ, ਪਿਆਰ ਕਰਨਾ ਸਿੱਖ ਲਵੇ, ਨਿਰਸੁਆਰਥ ਹੋ ਜਾਵੇ। ਇਨ੍ਹਾਂ ਤਿੰਨ ਗੁਣਾਂ ਨੂੰ ਸਿੱਖ ਕੇ, ਸਮਝ ਕੇ ਇਨ੍ਹਾਂ ਦਾ ਅਭਿਆਸ ਕਰਕੇ ਕੋਈ ਵੀ ਮਨੁੱਖ ਆਪਣੇ ਆਪ ਨੂੰ ਏਨਾ ਵਿਸਤ੍ਰਿਤ ਕਰ ਸਕਦਾ ਹੈ ਕਿ ਉਹ ਸਰਬ-ਵਿਆਪਕ ਹੋ ਸਕਦਾ ਹੈ, ਇਸੇ ਨੂੰ ਹੀ ਤਰੱਕੀ ਕਹਿੰਦੇ ਹਨ, ਵਿਕਾਸ ਕਹਿੰਦੇ ਹਨ। ਜੇ ਕੋਈ ਵੀ ਆਪਣਾ ਵਿਕਾਸ ਦੇਖਣਾ ਚਾਹੁੰਦਾ ਹੈ, ਉਸ ਨੂੰ ਆਪਣੇ ਅੰਦਰ ਇਹ ਤਿੰਨ ਗੁਣਾਂ ਦਾ ਵਿਕਾਸ ਦੇਖ ਲੈਣਾ ਚਾਹੀਦਾ ਹੈ। ਜੇ ਕਿਸੇ ਦੇ ਅੰਦਰ ਇਹ ਤਿੰਨ ਗੁਣ ਨਹੀਂ ਹਨ ਜੇਕਰ ਕੋਈ ਤੁਛ ਹੈ, ਨੀਚ ਹੈ ਜੇ ਉਸ ਨੇ ਆਪਣੀ ਚੇਤਨਾ ਦਾ ਵਿਸਤਾਰ ਨਹੀਂ ਕੀਤਾ, ਇਸ ਤੋਂ ਭਾਵ ਹੈ ਉਹ ਵਿਕਸਿਤ ਨਹੀਂ ਹੋਇਆ।

ਲੋਕ ਜਨਮ ਲੈਂਦੇ ਹਨ, ਜਿਹੜਾ ਜਨਮ ਲੈਂਦਾ ਹੈ ਉਹ ਮਰਦਾ ਵੀ ਹੈ, ਕਿਸੇ ਨੂੰ ਵੀ ਇਹ ਪਤਾ ਨਹੀਂ ਹੁੰਦਾ ਉਹ ਕਿੰਨੀ ਦੇਰ ਇੱਥੇ ਰਹੇਗਾ, ਅਸੀਂ ਸਾਰੇ ਹੀ ਏਥੇ ਮਹਿਮਾਨ ਹਾਂ, ਅਸੀਂ ਕਿਸੇ ਸਿਖਿਆ ਲਈ ਏਥੇ ਆਏ ਹਾਂ, ਪਰ ਅਸੀਂ ਮਾਲਕ ਬਣ ਬੈਠਦੇ ਹਾਂ, ਸਾਰੇ ਪਸਾਰੇ ਪਸਾਰ ਲੈਂਦੇ ਹਾਂ, ਇੰਦ੍ਰੀਆਂ ਦੇ ਭੋਗ ਭੋਗਣ ਲਗ ਪੈਂਦੇ ਹਾਂ, ਐਸ਼ ਅਰਾਮ ਵਿੱਚ ਪੈ ਜਾਂਦੇ ਹਾਂ, ਆਯੂ ਤੰਗ ਕਰਦੀ ਹੈ, ਮੌਤ ਦਾ ਭੈ ਸਤਾਉਂਦਾ ਹੈ ਫੇਰ ਇਹ ਰੋਂਦਾ ਹੈ, ਅੰਤ ਇਸਨੂੰ ਧੱਕਾ ਲਗਦਾ ਹੈ, ਪ੍ਰਮਾਤਮਾ ਕਹਿੰਦਾ ਹੈ, ਤੂੰ ਰਹਿਣ ਦੇ ਕਾਬਲ ਨਹੀਂ, ਚਲ ਐਥੋਂ, ਜਦੋਂ ਸਾਰੇ ਸੋਚ ਰਹੇ ਹੁੰਦੇ ਹਨ, ਕੀ ਹੋਵੇਗਾ ਮਨੁੱਖ ਖਤਮ ਹੋ ਜਾਂਦਾ ਹੈ। ਕੋਈ ਵੀ ਸੰਸਾਰ ਨੂੰ ਛੱਡਣਾ ਨਹੀਂ ਚਾਹੁੰਦਾ ਪਰ ਕੋਈ ਵੀ ਏਥੇ ਖੁਸ਼ ਨਹੀਂ, ਲੋਕ ਏਥੇ ਰਹਿਣ ਲਈ ਝਗੜਦੇ ਰਹਿੰਦੇ ਹਨ, ਜਦੋਂ ਕਿ ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਇਥੇ ਰਹਿੰਦਿਆਂ ਕਦੀ ਵੀ ਕੋਈ ਖੁਸ਼ ਨਹੀਂ ਰਿਹਾ। ਕੋਈ ਵੀ ਇਥੋਂ ਜਾਣਾ ਨਹੀਂ ਚਾਹੁੰਦਾ ਕਿਉਂਕਿ ਹਰੇਕ ਨੇ ਐਥੇ ਏਨੇ ਲਗਾਓ ਬਣਾ ਲਏ ਹਨ, ਪਰ ਕੋਈ ਸਵੈ ਚੇਤਨਤਾ ਨਹੀਂ ਬਣਾਈ, ਸਤਿ ਨੂੰ ਜਾਨਣ ਦਾ ਕੋਈ ਜਤਨ ਨਹੀਂ ਕੀਤਾ। ਸਾਰੇ ਜਾਣਦੇ ਹਨ ਕਿ ਸਰੀਰ ਨੇ ਬਦਲਣਾ ਹੈ, ਬੁੱਢਾ ਹੋਣਾ ਹੈ, ਪਰ ਕੋਈ ਏਸ ਨੂੰ ਮੰਨਣ ਨੂੰ ਤਿਆਰ ਹੀ ਨਹੀਂ, ਹਰ ਕੋਈ ਏਸੇ ਕੋਸ਼ਿਸ਼ ਵਿੱਚ ਹਨ ਕਿ ਇਸ ਸੰਸਾਰ ਤੋਂ ਜਾਣਾ ਨਾ ਪਵੇ, ਅੱਜ ਦੀ ਚਕਿਤਸਾ ਵੀ ਇਹੋ ਕਹਿੰਦੀ ਹੈ, ਡਾਕਟਰ ਵੀ ਅੰਤ ਤਕ ਇਸ ਬਿਮਾਰੀ ਨਾਲ ਲੜਾਈ ਹੀ ਕਰਦੇ ਹਨ ਜਦੋਂ ਕਿ ਉਹ ਭਲੀ ਪ੍ਰਕਾਰ ਜਾਣਦੇ ਹਨ ਕਿ ਹੁਣ ਕੁਝ ਨਹੀਂ ਹੋ ਸਕਦਾ। ਉਸ ਸਮੇਂ ਲੋੜ ਹੁੰਦੀ ਹੈ ਸ਼ਾਂਤੀ ਦੀ, ਮੰਨ ਸ਼ਾਂਤ ਕਰਕੇ ਇਥੋਂ ਵਿਦਾ ਹੋਣ ਦੀ। ਸਾਰੇ ਮਜ਼ਹਬਾਂ ਦੇ ਮੋਢੀ ਸਾਰੇ ਪ੍ਰਚਾਰਕ ਦਸਦੇ ਹਨ ਕਿ ਅਗਲਾ ਸੰਸਾਰ ਕਿੰਨਾ ਸੋਹਣਾ ਹੈ, ਪਰ ਮਰਨ ਵਾਲੇ ਨੂੰ ਇਸ ਵਿੱਚ ਕੋਈ ਅਨੰਦਤ ਨਹੀਂ ਹੁੰਦਾ, ਕੋਈ ਇਹ ਨਹੀਂ ਸੋਚਦਾ ਕਿ ਅਗਲਾ ਸੰਸਾਰ ਸੋਹਣਾ ਹੈ, ਮਨਮੋਹਕ ਹੈ।

ਜਿਹੜੇ ਏਥੇ ਮੁਕਤ ਨਹੀਂ ਹਨ ਉਹ ਅੱਗੇ ਕਿਸ ਤਰ੍ਹਾਂ ਮੁਕਤ ਹੋ ਸਕਦੇ ਹਨ। ਇਹ ਤਾਂ ਇੱਕ ਕਲਪਨਾ ਹੈ। ਜੇ ਮੈਂ ਇਹ ਸੋਚਾਂ ਕਿ ਮੈਂ ਇਸ ਕਮਰੇ ਵਿੱਚ ਰਹਿ ਕੇ ਮੁਕਤ ਨਹੀਂ ਹਾਂ, ਦੂਸਰੇ ਵਿੱਚ ਜਾ ਕੇ ਹੋ ਜਾਵਾਂਗਾ ਇਹ ਗਲਤ ਹੈ। ਦੂਸਰੇ ਕਮਰੇ ਵਿੱਚ ਮੈਨੂੰ ਕੌਣ ਮੁਕਤ ਕਰੇਗਾ? ਮੈਂ ਬੰਧਨ ਵਿਚ ਹਾਂ ਪਰ ਮੈਂ ਚਾਹੁੰਦਾ ਹਾਂ ਕਿ ਪ੍ਰਮਾਤਮਾ ਮੈਨੂੰ ਇਸ ਬੰਧਨ ਵਿਚੋਂ ਕੱਢੇ, ਪ੍ਰਮਾਤਮਾ ਮੇਰੇ ਬੰਧਨ ਲਈ ਜ਼ਿੰਮੇਵਾਰ ਨਹੀਂ ਹੈ, ਨਾ ਹੀ ਉਹ ਮੇਰੇ ਛੁਟਕਾਰੇ ਲਈ ਜ਼ਿੰਮੇਵਾਰ ਹੈ। ਹਰ ਮਨੁੱਖ ਆਪਣਾ ਬੰਧਨ ਬਣਾਉਂਦਾ ਹੈ ਉਸ ਤੋਂ ਛੁਟਣ ਦੀ ਜ਼ਿੰਮੇਵਾਰੀ ਵੀ ਉਸ ਦੀ ਆਪਣੀ ਹੀ ਹੈ। ਮਨੁੱਖ ਨੂੰ ਇਥੇ ਖੁਸ਼ ਰਹਿਣਾ ਸਿਖਣਾ ਹੋਵੇਗਾ, ਪਰ ਉਹ ਤਾਂ ਆਪਣੇ ਲਈ ਬਹੁਤ ਸਾਰੀਆਂ ਇਛਾਵਾਂ ਖੜ੍ਹੀਆਂ

ਕਰ ਲੈਂਦੇ ਹਨ, ਜਦੋਂ ਇਛਾਵਾਂ ਪੂਰੀਆਂ ਨਹੀਂ ਹੁੰਦੀਆਂ ਉਹ ਦੁਖੀ ਹੋ ਜਾਂਦੇ ਹਨ। ਖੁਸ਼ ਹੋਣ ਦਾ ਕਿੰਨਾ ਅਸੰਭਵ ਤਰੀਕਾ ਹੈ। ਲੋੜ ਹੈ ਆਪਣੇ ਅੰਦਰ ਦੇਖਣ ਦੀ, ਝਾਤੀ ਮਾਰਨ ਦੀ, ਆਪਣਾ ਨਰੀਖਣ ਕਰਨ ਦੀ, ਆਪਣੇ ਆਪ ਨੂੰ ਹਰ ਪੱਧਰ 'ਤੇ ਦੇਖਣ ਦੀ, ਦੇਖਣਾ ਹੈ ਇਛਾਵਾਂ ਕਿੱਥੇ-ਕਿੱਥੇ, ਕਿਸ-ਕਿਸ ਤਰ੍ਹਾਂ ਦੀਆਂ ਲੁਕੀਆਂ ਪਈਆਂ ਹਨ, ਇਹ ਸਾਰੀਆਂ ਪ੍ਰੇਰਨਾਵਾਂ ਕਿੱਥੇ ਦਬੀਆਂ ਪਈਆਂ ਹਨ।

ਸੋਚਣੀ, ਕਰਨੀ, ਕਥਨੀ ਦੇ ਪੱਧਰ ਤੇ ਖੁਸ਼ ਰਹਿਣਾ ਸਿਖਣਾ

ਮਨੁੱਖ ਸੁਤੰਤਰ ਉਦੋਂ ਹੀ ਹੋ ਸਕਦਾ ਹੈ ਜਦੋਂ ਉਹ ਆਪਣੇ ਆਪ ਨੂੰ ਤਿੰਨ ਪੱਧਰਾਂ ਤੇ ਅਨੁਸ਼ਾਸਨਬੱਧ ਕਰ ਲਵੇ। ਸਭ ਤੋਂ ਪਹਿਲੀ ਗੱਲ ਹੈ ਕਿ ਮਨੁੱਖ ਆਪਣੇ ਮਨ ਨੂੰ ਸਕਾਰਤਮਕ ਸੋਚ ਵਾਲੇ ਪਾਸੇ ਲਗਾਵੇ, ਨਕਾਰਤਾਮਕ ਪਾਸੇ ਜਾਣ ਹੀ ਨਾ ਦੇਵੇ। ਲੋਕ ਆਪਣਾ ਬਹੁਤ ਸਾਰਾ ਸਮਾਂ ਨਕਾਰਾਤਮਕ ਸੋਚ, ਅਭਿਵਿਅਕਤ, ਕਰਨੀ ਤੇ ਬੋਲ ਕੇ ਵਿਅਰਥ ਕਰਦੇ ਹਨ। ਇਹ ਕੋਈ ਲਾਭਕਾਰੀ ਨਹੀਂ ਹੁੰਦਾ। ਮਖੌਲ ਕਰਨਾ, ਸਿੱਖੋ, ਹਸਣਾ ਸਿਖੋ, ਜੇ ਤੁਹਾਡੇ ਕੋਲ ਮਜ਼ਾਕ ਨਹੀਂ, ਕਿਸੀ ਗੱਲ ਤੇ ਤੁਸੀਂ ਹਸ ਨਹੀਂ ਸਕਦੇ, ਫੇਰ ਇਹ ਸਮਝ ਲਵੋ ਕਿ ਤੁਸੀਂ ਸੰਸਾਰ ਵਿੱਚ ਬਹੁਤ ਕੁਝ ਤੋਂ ਵਾਂਝੇ ਰਹਿ ਰਹੇ ਹੋ, ਤੁਹਾਡੇ ਭਾਵੇਂ ਜੀਵਨ ਦਾ ਸਭ ਕੁਝ ਹੋਵੇ, ਤੁਹਾਡਾ ਬਹੁਤ ਹੀ ਸ਼ਾਹੀ ਰਹਿਣਾ ਸਹਿਣ ਰਹਿਣ ਦਾ ਸੁਚੱਜਾ ਢੰਗ ਹੋਵੇ ਪਰ ਜੇ ਹਾਸੇ ਤੋਂ ਹੀਣਾ ਹੈ ਤਾਂ ਉਹ ਜੀਵਨ ਦੀ ਸਭ ਤੋਂ ਅਮੋਲਕ ਵਸਤੂ ਤੋਂ ਖਾਲੀ ਹੈ, ਜੇ ਤੁਸੀਂ ਬਹੁਤ ਹੀ ਔਖੇ ਸਮੇਂ ਤੋਂ ਲੰਘ ਰਹੇ ਹੋ, ਤਾਂ ਵੀ ਤੁਸੀਂ ਆਪਣਾ ਮਖੌਲੀਆ ਸੁਭਾਅ ਕਾਇਮ ਰੱਖ ਸਕਦੇ ਹੋ। ਮਜ਼ਾਕ ਇੱਕ ਬਹੁਤ ਵੱਡਾ ਮਿਤਰ ਹੈ, ਬਿਨਾਂ ਮਜ਼ਾਕ ਦੇ ਤੁਸੀਂ ਇਕੱਲੇ ਹੋ

ਸੁਕਰਾਤ ਜੋ ਕਿ ਇੱਕ ਬਹੁਤ ਵੱਡਾ ਪੱਛਮੀ ਫਿਲੌਸਫਰ ਹੋਇਆ ਹੈ ਉਸ ਦੀ ਇਕ ਕਹਾਣੀ ਹੈ, ਉਹ ਇੱਕ ਦਿਨ ਸੋਚਾਂ ਵਿੱਚ ਡੁੱਬਿਆ ਬੈਠਾ ਸੀ ਉਸ ਦੀ ਪਤਨੀ ਉਸ ਨਾਲ ਗੱਲਬਾਤ ਕਰਨਾ ਚਾਹੁੰਦੀ ਸੀ। ਉਸ ਦੀ ਪਤਨੀ ਬੜੀ ਝਗੜਾਲੂ ਸੀ ਸਦਾ ਹੀ ਟੋਕਾ-ਟੋਕੀ ਕਰਨ ਵਾਲੀ ਸੀ, ਵਾਸਤਵ ਵਿੱਚ ਉਸ ਦਾ ਕੋਈ ਦੋਸ਼ ਵੀ ਨਹੀਂ ਕਿਹਾ ਜਾ ਸਕਦਾ, ਆਖਰਕਾਰ ਉਸ ਦਾ ਵਿਆਹ ਇੱਕ ਦਾਰਸ਼ਨਿਕ ਨਾਲ ਹੋਇਆ ਸੀ, ਉਹ ਉਸ ਦੇ ਮਨ ਦੀਆਂ ਤਰੰਗਾਂ ਨੂੰ ਮਨ ਦੀ ਮੌਜ ਨੂੰ ਨਹੀਂ ਸੀ ਪੂਰਾ ਕਰ ਸਕਦਾ। ਉਹ ਚਾਹੁੰਦੀ ਸੀ ਸ਼ੁਕਰਾਤ ਉਸ ਨੂੰ ਦੇਖੇ, ਉਸ ਦੀ ਪਰਵਾਹ ਕਰੇ। ਸੁਕਰਾਤ ਆਪਣੇ ਕੰਮ ਵਿੱਚ ਪੂਰੀ ਤਰ੍ਹਾਂ ਨਾਲ ਗੜੂੰਦ ਸੀ, ਉਸ ਦੀ ਪਤਨੀ ਨੇ ਪਾਣੀ ਦੀ ਬਾਲਟੀ ਲਿਆ ਕੇ ਉਸ ਦੇ ਉੱਤੇ ਪਾ ਦਿਤੀ। ਸੁਕਰਾਤ ਨੇ ਆਪਣੇ ਸ਼ਿਸ਼ ਵਲ ਦੇਖਿਆ ਤੇ ਕਿਹਾ ਮੈਂ ਤਾਂ ਸੁਣਿਆ ਸੀ, ਜੋ ਗਰਜਤੇ ਹੈਂ ਵੋ ਬਰਸਤੇ ਨਹੀਂ ਪਰ ਇਹ ਸੱਚ ਨਹੀਂ। ਸੁਕਰਾਤ ਨਾ ਗੁੱਸੇ ਹੋਇਆ ਨਾ ਉਸ ਨੇ ਆਪਣੀ ਆਵਾਜ਼ ਉੱਚੀ ਕੀਤੀ, ਉਸ ਨੇ ਕੁਝ ਕਿਹਾ ਹੀ ਨਹੀਂ। ਸੋ ਇਸ ਤਰ੍ਹਾਂ ਨਾਲ ਹੀ ਉਹ ਇਕੱਠੇ ਰਹਿ ਸਕੇ ਪਰ ਬਹੁਤ ਸਾਰੇ ਲੋਕਾਂ ਨਾਲ ਕੀ ਹੁੰਦਾ ਹੈ? ਜੇ ਇੱਕ ਭਾਵੁਕ ਹੋ ਜਾਵੇ ਗੁੱਸੇ ਵਿੱਚ ਆ ਜਾਵੇ, ਦੂਸਰਾ ਵੀ ਆਪਣਾ ਆਪ ਛੱਡ ਦਿੰਦਾ ਹੈ, ਆਪਣੀ ਮੁਸਕਰਾਹਟ ਛੱਡ ਦਿੰਦਾ ਹੈ ਪਹਿਲੇ ਤੋਂ ਵੱਧ ਗੁੱਸੇ ਵਿੱਚ ਆ ਜਾਂਦਾ ਹੈ। ਇਹ ਹੀ ਸਭ ਤੋਂ ਵੱਡੀ ਸਮੱਸਿਆ ਹੈ ਜਿਸ ਕਰਕੇ ਸੰਸਾਰਕ ਰਿਸ਼ਤੇ ਫਿੱਕੇ ਪੈ ਜਾਂਦੇ ਹਨ। ਇਕ ਮਨੁੱਖ ਦੂਸਰੇ ਦੀ ਨਕਾਰਾਤਮਕਤਾ ਨੂੰ ਉਸੇ ਤਰ੍ਹਾਂ ਹੀ ਜਵਾਬ ਦਿੰਦਾ ਹੈ, ਇਹ ਕਦੀ ਖਤਮ ਹੀ ਨਹੀਂ ਹੁੰਦਾ, ਅੱਜ ਦਾ ਮਨੁੱਖ ਹੱਸਣਾ, ਮੁਸਕਰਾਉਣਾ ਜਾਣਦਾ ਦੀ ਨਹੀ, ਫੇਰ ਉਹ ਜ਼ਬਰਦਸਤੀ ਹਸਣ ਦੀ ਕੋਸ਼ਿਸ਼ ਕਰਦਾ ਹੈ, ਉਹ ਇਸ ਤਰ੍ਹਾਂ ਲਗਦਾ ਹੈ ਜਿਵੇਂ ਉਸਨੂੰ ਆਪਣੀ ਗੱਲ੍ਹ ਤੇ ਚਪੇੜ ਮਾਰੀ ਹੋਵੇ ਕਿਉਂਕਿ ਹਾਸੇ ਉਸ ਦੇ ਅੰਦਰ ਹੈ ਹੀ ਨਹੀਂ, ਅੰਦਰੋਂ ਆਉਂਦਾ ਹੀ ਨਹੀਂ। ਨਕਾਰਤਮਕ ਸੋਚ ਹਾਸਾ ਮਖੌਲ ਖਤਮ ਕਰ ਦਿੰਦੀ ਹੈ, ਜਦੋਂ ਕਿ ਸਕਾਰਾਤਮਕ ਸੋਚ ਸਕਾਰਤਮਕ ਪ੍ਰਤੀਕਰਮ ਪੈਦਾ ਕਰਦੀ ਹੈ, ਹਾਸਾ ਮਜ਼ਾਕ ਲਿਆਉਂਦੀ ਹੈ, ਅਨੰਦ ਪੈਦਾ ਕਰਦੀ ਹੈ, ਸੋ ਸਿਖਣ ਵਾਲੀ ਗੱਲ ਹੈ ਕਿ ਤੁਹਾਨੂੰ ਹਰ ਸਮੇਂ ਸਕਾਰਾਤਮਕ ਹੀ ਸੋਚਣਾ ਚਾਹੀਦਾ ਹੈ, ਸਕਾਰਾਤਮਕ ਹੀ ਰਹਿਣਾ ਚਾਹੀਦਾ ਹੈ।

ਸਕਾਰਾਤਮਕ ਹੋਣ ਦੇ ਕੀ ਚਿੰਨ ਹਨ? ਕਰਮ ਕਰਨਾ, ਕੋਈ ਵੀ ਸੋਚ ਵਿਚਾਰ, ਇਸ ਦੀ ਕੋਈ ਕੀਮਤ ਨਹੀਂ, ਇਸ ਦਾ ਕੋਈ ਮੁੱਲ ਨਹੀਂ ਜੇਕਰ ਉਸ ਸੋਚ ਨੂੰ ਤੁਸੀਂ ਕਰਮ ਵਿੱਚ, ਕਥਨੀ ਵਿੱਚ ਨਹੀਂ ਬਦਲਦੇ। ਹਰ ਕਰਮ, ਕਰਮ ਤੋਂ ਪਹਿਲਾਂ ਸੋਚ ਹੁੰਦੀ ਹੈ ਇਕ ਵਿਚਾਰ ਹੁੰਦਾ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਕਿਸੇ ਵੀ ਵਿਚਾਰ ਨੂੰ ਕਰਮ ਵਿਚ ਬਦਲਣ ਤੋਂ ਪਹਿਲਾਂ ਸੋਚ ਵਿਚਾਰ ਲੈਣਾ ਚਾਹੀਦਾ ਹੈ। ਆਪਣੇ ਆਪ ਨੂੰ ਪੁੱਛ ਲੈਣਾ ਚਾਹੀਦਾ ਹੈ, ਕੀ ਮੈਂ ਇਹ ਠੀਕ ਕਰ ਰਿਹਾ ਹਾਂ? ਇਸ ਦਾ ਦੂਸਰਿਆਂ ਨੂੰ ਕੀ ਲਾਭ ਹੋਵੇਗਾ? ਸਭ ਤੋਂ ਉਤਮ ਵਿਚਾਰ ਉਹ ਹੀ ਹੁੰਦਾ ਹੈ ਜਿਹੜਾ ਦੂਸਰਿਆਂ ਲਈ ਲਾਭਕਾਰੀ ਹੋਵੇ, ਜਿਸ ਵਿੱਚ ਆਪਣਾ ਕੋਈ ਫਾਇਦਾ ਨਾ ਹੋਵੇ, ਵਾਸਤਵ ਵਿੱਚ ਆਪਾ ਹੋਵੇ ਹੀ ਨਾ। ਸਕਾਰਾਤਮਕ ਤੋਂ ਭਾਵ ਹੈ ਸਕਾਰਾਤਮਕ ਵਿਚਾਰ ਕਰਮ ਵਿੱਚ ਬਦਲਣਾ ਚਾਹੁੰਦਾ ਹੈ ਤੇ ਤੁਸੀਂ ਫੈਸਲਾ ਕਰਦੇ ਹੋ, ਮੈਂ ਕਰਾਂਗਾ, ਮੈਂ ਕਰ ਸਕਦਾ ਹਾਂ, ਮੈਂ ਕਰਨ ਜਾ ਰਿਹਾ ਹਾਂ। ਜਦੋਂ ਕੋਈ ਹੌਲੀ-ਹੌਲੀ ਇਹੋ ਜਿਹਾ ਦ੍ਰਿੜ੍ਹ ਵਿਸ਼ਵਾਸ਼ ਪੈਦਾ ਕਰ ਲੈਂਦਾ ਹੈ ਫੇਰ ਉਸ ਅਨੁਸਾਰ ਕਰਮ ਕਰਦਾ ਹੈ ਤਾਂ ਉਸ ਨੂੰ ਸਵੈ ਦ੍ਰਿੜ੍ਹਤਾ, ਸੰਕਲਪ ਦੀ ਸ਼ਕਤੀ ਆ ਜਾਂਦੀ ਹੈ। ਜੇ ਕੋਈ ਵੀ ਆਪਣੇ ਨਿਸ਼ਚੇ ਵਿੱਚ ਦ੍ਰਿੜ੍ਹਤਾ ਵਿੱਚ ਸਕਾਰਾਤਮਕ ਹੈ ਇਸ ਤੋਂ ਭਾਵ ਹੈ ਕਿ ਉਸ ਨੇ ਬਹੁਤ ਕੁਝ ਪ੍ਰਾਪਤ ਕਰ ਲਿਆ ਹੈ।

ਸੰਸਾਰ ਦੀਆਂ ਸਾਰੀਆਂ ਧਾਰਮਿਕ ਪੁਸਤਕਾਂ, ਸਾਰੀਆਂ ਬਾਈਬਲਾਂ ਦਾ ਇੱਕੋ ਹੀ ਨਿਚੋੜ ਹੈ, ਸਕਾਰਾਤਮਕ ਸੋਚਣੀ, ਸਕਾਰਾਤਮਕ ਸੱਚ ਕਰਮ, ਕੰਮ, ਸਕਾਰਾਤਮਕ ਕਥਨੀ, ਮਨ, ਕਰਮ, ਕਥਨੀ ਤੇ ਪੂਰਾ-ਪੂਰਾ ਕਾਬੂ, ਸੋਚਣੀ, ਕਰਨੀ, ਕਥਨੀ ਤੇ ਪੂਰਾ ਅਨੁਸ਼ਾਸ਼ਨ। ਮੂਲ ਰੂਪ ਵਿੱਚ ਦੇਖਿਆ ਜਾਵੇ ਤਾਂ ਸਾਰੇ ਮਜ਼ਹਬਾਂ ਦੇ ਪਿਛੇ, ਆਤਮਕ ਸੱਚ ਇੱਕੋ ਹਨ, ਅਧਿਆਤਮਕ ਸਚਾਈ ਇਕ ਹੀ ਹੈ, ਕੋਈ ਕਿਸੇ ਕਿਸਮ ਦਾ ਅੰਤਰ ਹੈ ਹੀ ਨਹੀਂ, ਹਾਂ ਇਹ ਜ਼ਰੂਰ ਹੈ ਕਿ ਇਹ ਵੱਖ-ਵੱਖ ਸਮੇਂ ਤੇ ਕਹੇ ਗਏ ਹਨ, ਵੱਖ-ਵੱਖ ਜਲਵਾਯੂ ਵਿੱਚ ਕਹੀ ਗਈ ਹੈ। ਰਸਮੋ ਵਿਚ, ਕਰਮਕਾਂਡਾਂ, ਤੌਰ ਤਰੀਕੇ ਇਹ ਸਭ ਦੇਸ਼ ਦੀ ਜਲਵਾਯੂ ਦੇ ਅਨੁਸਾਰ ਹੀ ਬਣਦੇ ਹਨ, ਦੇਸ਼ ਦੇ ਵਾਤਾਵਰਣ ਅਨੁਸਾਰ ਹੀ ਬਣਦੇ ਹਨ। ਸਾਰੇ ਮਜ਼ਹਬਾਂ ਵਿਚ ਇਹ ਬਹੁਤ ਪ੍ਰਭਾਵੀ ਬਹੁਤ ਪ੍ਰਬਲ ਹੋ ਜਾਂਦੇ ਹਨ ਤੇ ਸਚਾਈ ਜਟਿਲ ਹੋ ਜਾਂਦੀ ਹੈ, ਸਚਾਈ ਲੁਕ ਜਾਂਦੀ ਹੈ। ਹਰੇਕ ਦੀਆਂ ਆਪਣੇ ਪਰਿਵਾਰ ਪ੍ਰਤੀ ਕਈ ਡੀਊਟੀਆਂ ਹਨ, ਸਮਾਜ ਪ੍ਰਤੀ ਕਈ ਫਰਜ਼ ਹਨ, ਦੇਸ਼ ਪ੍ਰਤੀ ਡੀਊਟੀਆਂ ਹਨ। ਅੰਤ ਵਿੱਚ ਸਾਰੀ ਮਾਨਵਤਾ ਪ੍ਰਤੀ ਡੀਊਟੀਆਂ

ਹਨ। ਨਾਲ ਹੀ ਆਪਣੇ ਆਪ ਨੂੰ ਜਾਗ੍ਰਤ ਕਰਨ ਦੀ ਡੀਊਟੀ ਵੀ ਹੈ। ਹਰੇਕ ਨੂੰ ਇਹ ਡੀਊਟੀਆਂ ਕਰਦਿਆਂ ਸੰਸਾਰ ਵਿੱਚ ਰਹਿੰਦਿਆਂ ਆਪਣੇ ਆਪ ਨੂੰ ਸੋਧਣਾ ਚਾਹੀਦਾ ਹੈ, ਠੀਕ ਤਰ੍ਹਾਂ ਰਹਿੰਦਿਆਂ, ਸੰਸਾਰ ਵਿੱਚ ਰਹਿੰਦਿਆਂ ਨਿਰਲੇਪ ਰਹਿਣਾ ਚਾਹੀਦਾ ਹੈ।

ਇਕ ਗੱਲ ਚੰਗੀ ਤਰ੍ਹਾਂ ਨਾਲ ਸਮਝ ਲੈਣੀ ਚਾਹੀਦੀ ਹੈ। ਨਾ ਕਿਸੇ ਨੂੰ ਵਿਆਕੁਲ ਕਰੋ, ਅਸ਼ਾਂਤ ਕਰੋ, ਨਾ ਵਿਆਕੁਲ ਹੋਵੋ, ਨਾ ਆਪਣੇ ਆਪ ਅਸ਼ਾਂਤ ਹੋਵੋ। ਦੁਖੀ ਹੋ ਕੇ ਅਸ਼ਾਂਤ ਹੋ ਕੇ ਇਹ ਕਹਿਣਾ, ਫੇਰ ਕੀ ਹੈ, ਜੇ ਮੈਂ ਦੁਖੀ ਹਾਂ, ਮੈਂ ਕਿਸੇ ਨੂੰ ਤਾਂ ਕੁਛ ਨਹੀਂ ਕਹਿ ਰਿਹਾ, ਮੈਂ ਬਿਮਾਰ ਹਾਂ ਮੈਂ ਕਿਸੇ ਨੂੰ ਤਾਂ ਦੁਖੀ ਨਹੀਂ ਕਰ ਰਿਹਾ। ਦੂਸਰੇ ਕਿਉਂ ਮੇਰੇ ਲਈ ਚਿੰਤਾਤੁਰ ਹਨ। ਇਹ ਸਭ ਕੁਝ ਕਹਿਣ ਵਿੱਚ ਉਹ ਗਲਤ ਹੈ। ਜਦੋਂ ਉਹ ਦੁਖੀ ਹੈ ਉਹ ਦੂਸਰਿਆਂ ਨੂੰ ਆਪਣੀਆਂ ਦੁਖੀ ਭਾਵਨਾ ਦੇ ਰਿਹਾ ਹੈ। ਜੇ ਤੁਸੀਂ ਠੰਡੇ ਪਾਣੀ ਦਾ ਜਗ ਇਕ ਉਬਲਦੇ ਪਾਣੀ ਦੇ ਜੱਗ ਦੇ ਨਾਲ ਰੱਖ ਦਿਓਗੇ, ਠੰਡੇ ਪਾਣੀ ਦਾ ਜਗ ਗਰਮ ਹੋਣਾ ਸ਼ੁਰੂ ਹੋ ਜਾਵੇਗਾ, ਇਸੇ ਨੂੰ ਸਹਿਚਾਰਤਾ ਦਾ ਨਿਯਮ ਕਹਿੰਦੇ ਹਨ, ਸਾਨੂੰ ਸਾਰਿਆਂ ਨੂੰ ਹੀ ਇਸ ਦਾ ਪ੍ਰਭਾਵ ਪੈਂਦਾ ਹੈ, ਜੇ ਕੋਈ ਬਹੁਤ ਤਕਲੀਫ ਵਿੱਚ ਹੈ, ਦੁੱਖ ਵਿੱਚ ਹੈ, ਤੁਸੀਂ ਵੀ ਉਸੇ ਤਰ੍ਹਾਂ ਮਹਿਸੂਸ ਕਰਨ ਲਗ ਪੈਂਦੇ ਹੋ। ਬਹੁਤ ਵਾਰੀ ਲੋਕ ਰੋਂਦੇ ਨਹੀਂ ਕਿਉਂਕਿ ਉਹ ਦੁਖੀ ਹਨ, ਬਹੁਤ ਵਾਰੀ ਉਹ ਤਾਂ ਰੋਂਦੇ ਹਨ ਜਦੋਂ ਦੂਸਰੇ ਦੁਖੀ ਹੁੰਦੇ ਹਨ, ਸਹਿਚਾਰਤਾ ਦਾ ਨਿਯਮ ਭਾਵ ਦੂਸਰੇ ਨਾਲ ਜੁੜ ਜਾਣਾ ਤੇ ਆਪਣੇ ਆਪ ਨੂੰ ਦੂਸਰੇ ਨਾਲ ਸਮਰੂਪ ਕਰਕੇ ਹੀ ਪ੍ਰਭਾਵਿਤ ਹੋ ਜਾਂਦੇ ਹੋ, ਆਪਣਾ ਆਪ ਭੁੱਲ ਜਾਂਦੇ ਹੋ, ਪਰ ਨਕਾਰਤਮਕ ਲੋਕਾਂ ਤੋਂ ਪ੍ਰਭਾਵਿਤ ਹੋਣਾ ਤੁਸੀਂ ਸਿਖ ਸਕਦੇ ਹੋ, ਤੁਹਾਨੂੰ ਜੀਉਣ ਦੀ ਕਲਾ ਆਉਣੀ ਚਾਹੀਦੀ ਹੈ ਤਾਂ ਜੋ ਤੁਹਾਡਾ ਸੰਤੁਲਨ ਨਾ ਖਰਾਬ ਹੋਵੇ, ਅਸੀਂ ਵਿਪਰੀਤ ਤੇ ਅਣਸੁਖਾਵੇ ਹਾਲਾਤ ਵਿੱਚ ਵੀ ਆਪਣਾ ਸੰਤੁਲਨ ਰੱਖ ਸਕੀਏ, ਸਕਾਰਾਤਮਕ ਕਰਮ ਕਰਦਿਆਂ, ਸਾਨੂੰ ਆਪਣੇ ਆਪ ਨੂੰ ਕੇਵਲ ਚੰਗਾ ਹੀ ਨਹੀਂ ਲਗਦਾ, ਸਕਾਰਾਤਮਕ ਕਰਮ ਕਿਸੇ ਲਈ ਹਾਨੀਕਾਰਕ ਨਹੀਂ ਹੁੰਦੇ, ਸੱਚ ਦੇ ਰਾਹ ਤੇ ਚੱਲ ਕੇ ਆਤਮ ਵਿਸ਼ਵਾਸ਼ ਮਿਲਦਾ ਹੈ, ਅੰਦਰ ਸ਼ਕਤੀ ਆਉਂਦੀ ਹੈ ਤਾਂ ਜੋ ਚਾਨਣ ਮਿਲੇ, ਸੰਸਾਰ ਵਿੱਚ ਖੁਸੀ ਵਰਤੇ। ਸਾਰੇ ਸਾਰੇ ਕੰਮ ਸਾਰੇ ਕਰਮ ਖਾਣ ਲਈ, ਆਰਾਮ ਲਈ ਸੋਣ ਲਈ, ਕਾਮ ਪੂਰਤੀ ਲਈ ਹਨ, ਸਵੈ ਸੰਭਾਲ ਲਈ ਹੀ ਹਨ, ਜੋ ਕਾਰਜ, ਜੋ ਕਰਮ ਇਨ੍ਹਾਂ ਤਿੰਨਾਂ ਤੋਂ ਪਰ੍ਹੇ ਹੋ ਕੇ ਇਨ੍ਹਾਂ ਤੋਂ ਹਟ ਕੇ ਕੀਤਾ ਜਾਂਦਾ ਹੈ ਉਹ ਹੀ ਨਿਰਸੁਆਰਥ ਹੈ, ਨਿਸ਼ਕਾਮ ਹੈ, ਇਹ ਬਹੁਤ ਹੀ ਸਹਾਇਕ ਹੁੰਦੇ ਹਨ। ਸਾਨੂੰ ਕਰਮ ਕਰਨ ਦਾ ਨਿਯਮ ਪਤਾ ਹੋਣਾ ਚਾਹੀਦਾ ਹੈ, ਇਹ ਪਤਾ ਹੋਣਾ ਚਾਹੀਦਾ ਹੈ ਕੀ ਠੀਕ ਹੈ ਸਾਡੇ ਲਈ, ਕੀ ਠੀਕ ਹੈ ਦੂਸਰਿਆਂ ਲਈ।

ਜਿਹੜੀਆਂ ਡੀਊਟੀਆਂ ਰੋਜ਼ ਕੀਤੀਆਂ ਜਾਂਦੀਆਂ ਹਨ, ਉਹ ਅਤਿ ਅਵੱਸ਼ਕ ਹਨ, ਡੀਊਟੀਆਂ ਕਰਨ ਤੋਂ ਬਿਨਾਂ ਕੋਈ ਵੀ ਰਹਿ ਹੀ ਨਹੀਂ ਸਕਦਾ। ਡੀਊਟੀ ਕਰਦਿਆਂ ਵੀ, ਪੂਰੀ ਤਰ੍ਹਾਂ ਡੀਊਟੀ ਕਰਦਿਆਂ ਪੂਰੀ ਸਮਰਥਾ ਨਾਲ ਕਰਦਿਆਂ ਵੀ ਜੇ ਤੁਸੀਂ ਨਿਰਲੇਪ ਹੋ ਕੇ ਡੀਊਟੀ ਨਹੀਂ ਕਰ ਰਹੇ ਤਾਂ ਤੁਸੀਂ ਡੀਊਟੀ ਦੇ ਗੁਲਾਮ ਬਣ ਜਾਂਦੇ ਹੋ। ਕਰਮ ਮਾਰਗ ਵਾਸਤਵ ਵਿੱਚ ਸੁਤੰਤਰ ਕਰਦਾ ਹੈ, ਕਿਹਾ ਜਾਂਦਾ ਹੈ ਕਰਮ ਕਰਕੇ ਇਥੇ ਹੀ ਮੁਕਤ ਹੋ ਜਾਈਦਾ ਹੈ, ਭਾਵੇਂ ਪ੍ਰਮਾਤਮਾ ਵਿੱਚ ਵਿਸ਼ਵਾਸ਼ ਹੋਵੇ ਚਾਹੇ ਨਾ ਹੋਵੇ। ਲੋਕ ਕਰਮ ਕਰ ਰਹੇ ਹਨ, ਕਿਉਂਕਿ ਕਰਮ ਕੀਤੇ ਬਿਨਾਂ ਜੀਵਿਆ ਹੀ ਨਹੀਂ ਜਾ ਸਕਦਾ, ਕੁਛ ਨਾ ਕੁਛ ਤਾਂ ਕਰਨਾ ਹੀ ਪੈਂਦਾ ਹੈ, ਮਨੁੱਖ ਕਰਦਾ ਹੀ ਹੈ ਜਦੋਂ ਕਰਮ ਕਰਦਾ ਹੈ ਤਾਂ ਫਲ ਵੀ ਮਿਲਦਾ ਹੈ, ਉਹ ਫਲ ਫੇਰ ਹੋਰ ਕਰਮ ਕਰਨ ਲਈ ਪ੍ਰੇਰਦਾ ਹੈ, ਇਸੇ ਤਰ੍ਹਾਂ ਹੀ ਇਹ ਚੱਕਰ ਬਣ ਜਾਂਦਾ ਹੈ। ਇਸ ਬੰਧਨ ਤੋਂ ਛੁਟਕਾਰਾ ਹੈ ਜ਼ਰੂਰ - ਉਹ ਹੈ ਜੁਗਤੀ ਨਾਲ ਕਰਮ ਕਰਨੇ। ਜੁਗਤੀ ਨਾਲ ਕਰਮ ਕਰਦਿਆਂ ਜੇ ਫਲ ਸਮਰਪਣ ਕਰਦੇ ਰਹੋ ਤਾਂ ਤੁਸੀਂ ਮੁਕਤ ਰਹਿੰਦੇ ਹੋ। ਬੰਧਨ ਫਲ ਹੈ, ਜੇ ਕਰਮ ਦੂਸਰਿਆਂ ਲਈ ਕੀਤੇ ਜਾਣ, ਉਹ ਤਾਂ ਬਹੁਤ ਉੱਚਾ ਹੋ ਜਾਂਦਾ ਹੈ, ਮੁਕਤ ਹੋ ਜਾਂਦਾ ਹੈ, ਉਹ ਤਾਂ ਸੂਰਜ ਦੀ ਤਰ੍ਹਾਂ ਹੋ ਜਾਂਦਾ ਹੈ। ਕਦੀ ਕਿਸੇ ਨੇ ਸੂਰਜ ਨੂੰ ਚੀਖਦੇ ਸੁਣਿਆ, ਮੈਂ ਤਾਂ ਸਾਰਿਆਂ ਨੂੰ ਚਾਨਣ ਦੇ ਰਿਹਾ ਹਾਂ, ਸਭ ਤੋਂ ਰੋਸ਼ਨ ਕਰ ਰਿਹਾ ਹਾਂ। ਤੁਸੀਂ ਮੇਰੀ ਸਿਫਤ ਕਰੋ, ਮੇਰਾ ਗੁਣ ਗਾਣ ਕਰੋ, ਸੂਰਜ ਤਾਂ ਦੂਰ ਹੈ, ਉਪਰ ਹੈ, ਸੰਸਾਰ ਵਿੱਚ ਰਹਿਣ ਲਈ ਸੂਰਜ ਤੋਂ ਸਿਖਿਆ ਲਵੋ, ਸੂਰਜ ਜਿਹੜਾ ਚਮਕਦਾ ਹੈ, ਰੋਸ਼ਨ ਕਰਦਾ ਹੈ, ਆਪਣੇ ਲਈ ਪਰ ਸਭ ਤੋਂ ਉੱਤੇ ਹੈ, ਉਪਰ ਹੈ, ਇਸ ਤਰ੍ਹਾਂ ਹੀ ਸੰਸਾਰ ਵਿੱਚ ਰਹਿਣਾ ਚਾਹੀਦਾ ਹੈ, ਕਮਲ ਫੁੱਲ ਦੀ ਤਰ੍ਹਾਂ ਰਹੋ, ਕਮਲ ਪਾਣੀ ਵਿੱਚ ਹੁੰਦੇ ਵੀ ਪਾਣੀ ਤੋਂ ਉੱਤੇ ਹੀ ਹੁੰਦਾ ਹੈ।

ਕਰਮ ਮਾਰਗ ਤੇ ਚੱਲ ਕੇ ਇਕ ਸੌ ਸਾਲ ਜੀਣ ਦੀ ਆਸ ਰੱਖਣੀ ਚਾਹੀਦੀ ਹੈ। ਸ਼ਰਤ ਇੱਕ ਹੈ ਇਹ ਕੇਵਲ ਕਰਮ ਕਰਨ ਲਈ, ਆਪਣੀ ਡੀਊਟੀ ਕਰਨ ਲਈ। ਜਿਹੜਾ ਕੋਈ ਜੀਵਨ ਦੀ ਮੌਜ ਲੈਣ ਲਈ ਜੀਣਾ ਚਾਹੁੰਦਾ ਹੈ, ਡੀਊਟੀ ਨਹੀਂ ਕਰਨਾ ਚਾਹੁੰਦਾ ਉਹ ਤਾਂ ਮੋਹ ਦੇ ਬੰਧਨ ਵਿੱਚ ਹੀ ਫਸਦਾ ਹੈ। ਬਹੁਤ ਵਾਰੀ ਤਾਂ ਸਿਆਣੇ ਵੀ ਉਲਝ ਜਾਂਦੇ ਹਨ ਪਰੇਸ਼ਾਨ ਹੋ ਜਾਂਦੇ ਹਨ, ਉਹ ਇਹ ਸਮਝਣ ਦੇ ਅਸਮਰਥ ਹੋ ਜਾਂਦੇ ਹਨ ਕਿ ਕੀ ਠੀਕ ਹੈ, ਕੀ ਗਲਤ ਹੈ? ਪਰ ਜੇ ਕੋਈ ਡੀਊਟੀ ਕਰਦਿਆਂ ਗਲਤੀ ਕਰਦਾ ਵੀ ਹੈ, ਡੀਊਟੀ ਜੁਗਤੀ ਨਾਲ ਕਰਦਾ ਹੈ, ਨਿਰਲੇਪ ਹੋ ਕੇ ਕਰਦਾ ਹੈ, ਪਿਆਰ ਨਾਲ ਕਰਦਾ ਹੈ ਉਹ ਛੇਤੀ ਹੀ ਆਪਣੀ ਗਲਤੀ ਸੁਧਾਰ ਲੈਂਦਾ ਹੈ, ਉਹ ਸਤਿ ਦੀ ਖੋਜ ਕਰਦਾ ਹੈ। ਕਰਮ ਯੋਗ ਦੀ ਫਿਲੌਸਫੀ ਵਿੱਚ ਕਰਮਾਂ ਦਾ ਕੰਮ ਕਰਨ ਦਾ ਤਿਆਗ ਨਹੀਂ ਹੁੰਦਾ, ਤਿਆਗ ਕੀਤਾ ਜਾਂਦਾ ਹੈ, ਕੀਤੇ ਕਰਮਾਂ ਦਾ ਫਲ ਸਮਰਪਣ ਕੀਤਾ ਜਾਂਦਾ ਹੈ। ਇਸ ਕਰਕੇ ਕਰਮ ਕਰਦੇ ਰਹਿਣਾ ਚਾਹੀਦਾ ਹੈ, ਵਾਸਤਵ ਵਿੱਚ ਕਰਮ ਆਖਰੀ ਦਮ ਤਕ ਕਰਦੇ ਰਹਿਣਾ ਚਾਹੀਦਾ ਹੈ।

ਪਿਆਰ ਤੋਂ ਰਹਿਤ ਕੀਤੇ ਕਰਮ ਬੰਧਨ ਹਨ, ਪਿਆਰ ਨਾਲ ਕੀਤੇ ਕਰਮ ਮੁਕਤੀ ਹੈ। ਕਰਮ ਬੰਧਨ ਤੋਂ ਛੁਟਕਾਰਾ ਪਾਉਣ ਦਾ ਤਰੀਕਾ ਗੀਤਾ ਦੇ ਅਠਾਰ੍ਹਵੇਂ ਅਧਿਆਇ ਵਿੱਚ ਵਿਸਤਾਰ ਨਾਲ ਦੱਸਿਆ ਗਿਆ ਹੈ ਜਦੋਂ ਕ੍ਰਿਸ਼ਨ ਜੀ ਅਰਜਨ ਨੂੰ ਕਹਿੰਦੇ ਹਨ, ਹੇ ਅਰਜਨ! ਸਾਰੀਆਂ ਡੀਊਟੀਆਂ ਛੱਡ ਦੇ। ਤੂੰ ਕੇਵਲ ਮੇਰੇ ਅੰਦਰ ਸ਼ਰਨ ਲੈ, ਮੈਂ ਤੇਰਾ ਸਾਰੇ ਪਾਪਾਂ ਤੋਂ ਛੁਟਕਾਰਾ ਕਰਾ ਦਿਆਂਗਾ। ਜਦੋਂ ਮਨੁੱਖ ਆਪਣੇ ਪਰਿਵਾਰ ਲਈ, ਡੀਊਟੀ ਕਰਨੀ ਸਿੱਖ ਲੈਂਦਾ ਹੈ, ਫੇਰ ਆਪਣੇ ਗੁਆਂਢ ਲਈ, ਫੇਰ ਆਪਣੀ ਕੌਮ ਲਈ, ਦੇਸ਼ ਲਈ, ਰਾਸ਼ਟਰ ਲਈ; ਅੰਤ ਵਿੱਚ ਕੇਵਲ ਮਾਨਵਤਾ ਲਈ, ਇਸ ਤਰ੍ਹਾਂ ਕਰਕੇ ਉਹ ਬੰਧਨ ਤੋਂ ਮੁਕਤ ਹੋ ਜਾਂਦਾ ਹੈ।

♠♠♠♠♠

# ਸਿਹਤ ਰੱਖਿਆ ਗਿਆਨ

***ਵੈਦ ਮੇਘ ਨਾਥ ਸਿੱਧ (ਫਫੜੇ ਭਾਈਕੇ ਵਾਲੇ)***
***ਆਯੁਰਵੇਦ ਭੀਸ਼ਗ ਆਚਾਰੀਯ।***
***ਮੁੱਖ ਸੇਵਾਦਾਰ - ਸੰਤ ਗੋਬਿੰਦ ਦਾਸ, ਆਯੁਰਵੇਦ ਸੇਵਾ ਸੰਸਥਾ, ਧੂਰੀ।***
***ਮੋਬਾਈਲ ਨੰ. 98156-07803***

## ਸਵਾਈਨ ਫਲੂ ਜਾਨ ਲੇਵਾ ਨਹੀ

ਗਲਤ ਦਵਾਈਆਂ ਦੀ ਵਰਤੋਂ ਨਾਲ ਵਧੇਰੇ ਮੌਤਾਂ ਹੁੰਦੀਆਂ ਹਨ। ਇਹ ਭਾਵੇਂ ਛੂਤ ਦਾ ਰੋਗ ਹੈ ਪਰ ਕੋਈ ਨਵਾਂ ਰੋਗ ਨਹੀਂ ਪੁਰਾਤਨ ਸਮੇਂ ਤੋਂ ਹੀ ਹੈ। ਇਸਦੇ ਲੱਛਣ ਆਮ ਜੁਕਾਮ ਵਾਲੇ ਹਨ ਪਰ ਕਦੇ ਵੀ ਕਿਸੇ ਬਿਮਾਰੀ ਨੂੰ ਛੋਟੀ ਨਾ ਸਮਝੋ। ਸਿਆਣਿਆਂ ਦਾ ਕਹਿਣਾ ਹੈ ਕਿ ਬਿਮਾਰੀ, ਦੁਸ਼ਮਣ, ਕਰਜ਼ਾ, ਅੱਗ ਇਨ੍ਹਾਂ ਨੂੰ ਕਦੀ ਘੱਟ ਨਾ ਸਮਝੋ। ਇਨ੍ਹਾਂ ਵਲ ਬਹੁਤ ਛੇਤੀ ਧਿਆਨ ਦੇਣਾ ਚਾਹੀਦਾ ਹੈ। ਕਦੇ ਵੀ ਕਿਸੇ ਚੰਗੇ ਯੋਗ ਵੈਦ, ਡਾਕਟਰ ਦੀ ਸਲਾਹ ਬਿਨਾਂ ਕੋਈ ਵੀ ਦਵਾਈ ਬੇਸਮਝੀ ਨਾਲ ਖਾਣੀ ਜ਼ਹਿਰ ਖਾਣ, ਹਥਿਆਰ ਚਲਾਉਣ, ਅੱਗ ਲਗਾ ਦੇਣ ਜੈਸੀ ਖਤਰਨਾਕ ਹੈ। ਹਰ ਬਿਮਾਰੀ ਦੇ ਇਲਾਜ ਲਈ ਚਾਰ ਗੱਲਾਂ ਦਾ ਧਿਆਨ ਜ਼ਰੂਰੀ ਹੈ।

* ਰੋਗ ਦਾ ਕਾਰਣ।
* ਰੋਗ ਦੇ ਲੱਛਣ।
* ਰੋਗ ਦਾ ਇਲਾਜ।
* ਪਰਹੇਜ਼।

ਸਵਾਈਨ ਫਲੂ ਭਾਵੇਂ ਛੂਤ ਦਾ ਰੋਗ ਹੈ ਪਰ ਛੂਤ ਦਾ ਰੋਗ ਹਰ ਇੱਕ ਵਿਅਕਤੀ ਨੂੰ ਨਹੀਂ ਹੁੰਦਾ ਹੈ। ਜਿਸਦੇ ਅੰਦਰ ਪ੍ਰਦੂਸ਼ਣ ਹੈ ਉਸਨੂੰ ਹੀ ਬਾਹਰ ਵਾਲਾ ਪ੍ਰਦੂਸ਼ਣ ਛੇਤੀ ਅਸਰ ਕਰਦਾ ਹੈ ਕਿਉਂਕਿ ਮੌਜੂਦਾ ਸਮੇਂ ਵਿਚ ਅੰਨ, ਪਾਣੀ, ਹਵਾ, ਧਰਤੀ, ਆਕਾਸ ਸਭ ਪ੍ਰਦੂਸ਼ਣ ਗ੍ਰਸ਼ਤ ਹਨ।

ਜ਼ਿਆਦਾ ਖਾਣਾ, ਨਿੱਗਰ, ਖੱਟੀਆਂ ਤਲੀਆਂ ਚੀਜ਼ਾਂ ਜ਼ਿਆਦਾ ਖਾਣੀਆਂ ਜਾਂ ਬਗੈਰ ਭੁੱਖ ਤੋਂ ਖਾਣਾ ਜਾਂ ਘੱਟ ਭੁੱਖ ਵਿੱਚ ਹੀ ਖਾ ਲੈਣਾ। ਫੇਰ ਇੱਕੋ ਆਸਣ ਬੈਠੇ ਰਹਿਣਾ, ਵਿੰਗਾ-ਟੇਡਾ ਬੈਠਣਾ ਇਹ ਮਿੱਥਿਆ ਆਹਾਰ ਹੈ। ਸਰੀਰ ਦੀ ਤਾਕਤ ਤੋਂ ਜ਼ਿਆਦਾ ਕੰਮ ਕਰਨਾ ਮਿੱਥਿਆ ਬਿਹਾਰ ਹੈ। ਇਸ ਕਰਕੇ ਪੇਟ ਵਿੱਚ ਖੁਰਾਕ ਦਾ ਕੱਚਾ ਰਸ (ਆਮ) ਪ੍ਰਦੂਸ਼ਣ ਪੈਦਾ ਹੋ ਜਾਂਦਾ ਹੈ। ਸਰੀਰ ਦਾ ਸੁਭਾਓ ਹੈ ਕੋਈ ਗਲਤ ਖੁਰਾਕ ਅੰਦਰ ਚਲੀ ਜਾਵੇ ਉਸਨੂੰ ਬਾਹਰ ਨਿਕਲਦਾ ਹੈ। ਪੇਟ ਵਿੱਚ ਇਕੱਠਾ ਹੋਇਆ ਪ੍ਰਦੂਸ਼ਣ ਛਿੱਕਾ, ਬਲਗਮ, ਜਾਂ ਰੇਸ਼ੇ ਰਾਹੀਂ ਬਾਹਰ ਨਿਕਲਣਾ ਸ਼ੁਰੂ ਹੋ ਜਾਂਦਾ ਹੈ। ਉਹ ਮਾਦਾ ਬਾਹਰ ਨਿਕਲਣਾ ਚਾਹੀਦਾ ਹੈ। ਜੇਕਰ ਅੰਦਰੋਂ ਆਉਂਦੇ ਪ੍ਰਦੂਸ਼ਣ ਨੂੰ ਤੇਜ਼ ਖੁਸ਼ਕ ਦਵਾਈਆਂ ਨਾਲ ਰੋਕਿਆ ਜਾਂਦਾ ਹੈ। ਇਹ ਰੋਕਿਆ ਹੋਇਆ ਜ਼ਹਿਰੀਲਾ ਮਾਦਾ ਜਿੱਥੇ ਵੀ ਰੁਕੇਗਾ ਉਥੇ ਸੋਜਿਸ਼ ਪੈਦਾ ਹੋ ਜਾਂਦੀ ਹੈ। ਜੇਕਰ ਫੇਫੜਿਆਂ, ਸਾਹ ਨਾਲੀਆਂ ਵਿੱਚ ਰੁਕਦਾ ਹੈ ਤਾਂ ਪ੍ਰਾਣ ਵਾਯੂ (ਆਕਸੀਜਨ) ਘਟ ਜਾਣ ਕਾਰਣ ਫੇਫੜਿਆ ਦਾ ਖੂਨ ਸਾਫ ਕਰਨ ਦਾ ਕੰਮ ਘਟ ਜਾਂਦਾ ਹੈ ਇਸ ਕਰਕੇ (ਹਾਰਟ ਅਟੈਕ) ਵੀ ਹੋ ਸਕਦਾ ਹੈ। ਜੇਕਰ ਇਹ ਰੁਕਿਆ ਨਜ਼ਲਾਂ ਨੱਕ ਵਿੱਚ ਰੁਕ ਜਾਵੇ ਤਾਂ ਨੱਕਾ ਦੀ ਹੱਡੀ ਨੂੰ ਪ੍ਰਭਾਵਿਤ ਕਰਦਾ ਹੈ। ਨੱਕ ਵਿਚੋਂ ਸਾਹ ਆਉਣਾ ਮੁਸ਼ਕਿਲ ਹੁੰਦਾ ਹੈ। ਇਹੀ ਰੁਕਿਆ ਹੋਇਆ ਮਾਦਾ ਸਿਰ, ਅੱਖਾਂ, ਕੰਨਾਂ ਵਿੱਚ ਦੋਸ਼ ਪੈਦਾ ਕਰਦਾ ਹੈ। ਇਸ ਮਾਦੇ ਦੇ ਰੁਕਣ ਨਾਲ ਅਨੇਕ ਪ੍ਰਕਾਰ ਦੇ ਰੋਗ ਹੁੰਦੇ ਹਨ। ਜਿਵੇਂ ਫੋੜੇ ਨੂੰ ਪਕਾ ਕੇ ਪੀਕ ਕੱਢ ਕੇ ਸਾਫ ਕਰੀਦਾ ਹੈ ਜੇ ਦਵਾਈਆਂ ਟੀਕੀਆ ਨਾਲ ਨਿਕਲਣ ਵਾਲੀ ਪੀਕ ਮੁਵਾਦ ਨੂੰ ਵਿਚੇ ਹੀ ਸੁਕਾ ਦਿੱਤੇ ਜਾਵੇ ਤਾਂ ਉਹ ਨਸੂਰ ਜਾਂ ਕੈਂਸਰ ਵੀ ਬਣ ਸਕਦਾ ਹੈ। ਜਿਸਦੇ ਅੰਦਰ ਪ੍ਰਦੂਸ਼ਣ ਹੈ ਉਨ੍ਹਾਂ ਨੂੰ ਹੀ ਛੂਤ ਦੇ ਰੋਗ ਲੱਗਦੇ ਹਨ ਜਿਵੇਂ ਕਿ ਅੱਗ ਉਥੇ ਹੀ ਲਗਦੀ ਹੈ ਜਿੱਥੇ ਕੂੜਾ-ਕਰਕਟ ਆਦਿ ਅੱਗ ਲੱਗਣ ਦੀ ਵਸਤੂ ਪਈ ਹੋਵੇ। ਸਾਫ ਫਰਸ਼ ਤੇ ਅੱਗ ਨਹੀਂ ਲਗਦੀ। ਰੋਗਾਂ ਤੋਂ ਬਚਣ ਲਈ ਖਾਣ ਪੀਣ ਦਾ ਸੰਜਮ ਅਤਿ ਜ਼ਰੂਰੀ ਹੈ। ਭਾਰਤ ਦੇ ਰਿਸ਼ੀਆਂ-ਮੁਨੀਆਂ ਨੇ ਸਾਨੂੰ ਸੰਜਮ ਦਾ ਖਾਣਾ ਪੀਣਾ ਦੱਸਿਆ ਹੈ। ਸਿੱਧ ਪੁਰਖਾਂ ਦੇ ਮੁਖੀ ਗੁਰੂ ਗੋਰਖ ਨਾਥ ਜੀ ਜੋ ਪੰਜਾਬੀ ਭਾਸ਼ਾ ਦੇ ਜਨਮਦਾਤਾ ਰਿੱਧੀਆਂ ਸਿੱਧੀਆਂ ਦੇ ਮਾਲਕ ਸਨ ਸਿੱਧਾਂ ਦੇ ਸਾਰੇ ਜਗਤ ਵਿੱਚ ਆਸਣ ਸਨ। ਸਿੱਧ ਆਸਣ ਸਭ ਜਗਤ ਤੇ ਨਾਨਕ ਆਦਿ ਮੱਤੇ ਜੇ ਕੋਆ (ਭਾਈ ਗੁਰਦਾਸ ਜੀ) ਸਿੱਧਾਂ ਨੇ ਯੋਗ ਸਾਧਨਾਂ ਨਾਲ ਸਰੀਰ ਦੇ ਅੰਦਰਲੇ ਭੇਦਾਂ ਨੂੰ ਜਾਨਿਆ, 'ਸੁਣਿਐ ਜੋਗ ਜੁਗਤਿ ਤਨਭੇਦ' (ਜਪੁਜੀ ਸਾਹਿਬ) ਇਨ੍ਹਾਂ ਹੀ ਸਿੱਧਾਂ ਦੀ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਨਾਲ ਸੁਮੇਰ ਪਰਬਤ ਅਤੇ ਅਚਲ ਬਟਾਲੇ ਗਿਆਨ ਗੋਸ਼ਟੀ ਹੋਈ। ਸਿੱਧਾਂ ਨੇ ਕਰਾਮਾਤਾਂ ਨਾਲ ਚੰਗੀ ਤਰ੍ਹਾਂ ਪਰਖ ਲਿਆ ਜਿਹਦੇ ਦਰਸ਼ਨਾਂ ਨੂੰ ਲੰਬੇ ਸਮੇਂ ਤੋਂ ਸਮਾਧੀਆਂ ਲਾ ਰਹੇ ਸਾ, ਉਹ ਅਲਖ ਨਿਰੰਜਣ ਅਨੰਤ ਕਲਾ ਦਾ ਮਾਲਕ ਨਰਾਇਣ ਆਹ ਹੀ ਜਗਤ ਵਿੱਚ ਪ੍ਰਗਟ ਹੋਇਆ ਹੈ। ਸਿੱਧਾਂ ਨੇ ਡੰਡਵਤ ਪ੍ਰਣਾਮ ਕੀਤੀ ਪ੍ਰੇਮ ਅਤੇ ਨਿਮਰਤਾ ਭਰੇ ਮਿੱਠੇ ਬਚਨ ਬੋਲੇ..........

'ਬਾਬੇ ਕੀਤੀ ਸਿੱਧ ਗੋਸ਼ਟਿ ਸ਼ਬਦ ਸ਼ਾਂਤਿ ਸਿੱਧਾਂ ਵਿਚ ਆਈ' 'ਸਿੱਧ ਬੋਲਣ ਸ਼ੁਭ ਬਚਨ ਧਨ ਨਾਨਕ ਤੇਰੀ ਵੱਡੀ ਕਮਾਈ, ਵੱਡਾ ਪੁਰਖ ਪ੍ਰਗਟਿਆ ਕਲਜੁਗ ਅੰਦਰ ਜੋਤ ਜਗਾਈ (ਭਾਈ ਗੁਰਦਾਸ ਜੀ)। ਬਾਬਾ ਗੋਰਖ ਨਾਥ ਜੀ ਨੇ ਸਰੀਰ ਦੀ ਤੰਦਰੁਸਤੀ ਲਈ ਪੰਜਾਬੀ ਭਾਸ਼ਾ ਵਿਚ ਇਹ ਬਚਨ ਲਿਖੇ ਹਨ, 'ਖਾਇਆ ਵੀ ਮਰੈ ਅਣਖਾਇਆ ਵੀ ਮਰੈ ਗੋਰਖ ਆਖੇ ਸੰਜਮੀ ਤਰੈ।' ਭਾਵ - ਬਹੁਤ ਜ਼ਿਆਦਾ ਖਾਣਾ ਜਾਂ ਬਹੁਤ ਘੱਟ ਖਾਣਾ ਹਾਨੀਕਾਰਕ ਹੈ। ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਨੇ ਫੁਰਮਾਇਆ ਹੈ, ....ਬਾਬਾ ਹੋਰ ਖਾਣਾ ਖੁਸੀ ਖੁਆਰ। ਜਿੱਤ ਖਾਧੈ ਤਨ ਪੀੜੀਐ ਮਨ ਮਹਿ ਚਲਹਿ ਵਿਕਾਰ (ਗੁਰਬਾਣੀ) ਭਾਵ ਲੋੜ ਤੋਂ ਵੱਧ ਹੋਰ ਖਾਣਾ ਦੁਖਦਾਈ ਹੈ ਤੰਦਰੁਸਤੀ ਲਈ ਖਾਣ-ਪਾਣ, ਰਹਿਣ ਸਹਿਣ ਦਾ ਖਾਣ ਧਿਆਨ ਰੱਖਣਾ ਪਹਿਲਾਂ ਫਰਜ਼ ਹੈ। ਜੇਕਰ ਹਫਤੇ ਵਿੱਚ ਇਕ ਦਿਨ ਦਾ ਉਪਵਾਸ (ਵਰਤ) ਰੱਖਿਆ ਜਾਵੇ ਤਾਂ ਕੈਂਸਰ ਜੈਸੇ

ਰੋਗਾਂ ਤੋਂ ਵੀ ਬਚਿਆ ਰਹਿੰਦਾ ਹੈ।

## ਸਵਾਈਨ ਫਲੂ ਦੇ ਪਹਿਲੇ ਲੱਛਣ

ਜ਼ੁਕਾਮ, ਪ੍ਰਤੀਸਿਆਇ ਜੈਸੇ ਹੀ ਹੁੰਦੇ ਹਨ ਜਿਵੇਂ ਹੱਡ ਪੈਰ ਦੁਖਣੇ, ਆਲਸ ਹੋਣਾ, ਸਿਰ ਦਰਦ, ਛਿੱਕਾਂ ਆਉਣੀਆਂ, ਨੱਕ ਵਿਚੋਂ ਰੇਸ਼ਾ ਲਗਣਾ, ਗਲੇ ਦੀ ਖਰਾਬੀ, ਅੱਖਾਂ ਵਿਚੋਂ ਪਾਣੀ ਆਉਣਾ, ਖਾਂਸੀ ਹੋਣੀ, ਥੋੜ੍ਹਾ ਬੁਖਾਰ, ਸਰਦੀ ਲੱਗਣੀ, ਭੁੱਖ ਮਰ ਜਾਣੀ, ਸਾਹ ਚੜ੍ਹਨਾ, ਅੱਖਾਂ ਵਿਚੋਂ ਪਾਣੀ ਆਉਣਾ, ਖਾਂਸੀ ਹੋਣੀ, ਚੱਕਰ ਆਉਣੇ, ਸਰੀਰ ਜਕੜਨਾ, ਚਿੱਤ ਦਾ ਅਨੰਦ ਨਾ ਰਹਿਣਾ ਆਦਿ। ਐਸੇ ਲੱਛਣਾਂ ਤੋਂ ਘਬਰਾ ਕੇ ਬਹੁਤ ਤੇਜ਼ ਦਵਾਈਆਂ ਦੀ ਗਲਤੀ ਨਾਲ ਵਰਤੋਂ ਕਰਕੇ ਜ਼ਹਿਰੀਲਾ ਮਾਦਾ ਅੰਦਰ ਰੋਕ ਦਿੰਦੇ ਹਾਂ। ਇਸ ਤਰ੍ਹਾਂ ਗਲਤ ਦਵਾਈਆਂ ਦੀ ਵਰਤੋਂ ਨਾਲ ਸਾਹ ਅਤੇ ਦਿਲ ਰੁਕਣ ਨਾਲ ਮੌਤ ਹੋ ਸਕਦੀ ਹੈ ਇਸ ਕਰਕੇ ਸੇਵਾ ਭਾਵਨਾ ਵਾਲੇ ਦਯਾਵਾਨ ਡਾਕਟਰ, ਵੈਦ, ਹਕੀਮ ਦੀ ਸਲਾਹ ਨਾਲ ਦਵਾਈ ਵਰਤੋ ਅਤੇ ਅਤੀ ਲੋਭੀ, ਕਪਟੀ, ਕ੍ਰੋਧੀ, ਆਲਸੀ, ਹੰਕਾਰੀ, ਬਹੁਤੀ ਸ਼ਰਾਬ ਪੀਣ ਵਾਲਾ ਅਧਰਮੀ ਐਸੇ ਚਿਕਿਤਸਕ ਤੋਂ ਇਲਾਜ ਕਰਵਾਉਣ ਲਈ ਸ਼ਾਸਤਰ ਦੀ ਆਗਿਆ ਨਹੀਂ ਹੇ। ਉਪਰ ਦੱਸੇ ਲੱਛਣ ਹੋਣ ਤਾਂ ਜ਼ਿਆਦਾ ਆਰਾਮ ਕਰਨਾ ਚਾਹੀਦਾ ਹੈ। ਪੇਟ ਦੀ ਸਫਾਈ ਰੱਖਣੀ ਚਾਹੀਦੀ ਹੈ ਕਬਜ਼ ਨਹੀਂ ਹੋਣੀ ਚਾਹੀਦੀ। ਪਾਣੀ ਉਬਾਲ ਕੇ ਹੀ ਪੀਣਾ ਚਾਹੀਦਾ ਹੈ।

ਨੋਟ : ਜੇ ਬੁਖਾਰ ਤੇਜ਼ ਹੋਵੇ ਸ਼ਾਹ ਨਾਲ ਛਾਤੀ ਵਿਚ ਦਰਦ ਹੋਵੇ, ਖਾਂਸੀ ਨਾਲ ਖੂਨ ਆਵੇ, ਬੇਚੈਨੀ ਹੋਵੇ, ਬੁੱਲਾਂ ਤੇ ਨੀਲਕ ਹੋਵੇ ਤਾਂ ਛੇਤੀ ਅੱਛੇ ਡਾਕਟਰ, ਵੈਦ ਨਾਲ ਸੰਪਰਕ ਕਰੋ।

ਇਸਦੀ ਰੋਕਥਾਮ ਲਈ ਕੁਝ ਘਰੇਲੂ ਇਲਾਜ - ਅਦਰਕ (ਆਦਾ) 10 ਗ੍ਰਾਮ ਨਿੱਕਾ-ਨਿੱਕਾ ਕੱਟ ਲਵੋ। ਤੁਲਸੀ ਦੇ ੧੫ ਪੱਤੇ, 10 ਪਤਾਸੇ, ਪਾਣੀ 250 ਗ੍ਰਾਮ ਵਿੱਚ ਉਬਾਲੋ। ਚੌਥਾ ਹਿੱਸਾ ਰਹਿ ਜਾਵੇ ਤਾਂ ਪੁਣ ਕੇ ਨਿੱਕੀ-ਨਿੱਕੀ ਘੁੱਟ ਨਾਲ ਪੀਉ ਇਸ ਤਰ੍ਹਾਂ ਦੀ ਖੁਰਾਕ ਦਿਨ ਵਿੱਚ ਦੋ-ਤਿੰਨ ਵਾਰ ਪੀਓ।

2. ਦੁੱਧ ਜਾਂ ਚਾਹ ਪੀਣ ਵੇਲੇ ਕਾਲੀ ਮਿਰਚ ਦਾ ਪਾਊਡਰ ਇੱਕ ਚੁਟਕੀ ਪਾ ਕੇ ਪੀਉ।

3. ਦਾਲ ਚੀਨੀ ਦਾ ਪਾਊਡਰ ਅੱਧਾ ਗ੍ਰਾਮ ਦਿਨ ਵਿਚ ਦੋ-ਤਿੰਨ ਵਾਰ ਸ਼ਹਿਦ ਨਾਲ ਸੇਵਨ ਕਰੋ।

4. ਹਰੀ ਪੱਤੀ ਦੀ ਚਾਹ, ਲੌਂਗ, ਸੁੰਢ, ਕਾਲੀ ਮਿਰਚ, ਤੇਜ਼ ਪੱਤਰ, ਤੁਲਸੀ ਦੇ ਪੱਤੇ, ਇਨ੍ਹਾਂ ਸਭ ਨੂੰ ਬਰਾਬਰ ਮਾਤਰਾ ਵਿਚ ਲੈ ਕੇ ਕੁੱਟ ਕੇ ਰੱਖੋ। ਇਸ ਦੀ ਚਾਹ ਬਣਾ ਕੇ ਪੀਓ।

5. ਬਨਕਸ਼ਾ, ਮੁਲੱਠੀ, ਕਾਲੀ ਮਿਰਚ, ਗੁੱਲ ਗਾਜਵਾ, ਤੁਲਸੀ ਦੇ ਪੱਤੇ, ਉਨਾਭ, ਮੁਨੱਕਾ ਇਨ੍ਹਾਂ ਸਭ ਨੂੰ ਬਰਾਬਰ ਮਾਤਰਾ ਵਿੱਚ ਕੁੱਟ ਕੇ ਰੱਖੋ। ਇਸ ਵਿਚੋਂ ਦੋ ਤੋਲੇ ਲੈ ਕੇ ਪਾਈਆ ਪਾਣੀ ਵਿੱਚ ਉਬਾਲੋ। ਪਾਣੀ ਛਟਾਂਕ ਰਹਿਣ ਤੇ ਕੋਸਾ-ਕੋਸਾ ਪੁਣ ਕੇ ਪੀਉ ਇਹ ਕਾੜ੍ਹਾ ਸਵਾਈਨ ਫਲੂ ਲਈ ਅਤੇ ਇਸ ਤੋਂ ਬਚਣ ਲਈ ਬਹੁਤ ਲਾਭਕਾਰੀ ਹੈ।

6. ਹਲਦੀ ਦਾ ਪਾਊਡਰ ਇੱਕ ਚਮਚ ਦਿਨ ਵਿਚ ਦੋ

(ਇਥੋਂ ਕੱਟ ਕੇ ਭੇਜੋ ਜੀ)


ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ। ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "**Vishav Gurmat Roohani Mission charitable Trust**" ਦੇ ਨਾਂ ਤੇ ਭੇਜਿਆ ਜਾਵੇ ਜੀ।

**MEMBERSHIP FORM** ✓ ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

ਆਤਮ ਮਾਰਗ

Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | |

**SUBSCRIPTION ਵਿਦੇਸ਼**

| | Annual | Life |
|---|---|---|
| **U.S.A.** | **50 US$** | **500 US$** |
| **U.K.** | **30 £** | **300 £** |
| **Aus.** | **80 $** | **800 $** |
| **Europ** | **50 Euro** | **500 Euro** |

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ..........................................................

ਪਤਾ/Address ..........................................................

..........................................................

..........................................................

..................................Pin Code......................................

Phone......................... E-mail :.....................................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.......................ਮਿਤੀ........................ਰਾਹੀਂ ਭੇਜ ਰਿਹਾ ਹਾਂ।

ਦਸਖਤ...............................

**ATAM MARG MONTHLY MAGAZINE**

Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India

Phone : 0160-2255002, Fax : 0160-2255009, Email : atammarg@glide.net.in, www.ratwarasahib.org

ਵਾਰ ਦੁੱਧ ਵਿਚ ਉਬਾਲ ਕੇ ਪੀਓ।

7. ਜੰਗ ਹਰੜ ਇੱਕ ਨਗ, ਦੇਸੀ ਜਵਾਇਣ 10 ਗ੍ਰਾਮ, ਗਿਲੋ 10 ਗ੍ਰਾਮ, ਪੁਦੀਨੇ ਦੇ ਪੱਤੇ 10 ਨਗ, ਤੁਲਸੀ ਦੇ ਪੱਤੇ ੧੫ ਨਗ, ਕਾਲੀ ਮਿਰਚ 10 ਨਗ, 10 ਪਤਾਸੇ ਇਨ੍ਹਾਂ ਨੂੰ ਇੱਕ ਪਾਈਆ ਪਾਣੀ ਵਿੱਚ ਉਬਾਲੋ ਚੌਥਾ ਹਿੱਸਾ ਰਹਿਣ ਤੇ ਪੁਣ ਕੇ ਪੀਉ। ਇਹ ਇੱਕ ਖੁਰਾਕ ਹੈ ਇਸੇ ਤਰ੍ਹਾਂ ਤਿੰਨ ਦਿਨ ਕਰੋ। ਇਸ ਦੇ ਪੀਣ ਨਾਲ ਸਵਾਈਨ ਫਲੂ, ਜ਼ੁਕਾਮ, ਨਜ਼ਲਾ, ਮਲੇਰੀਆ ਆਦਿ ਤੋਂ ਬਚਾਅ ਰਹੇਗਾ। ਇਹ ਸਵੇਰੇ ਖਾਲੀ ਪੇਟ ਠੰਢਾ ਕਰ ਕੇ ਪੀਓ।

8. ਦਿਨ ਵਿਚ ਦੋ ਤਿੰਨ ਵਾਰ ਭੁੱਜੇ ਹੋਏ ਛੋਲੇ ਖਾਣੇ ਬਹੁਤ ਲਾਭਕਾਰੀ ਹਨ।

9. ਹਰ ਘਰ ਵਿੱਚ ਘਰੇਲੂ ਇਲਾਜ ਲਈ ਚਾਰ ਪੌਦੇ ਹੋਣੇ ਜ਼ਰੂਰੀ ਹਨ ਜਿਵੇਂ ਕਿ ਤੁਲਸੀ ਗਿਲੋ, ਪੁਦੀਨਾ ਅਤੇ ਗੁਲਾਬ।

10. ਪ੍ਰਦੂਸ਼ਣ ਰੋਕਣ ਲਈ - ਨਿੰਮ, ਪਿੱਪਲ, ਅਰਜਨ, ਜਾਮੁਨ, ਹਰੜ, ਬਹੇੜਾ, ਔਲਾ ਆਦਿ ਦਰਖਤ ਵੱਧ ਤੋਂ ਵੱਧ ਲਗਾਉ। ਵਾਯੂ ਮੰਡਲ ਸ਼ੁੱਧ ਕਰਨ ਅਤੇ ਬ੍ਰਹਿਮੰਡ ਵਿੱਚ ਵਧ ਰਹੀ ਕਾਰਬਨ ਡਾਈਆਕਸਾਈਡ ਨੂੰ ਖਤਮ ਕਰਨ ਲਈ ਸ਼ੁੱਧ ਆਕਸੀਜਨ ਦੀ ਪ੍ਰਾਪਤੀ ਲਈ ਅਤੇ ਸ੍ਰਿਸ਼ਟੀ ਦੀ ਤੰਦਰੁਸਤੀ ਲਈ ਹਵਨ-ਯੱਗ ਚਿਕਿਤਸਾ ਆਯੁਰਵੇਦ ਦੇ ਮਹਾਨ ਅਚਾਰੀਆ ਅਨੁਸਾਰ ਜੜ੍ਹੀ ਬੂਟੀਆਂ ਦੀ ਧੂਣੀ ਆਦਿ ਕਾਲ ਤੋਂ ਪ੍ਰਦੂਸ਼ਣ ਰੋਕਣ ਲਈ ਰੁੱਤਾਂ ਅਨੁਸਾਰ ਸਫਲ ਇਲਾਜ ਹੈ। ਇਹ ਵਿਗਿਆਨਿਕ (ਸੈਟੀਂਫਿਕ) ਹੈ। ਹਵਨ ਯੱਗ ਚਿਕਿਤਸਾ ਨਾਲ ਵਾਯੂ ਮੰਡਲ ਸ਼ੁੱਧ ਹੋ ਕੇ ਮਨੁੱਖ, ਪਸ਼ੂ, ਪੰਛੀ ਜੀਵ ਜੰਤੂ ਬਨਸਪਤੀ ਹਵਾ ਪਾਣੀ ਅੰਨ ਧਰਤੀ ਤੇ ਸਭ ਨੂੰ ਤੰਦਰੁਸਤੀ ਮਿਲਦੀ ਹੈ। ਇਹ ਚਿਕਿਤਸਾ ਆਯੁਰਵੇਦ ਦੇ ਜਨਮਦਾਤਾ ਵੈਦ ਧਨਵੰਤਰੀ ਜੀ ਨੇ ਪ੍ਰਦੂਸ਼ਣ ਦੂਰ ਕਰਨ ਲਈ ਆਰੰਭ ਕੀਤੀ।

♠ ♠ ♠ ♠ ♠

## ਗੁ. ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਸਤਿਸੰਗ ਪ੍ਰੋਗਰਾਮ ਸਬੰਧੀ

**ਐਤਵਾਰ - 03, 10, 17, 24. 31** ਜਨਵਰੀ
**(ਦਿਨ ਦੇ ਸਮੇਂ 1.00 ਵਜੇ ਤੋਂ 4.00 ਵਜੇ ਤੱਕ)**
**ਸੰਗਰਾਂਦ** 14 ਜਨਵਰੀ, ਦਿਨ ਵੀਰਵਾਰ
**(ਅੰਮ੍ਰਿਤਵੇਲੇ 3.00 ਵਜੇ ਤੋਂ 9.00 ਵਜੇ ਤੱਕ)**
**ਚੜ੍ਹਦੀ ਪੂਰਨਮਾਸ਼ੀ ਦੀ ਰਾਤ** - 29 ਜਨਵਰੀ, ਦਿਨ ਸ਼ੁੱਕਰਵਾਰ
**(ਸਮਾਂ - ਸ਼ਾਮ 6.00 ਵਜੇ ਤੋਂ ਰਾਤ 1.00 ਵਜੇ ਤੱਕ ਰੈਣ ਸਬਾਈ ਕੀਰਤਨ)**

**ਜਰੂਰੀ ਸੂਚਨਾ** - ਹਰ ਪੂਰਨਮਾਸ਼ੀ ਤੇ ਅੱਧੀ ਭੇਟਾ ਨਾਲ ਆਤਮ ਮਾਰਗ ਮੈਗਜੀਨ ਦੇ ਮੈਂਬਰ ਬਣਾਏ ਜਾਂਦੇ ਹਨ ਅਤੇ ਦਰਗਾਹੀ ਪ੍ਰਸ਼ਾਦ ਆਯੁਰਵੈਦਿਕ ਖੀਰ ਹਰ ਇਕ ਪੂਰਨਮਾਸ਼ੀ ਨੂੰ ਰਾਤ 1.00 ਵਜੇ ਰਤਵਾੜਾ ਸਾਹਿਬ ਵਿਖੇ ਵਰਤਾਈ ਜਾਂਦੀ ਹੈ।

**ਅੰਮ੍ਰਿਤ ਸੰਚਾਰ - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਰਾਤ ਨੂੰ 9.00 ਵਜੇ ਹੁੰਦਾ ਹੈ।**

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

| | | *ਪੰਜਾਬੀ* | *ਹਿੰਦੀ* |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ -ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ -੧ | 30/- | 35/- |
| 5. | ਕਿਵ ਸਚਿਆਰਾ ਹੋਈਐ -੨ | 60/- | 65/- |
| 6. | ਕਿਵ ਸਚਿਆਰਾ ਹੋਈਐ - ੩ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 1੬. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | | 50/- |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ.............। | 100/- | |
| 33. | ਅਨੰਦਮਈ ਜੀਵਨ ਜਾਚ | 50/- | |
| 34. | ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | 25/- | |
| 35. | ਅਨੁਭਵੀ ਪ੍ਰਵਚਨ | 50/- | |
| 36. | ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 37. | ਅੰਦਰਲੀ ਖੋਜ | 130/- | |
| 38. | ਸਿਮਰਤ ਕਹਾਂ ਨਹੀਂ | 135/- | |
| ੩9. | ਰੂਹਾਨੀ ਪ੍ਰਵਚਨ | 35/- | |
| 40. | 'ਸੇਵਾ ਸਿਮਰਨ ਜੁਗਤੀਆਂ' | 160/- | |
| 41. | 'ਮਾਨੁੱਖ ਤਨ ਦਾ ਪ੍ਰਯੋਜਨ' | 150/- | |
| 42. | 'ਯੋਗਾ ਉਪਰ ਲੈਕਚਰ', | 30/- | |
| 43. | 'ਕਰਮ ਬੰਧਨ ਤੋਂ ਮੁਕਤੀ' :- | 30/- | |

| | English Version | Price |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| 3. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |
| 16. | Divine Word Contemplation Path', | Rs.150/- |
| 17. | The Story of immortality | Rs. 260/- |